# ਸੋਧ

ਜਨਵਰੀ-ਫਰਵਰੀ 1980 (ਜਿਲਦ 9 ਨੰਬਰ 1-2)

**January-February 1980**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈੱਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

1,2

ਇਨਕਲਾਬ ਦੀ ਤਲਵਾਰ
ਚਾਰਾਂ ਦੀ ਸਾਣ ਉੱਤੇ
ਖੀ ਹੁੰਦੀ ਹੈ।"
—ਸ਼ਹੀਦ ਭਗਤ ਸਿੰਘ

# ਸੇਧ

**SEDH**
**JAN.-FEB., 1980**
**Vol. 9, No. 1,2**
**Price : Rs. 2.00**

## ਹਰੀਜਨਾਂ ਅਤੇ ਹੋਰ ਕਮਜ਼ੋਰ ਵਰਗਾਂ ਦੇ ਆਰਥਕ ਪੱਧਰ ਨੂੰ ਮਜ਼ਬੂਤ ਕਰਨ ਸਬੰਧੀ ਦਿੱਲੀ ਪ੍ਰਸ਼ਾਸਨ ਦੀਆਂ ਪ੍ਰਾਪਤੀਆਂ

* ਹਰੀਜਨਾਂ ਅਤੇ ਕਮਜ਼ੋਰ ਵਰਗਾਂ ਦੀ ਭਲਾਈ ਨਾਲ ਸਬੰਧਤ ਯੋਜਨਾਵਾਂ 'ਤੇ ਤੇਜ਼ੀ ਨਾਲ ਅਮਲ।
* ਹਰੀਜਨ ਕਲਿਆਣ ਲਈ ਪਿਛਲੇ ਵਰ੍ਹੇ ਪ੍ਰਸ਼ਾਸਨ ਵਲੋਂ 76 ਲੱਖ ਰੁਪਏ ਖ਼ਰਚ ਅਤੇ ਇਸ ਵਰ੍ਹੇ 105 ਲੱਖ ਰੁਪਏ ਦੀਆਂ ਯੋਜਨਾਵਾਂ 'ਤੇ ਅਮਲ।
* 37 ਹਰੀਜਨ ਪਰਵਾਰਾਂ ਨੂੰ ਬੱਸਾਂ ਖਰੀਦਣ ਲਈ ਆਰਥਕ ਸਹਾਇਤਾ।
* ਇਕ ਹਜ਼ਾਰ ਤੋਂ ਵੱਧ ਹਰੀਜਨ ਵਿਦਿਆਰਥੀਆਂ ਨੂੰ 4½ ਲੱਖ ਰੁਪਏ ਦੇ ਸਲਾਨਾ ਵਜ਼ੀਫ਼ੇ।
* 200 ਰੁਪਏ ਤੋਂ ਘੱਟ ਆਮਦਨੀ ਵਾਲੇ ਹਰੀਜਨ ਪਰਵਾਰਾਂ ਦੇ ਬੱਚਿਆਂ ਨੂੰ 45 ਰੁਪਏ ਪ੍ਰਤੀ ਬੱਚਾ ਵਜ਼ੀਫ਼ਾ।
* ਪੱਛੜੇ ਵਰਗਾਂ ਅਤੇ ਕਮਜ਼ੋਰ ਵਰਗਾਂ ਦੇ 5772 ਬੱਚਿਆਂ ਨੂੰ 16 ਲੱਖ 29 ਹਜ਼ਾਰ ਰੁਪਏ ਦੇ ਵਜ਼ੀਫ਼ੇ।
* ਹਰੀਜਨ ਲੜਕੇ ਅਤੇ ਲੜਕੀਆਂ ਲਈ ਵੱਖ ਵੱਖ ਹੋਸਟਲ।
* 500 ਰੁਪਏ ਤੋਂ ਘੱਟ ਮਹੀਨਾ ਆਮਦਨੀ ਵਾਲੇ ਪਰਵਾਰਾਂ ਦੇ ਵਿਦਿਆਰਥੀਆਂ ਲਈ ਹਸਟਲਾਂ 'ਚ ਮੁਫ਼ਤ ਰਹਾਇਸ਼ ਦਾ ਪ੍ਰਬੰਧ।
* ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਬੈਠਣ ਵਾਲੇ ਹਰੀਜਨਾਂ ਅਤੇ ਪੱਛੜੇ ਵਰਗਾਂ ਦੇ ਲੜਕੇ-ਲੜਕੀਆਂ ਨੂੰ ਮੁਫ਼ਤ ਕੋਚਿੰਗ ਦੀ ਸਹੂਲਤ।
* 1780 ਹਰੀਜਨ ਕਾਰੀਗਰਾਂ ਨੂੰ ਆਪਣਾ ਕੰਮ ਚਲਾਉਣ ਲਈ ਹਰੇਕ ਕਾਰੀਗਰ ਨੂੰ 500 ਰੁਪਏ ਦੇ ਮੁਫ਼ਤ ਸੰਦ ਆਦਿ।
* 3200 ਸਫ਼ਾਈ ਮੁਲਾਜ਼ਮਾਂ ਨੂੰ 8 ਲੱਖ ਰੁਪਏ ਦੀ ਲਾਗਤ ਦੇ ਠੇਲੇ
* ਹਰੀਜਨ ਬਸਤੀਆਂ ਦੇ ਸੁਧਾਰ ਲਈ 20 ਲੱਖ ਰੁਪਏ ਖਰਚ
* ਦਿੱਲੀ 'ਚ ਸਾਰੇ 14 ਹਜ਼ਾਰ ਹਰੀਜਨ ਪਰਵਾਰਾਂ ਨੂੰ ਮਕਾਨ ਬਣਾਨ ਲਈ ਜ਼ਮੀਨ।
* ਹਰੀਜਨਾਂ ਅਤੇ ਪਛੜੇ ਵਰਗਾਂ ਦੇ ਲੋਕਾਂ ਨੂੰ ਮਕਾਨ ਬਣਾਨ ਲਈ 1500 ਰੁਪਏ ਪ੍ਰਤੀ ਪਰਵਾਰ ਦੀ ਸਹਾਇਤਾ।
* ਹਰੀਜਨ ਕਲਿਆਣ ਦੇ ਕੰਮਾਂ 'ਚ ਰੁਚਿਤ ਗ਼ੈਰ ਸਰਕਾਰੀ ਸੰਸਥਾਵਾਂ ਨੂੰ 50% ਤੋਂ 80% ਤਕ ਦੀ ਗਰਾਂਟ।

**ਹਰੀਜਨਾਂ ਅਤੇ ਪਛੜੇ ਵਰਗਾਂ ਤੇ ਗ਼ਰੀਬਾਂ ਦੀ ਹਾਲਤ ਸੁਧਾਰਨ ਵਿਚ ਮੂਹਰੇ :**

**ਦਿੱਲੀ ਪ੍ਰਸ਼ਾਸਨ**

ਸੂਚਨਾ ਅਤੇ ਪਰਚਾਰ ਡਾਇਰੈਕਟੋਰੇਟ, ਦਿੱਲੀ ਪਸ਼ਾਸਨ, ਦਿੱਲੀ ਵਲੋਂ ਜਾਰੀ

"...before the proletariat fights out its battles on the barricades, it announces the coming of its rule in a series of intellectual victories." MARX

## ਮਾਰਕਸਵਾਦੀ ਵਿਚਾਰਾਂ ਦਾ ਸੁਤੰਤਰ ਮਾਸਕ-ਪੱਤਰ


| | |
|---|---|
| ⊙ ਇੰਦਰਾ ਪਾਰਟੀ ਦੀ ਜਿੱਤ : ਕਿਉਂ ਤੇ ਕਿਵੇਂ ? (ਸਫ਼ਾ 5) | ਅਦਾਰਾ ਸੰਧ |
| ⊙ **ਆਏ ਇਨਕਲਾਬ ਕੁਰਾਹੇ ਕਿਉਂ ?—9** ਪੈਰਿਸ ਕਮਿਊਨ ਤੋਂ ਚੀਨੀ ਇਨਕਲਾਬ ਤਕ (ਸਫ਼ਾ 11) | ਕਿਸ਼ਨ ਸਿੰਘ |
| ⊙ ਤਰਕਵਾਦੀ ਭਗਤ ਸਿੰਘ (ਸਫ਼ਾ 18) | ਪ੍ਰੋ. ਬਿਪਨ ਚੰਦਰ |
| ⊙ ਮਾਰਕਸਵਾਦ, ਗਾਂਧੀ ਅਤੇ ਕੌਮੀ ਆਜ਼ਾਦੀ ਦੀ ਲਹਿਰ—4 (ਸਫ਼ਾ 25) | ਭਗਵਾਨ ਸਿੰਘ ਜੋਸ਼ |
| ⊙ ਵਿਦਿਅਕ ਤੇ ਸਿਆਸੀ ਖੇਤਰਾਂ ਵਿਚ ਵਿਦੇਸ਼ੀ ਦਖ਼ਲ (ਸਫ਼ਾ 37) | ਸੁੱਚਾ ਸਿੰਘ ਗਿੱਲ |
| ⊙ **ਪ੍ਰੀਤ-ਫਲਸਫ਼ੇ ਦੀ ਸ੍ਵ-ਪ੍ਰੀਖਿਆ-10** ਸਹਿਜ ਪ੍ਰੀਤ ਦੇ ਰੰਗ (ਸਫ਼ਾ 44) | ਹਿੰਮਤ ਸਿੰਘ ਸੋਢੀ |
| ⊙ **ਲੇਖਕ / ਪਾਠਕ ਕਹਿੰਦੇ ਹਨ** ਜੱਟ-ਸ਼ਾਵਨਿਜ਼ਮ ਬਾਰੇ (ਸਫ਼ਾ 54) | ਕਿਸ਼ਨ ਸਿੰਘ |
| ਅਤੇ ਭਗਵੰਤ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ, ਲਾਭ ਸਿੰਘ ਖੀਵਾ, ਗੁਰਬਖ਼ਸ਼ ਜੱਸ, ਸੁਰਿੰਦਰ ਸਿੰਘ ਕੰਗ ਅਤੇ ਲਖਬੀਰ ਸਿੰਘ ਦੇ ਵਿਚਾਰ | |



Edited, Printed & Published by Gurvel Singh Pannu, A/42, Defence Colony, New Delhi-110024. Ph. No 626300
Printed at 'BHULLAR PRINTERS' 44, Street 2, Shankar Nagar Ext., Delhi-51.

# ਖ਼ੁਸ਼ਹਾਲੀ ਲਈ ਬੱਚਤ

ਭਾਰਤੀ ਗਣਤੰਤਰ ਦੀ 30ਵੀਂ ਵਰ੍ਹੇਗੰਢ ਦੇ ਮੌਕੇ ਤੇ ਅਸੀਂ ਆਪਣੇ ਦੇਸ਼ ਦੇ ਸਾਰੇ ਲੋਕਾਂ ਲਈ ਇਕ ਬੇਹਤਰ ਭਵਿੱਖ ਦੀ ਮੰਜ਼ਿਲ ਵੱਲ ਪੂਰੇ ਉਤਸ਼ਾਹ ਨਾਲ ਅਗੇ ਕਦਮ ਵਧਾਉਣ ਦਾ ਫਿਰ ਤੋਂ ਪ੍ਰਣ ਕਰਦੇ ਹਾਂ।

ਆਉ ! ਇਸ ਉਦੇਸ਼ ਦੀ ਪੂਰਤੀ ਲਈ ਮਿਲਕੇ ਕੰਮ ਕਰੀਏ । ਆਪਣੀ ਬੱਚਤ ਰਾਸ਼ਟਰੀ ਬੱਚਤ ਦੀਆਂ ਸਕੀਮਾਂ ਵਿੱਚ ਲਗਾਈਏ । ਇਹ ਤੁਹਾਨੂੰ ਨਾ ਕੇਵਲ ਆਪਣੀ ਬੱਚਤ ਦੀ ਰਕਮ ਨੂੰ ਵਧਾਉਣ ਸਗੋਂ ਦੇਸ਼ ਦੀ ਸੇਵਾ ਦਾ ਮੌਕਾ ਵੀ ਦਿੰਦੀਆਂ ਹਨ । ਦੇਸ਼ ਭਰ ਵਿੱਚ ਇਸ ਸਮੇਂ ਸਾਰੇ ਵਰਗਾਂ ਦੇ 5 ਕਰੋੜ ਤੋਂ ਵੱਧ ਲੋਕ ਬੱਚਤ ਦੀਆਂ ਇਨ੍ਹਾਂ ਸਕੀਮਾਂ ਵਿੱਚ ਰੁਪਇਆ ਲਗਾ ਰਹੇ ਹਨ ।

ਰਾਸ਼ਟਰੀ ਬੱਚਤ ਦੀਆਂ ਸਕੀਮਾਂ ਤੁਹਾਡੇ ਲਈ ਸੰਪਤੀ ਬਣਾਉਣ ਤੇ ਬਕਾਇਦਾ ਆਮਦਨੀ ਪ੍ਰਾਪਤ ਕਰਨ ਦਾ ਸਾਧਨ ਬਣ ਸਕਦੀਆਂ ਹਨ ਤੇ ਇਨ੍ਹਾਂ ਵਿੱਚ ਤੁਹਾਨੂੰ ਟੈਕਸ ਦੀ ਰਿਆਇਤ ਵੀ ਮਿਲਦੀ ਹੈ ।



**ਰਾਸ਼ਟਰੀ ਬੱਚਤ ਦੀਆਂ ਸਕੀਮਾਂ ਦੁਆਰਾ ਤੁਹਾਨੂੰ ਹੇਠ ਲਿਖੇ ਫ਼ਾਇਦੇ ਮਿਲਦੇ ਹਨ**

- ਸਭ ਤੋਂ ਵੱਧ ਵਿਆਜ-ਦਰ।
- ਸੁਰੱਖਿਆ। ਤੁਹਾਡਾ ਪੈਸਾ ਸਰਕਾਰ ਕੋਲ ਸੁਰੱਖਿਅਤ ਰਹਿੰਦਾ ਹੈ।
- ਹੋਰ ਆਕਰਸ਼ਣ :- ਇਨਾਮੀ ਡ੍ਰਾਅ ਦੁਆਰਾ ਮਿਲਣ ਵਾਲੇ ਇਨਾਮ, ਛੋਟੀਆਂ ਬੱਚਤਾਂ ਕਰਨ ਵਾਲਿਆਂ ਲਈ ਮੁਫ਼ਤ ਜੀਵਨ-ਬੀਮਾ ਦੀ ਸੁਵਿਧਾ ਤੇ ਵੱਡੀਆਂ ਬੱਚਤਾਂ ਕਰਨ ਵਾਲਿਆਂ ਲਈ ਟੈਕਸ ਦੀਆਂ ਰਿਆਇਤਾਂ।
- ਜਗ੍ਹਾ-ਜਗ੍ਹਾ ਨਿਯੁੱਕਤ ਮਹਿਲਾ ਪ੍ਰਧਾਨ ਤੇ ਏਜੰਟਾਂ ਦੁਆਰਾ ਬੱਚਤ ਲਈ ਤੁਹਾਡੇ ਘਰ ਤੇ ਹੀ ਸਹੂਲਤਾਂ ਮੁਹਈਆ ਕਰਨ ਦਾ ਪ੍ਰਬੰਧ।
- ਪੈਸਾ ਲੈਣ ਲਈ ਕਿਸੇ ਨੂੰ ਨਾਮਜ਼ਦ ਕਰਨ ਦੀ ਸਹੂਲਤ।
- ਸੇਵਿੰਗਜ਼ ਸਰਟੀਫ਼ੀਕੇਟ, ਟਾਈਮ ਡਿਪਾਜ਼ਿਟ ਖਾਤੇ ਜ਼ਾਮਨੀ ਦੇ ਤੌਰ ਤੇ ਜਾਂ ਬੈਂਕਾਂ ਤੋਂ ਕਰਜ਼ਾ ਲੈਣ ਦੇ ਸਿਲਸਿਲੇ ਵਿੱਚ ਗਿਰਵੀ ਰਖੇ ਜਾ ਸਕਦੇ ਹਨ।

**ਰਾਸ਼ਟਰੀ ਬੱਚਤ ਸੰਸਥਾ**
ਪੋਸਟ ਬਾਕਸ 96,
ਨਾਗਪੁਰ-440001.

davp 79/419








**ਤਾਂ ਆਓ ਬੈਂਕ ਤੋਂ ਉਸਾਰੀ ਵਾਸਤੇ ਮਦਦ ਲਵੋ ।**

ਕਿਸੇ ਕੰਮ ਨੂੰ ਸ਼ੁਰੂ ਕਰਨਾ ਤਾਂ ਸੌਖਾ ਹੈ ਪਰ ਇਸ ਨੂੰ ਉਸਾਰੂ ਪਾਸੇ ਲੈ ਜਾਣਾ ਔਖਾ ਹੈ । ਭਾਵੇਂ ਤੁਸੀ ਬੀਜ ਉਗਾ ਰਹੇ ਹੋ, ਖਰਾਦ ਚਲਾ ਰਹੇ ਹੋ ਜਾਂ, ਕੋਈ, ਹੋਰ ਧੰਧਾ ਚਲਾ ਰਹੇ ਹੋ, ਪੰਜਾਬ ਸਿੰਧ ਬੈਂਕ ਨੂੰ ਇਕ ਉਸਰੱਈਆ ਬਣਕੇ ਸਹਾਇਤਾ ਕਰਨ ਦਾ ਮੌਕਾ ਦਿਓ ।

**ਪੀ ਐਸ ਬੀ** ਸੰਪੂਰਨ ਬੈਂਕ–ਸੇਵਾ ਦਾ ਪ੍ਰਤੀਕ

**ਦੀ ਪੰਜਾਬ ਐਂਡ ਸਿੰਧ ਬੈਂਕ ਲਿਮਿਟੇਡ**

(ਰਜਿਸਟ੍ਰਡ ਆਫਿਸ : ਹਾਲ ਬਜ਼ਾਰ ਅੰਮ੍ਰਿਤਸਰ) ਕੇਂਦਰੀ ਅਤੇ ਪ੍ਰਬੰਧਿਕ ਦਫਤਰ ਬੀ 45/47 ਕਨਾਟ ਪਲੇਸ, ਨਵੀਂ ਦਿੱਲੀ

ਚੇਅਰਮੈਨ:ਇੰਦਰਜੀਤ ਸਿੰਘ

ASP/PSB/11-202 PM

## ਇੰਦਰਾ ਪਾਰਟੀ ਦੀ ਜਿੱਤ : ਕਿਉਂ ਤੇ ਕਿਵੇਂ ?

1977 ਅਤੇ 1980 ਦੀਆਂ ਚੋਣਾਂ ਦੀ ਇਕ ਖ਼ਾਸ ਗੱਲ ਇਹ ਹੈ ਕਿ ਇਨ੍ਹਾਂ ਦੋਹਾਂ ਚੋਣਾਂ ਦੇ ਨਤੀਜਿਆਂ ਬਾਰੇ ਵੱਖ ਵੱਖ ਸਿਆਸੀ ਪਾਰਟੀਆਂ ਤੇ ਗਰੁੱਪਾਂ ਵਲੋਂ ਲਾਏ ਗਏ ਅੰਦਾਜ਼ੇ ਗਲਤ ਨਿਕਲੇ ਹਨ । ਜੋ ਇੰਦਰਾ ਪਾਰਟੀ ਦੇ ਮੂੰਹ ਨਾਲ 1977 ਵਿਚ ਹੋਈ, ਨਾ ਤਾਂ ਉਸ ਦਾ ਹੀ ਤੇ ਜੋ 1980 ਵਿਚ ਉਸ ਪਾਰਟੀ ਨੂੰ ਕਾਮਯਾਬੀ ਹਾਸਿਲ ਹੋਈ, ਨਾ ਉਸ ਦਾ ਹੀ ਕਿਸੇ ਨੇ ਚੋਣਾਂ ਤੋਂ ਪਹਿਲਾਂ ਸੁਪਨਾ ਲਿਆ ਸੀ । ਜਿਵੇਂ 1977 ਵਿਚ ਚੋਣਾਂ ਤੋਂ ਬਾਅਦ ਜਨਤਾ ਪਾਰਟੀ ਦੀ ਹੈਰਾਨਕੁਨ ਸਫ਼ਲਤਾ ਦੀ ਵਿਆਖਿਆ ਲਈ ਕਈ ਸਿਧਾਂਤ ਵਰਤੇ ਗਏ ਸਨ, ਉਂਜ ਹੀ ਅੱਜ ਇੰਦਰਾ ਗਾਂਧੀ ਦੀ ਚੜ੍ਹਤ ਤੇ ਜਨਤਾ ਦੇ ਮੂੰਹ ਨਾਲ ਜੋ ਕੁੱਤੇ ਖਾਣੀ ਹੋਈ ਹੈ, ਉਸ ਦੀ ਵਿਆਖਿਆ ਲਈ ਵੱਖ ਵੱਖ ਸਿਧਾਂਤਾਂ ਦੀ ਵਰਤੋਂ ਕੀਤੀ ਜਾ ਰਹੀ ਹੈ ।

ਇਨ੍ਹਾਂ ਸਾਰੀਆਂ ਦਲੀਲਾਂ ਦਾ ਸਾਰਅੰਸ਼ ਇਹ ਹੈ :—(1) ਜਨਤਾ ਪਾਰਟੀ ਨੇ ਆਉਂਦਿਆਂ ਸਾਰ ਹੀ ਆਪਣਾ ਸਾਰਾ ਜ਼ੋਰ ਕਮਿਸ਼ਨ ਕਾਇਮ ਕਰ ਕੇ ਸੰਜੇ ਅਤੇ ਇੰਦਰਾ ਨੂੰ ਭੰਡਣ ਉਪਰ ਲਾ ਦਿੱਤਾ; (2) ਜਨਤਾ ਪਾਰਟੀ ਡੂੰਘੇ ਹੁੰਦੇ ਆਰਥਕ ਸੰਕਟ ਨੂੰ ਰੋਕਣ ਤੇ ਕੀਮਤਾਂ ਦੇ ਚੜ੍ਹਾਅ ਨੂੰ ਠੱਲ੍ਹ ਪਾਉਣ ਤੋਂ ਅਸਮਰਥ ਰਹੀ; (3) ਨੀਵੇਂ ਤਬਕੇ ਦੇ ਲੋਕਾਂ ਉਪਰ ਦੁੱਖਾਂ ਦਾ ਭਾਰ ਹੌਲਾ ਕਰਨ ਦੀ ਬਜਾਏ ਉਨ੍ਹਾਂ ਉਪਰ ਜ਼ੁਲਮ ਵੱਧ ਗਏ; (4) ਹਰੀਜਨਾਂ ਉਪਰ ਅੱਤਿਆਚਾਰ ਹੋਏ, ਫਿਰਕਾਪ੍ਰਸਤੀ ਦਾ ਦੌਰ ਚਲਿਆ ਤੇ ਦੰਗੇ ਫ਼ਸਾਦਾਂ ਨਾਲ ਦੇਸ਼ ਦੀ ਫ਼ਿਜ਼ਾ ਖਰਾਬ ਹੋਈ; (5) ਸਭ ਤੋਂ ਵੱਡੀ ਗੱਲ, ਆਉਂਦਿਆਂ ਸਾਰ ਜਨਤਾ ਪਾਰਟੀ ਵਿਚਲੇ ਵੱਖ ਵੱਖ ਗਰੁਪਾਂ ਵਿਚ 'ਠੰਢੀ ਜੰਗ' ਸ਼ੁਰੂ ਹੋ ਗਈ ਤੇ ਆਪਣੇ ਸੌੜੇ ਹਿੱਤਾਂ ਨੂੰ ਪਹਿਲ ਦੇਣ ਕਾਰਨ ਇਹ ਜੰਗ ਪਾਰਟੀ ਦੇ ਖਿੰਡਣ ਦਾ ਕਾਰਨ ਬਣੀ; (6) ਜਿਸ ਪਾਰਟੀ ਨੂੰ ਲੋਕਾਂ ਨੇ ਐਨਾ ਭਾਰਾ ਬਹੁਮੱਤ ਦਿੱਤਾ ਸੀ, ਉਸ ਨੇ ਲੋਕਾਂ ਨਾਲ ਕੀਤਾ ਕੋਈ ਵਾਅਦਾ ਵੀ ਪੂਰਾ ਨਾ ਕੀਤਾ, ਇਤਿਆਦਿ ।

ਜੇਕਰ ਇੰਦਰਾ ਨੂੰ 200 ਅਤੇ 250 ਵਿਚਕਾਰ ਸੀਟਾਂ ਮਿਲੀਆਂ ਹੁੰਦੀਆਂ ਤਾਂ ਵੀ ਵਿਆਖਿਆ ਇਹ ਹੀ ਹੋਣੀ ਸੀ । ਜੇਕਰ ਦੋ-ਤਿਹਾਈ ਬਹੁਮੱਤ ਮਿਲਣ ਦੀ ਬਜਾਏ ਸਾਧਾਰਨ ਬਹੁਮੱਤ ਮਿਲਿਆ ਹੁੰਦਾ ਤਾਂ ਵੀ ਵਿਆਖਿਆ ਦੀਆਂ ਮੱਦਾਂ (**factors of explanation**) ਉਹੀ ਰਹਿਣੇ ਸਨ । ਸਵਾਲ ਇਹ ਹੈ ਕਿ ਉਪਰ ਦਸੇ ਇਨ੍ਹਾਂ ਸਾਰੇ ਫੈਕਟਰਜ਼ ਦੇ ਕੰਮ ਕਰਨ ਦਾ ਸਮੁਚਾ ਚੌਖਟਾ ਕੀ ਹੈ ਜਿਸ ਕਾਰਨ ਇਨ੍ਹਾਂ ਦੀ ਏਕਤਾ ਪੈਦਾ ਹੁੰਦੀ ਹੈ ਤੇ ਉਸ ਏਕਤਾ ਤੋਂ ਪੈਦਾ ਹੋਈ ਲੋਕ ਰੌਂ ਦੀ ਸ਼ਕਤੀ ਇਨ੍ਹਾਂ ਫੈਕਟਰਜ਼ ਦੀ ਸਾਧਾਰਨ ਸਕੂਲੀ ਜਮ੍ਹਾਂ ਤੋਂ ਪੈਦਾ ਹੋਈ ਸ਼ਕਤੀ ਤੋਂ ਕਿਤੇ ਵਡੇਰੀ ਬਣ ਜਾਂਦੀ ਹੈ ? ਸਵਾਲ ਇਹ ਨਹੀਂ ਕਿ ਇਨ੍ਹਾਂ ਫੈਕਟਰਜ਼ ਉਪਰ ਆਧਾਰਤ ਸਾਰੀਆਂ ਵਿਆਖਿਆਵਾਂ

ਵਿਚ ਉੱਕਾ ਹੀ ਕੋਈ ਸੱਚਾਈ ਨਹੀਂ। ਸੱਚਾਈ ਜ਼ਰੂਰ ਹੈ: ਪਰ ਇਹ ਸਿਧਾਂਤ ਉਸ **ਤੂਫ਼ਾਨੀ ਲੋਕ ਰੌਂ ਦੇ ਵੇਗ** ਨੂੰ ਸਪਸ਼ਟ ਨਹੀਂ ਕਰਦੇ ਜਿਸ ਦੇ ਵਾ ਵਰੋਲੇ ਵਰਗੇ 'ਚਕਰਾਂ' ਨਾਲ ਸਮੁੱਚੇ ਦੇਸ਼ ਦੇ ਅੰਦਰ ਇਕ ਮੂਡ,ਇਕ ਸੈਂਟੀਮੈਂਟ ਪੈਦਾ ਹੁੰਦਾ ਹੈ,ਜਿਸ ਨਾਲ ਪੰਜਾਬ ਤੋਂ ਤਾਮਿਲਨਾਡੂ ਤੱਕ ਅਤੇ ਗੁਜਰਾਤ ਤੋਂ ਉੜੀਸਾ ਤੱਕ ਇਕੋ ਢੰਗ ਦੀ ਸੋਚਣੀ ਪਰਵਾਨ ਚੜ੍ਹਦੀ ਹੈ,ਭਾਵੇਂ ਉਹ ਕਿਤਨੀ ਵੀ ਥੋੜ੍ਹੀ-ਚਿਰੀ ਤੇ ਪੇਤਲੀ ਹੀ ਕਿਉਂ ਨਾ ਹੋਵੇ। **ਲੋਕ ਰੌਂ ਦਾ ਵਗ** ਹੀ ਤੱਖਤ 'ਤੇ ਬੈਠੀਆਂ ਪਾਰਟੀਆਂ ਨੂੰ ਤਖਤੇ 'ਤੇ ਬੈਠਣ ਲਈ ਮਜਬੂਰ ਕਰਦਾ ਹੈ। ਇਸ ਤੋਂ ਪਹਿਲਾਂ ਕਿ ਅਸੀਂ ਇਸ ਮਸਲੇ ਬਾਰੇ ਆਪਣੀ ਸਮਝ ਪਾਠਕਾਂ ਸਾਹਵੇਂ ਰੱਖੀਏ ਅਸੀਂ ਇਥੇ ਇਸੇ ਸਮੱਸਿਆ ਦੇ ਇਕ ਹੋਰ ਪੱਖ 'ਤੇ ਵਿਚਾਰ ਕਰਨੀ ਜ਼ਰੂਰੀ ਸਮਝਦੇ ਹਾਂ।

**ਵੋਟਰ ਭੰਬਲ ਭੂਸੇ** 'ਚ? ਚੋਣਾਂ ਤੋਂ ਪਹਿਲਾਂ ਵੋਟਰ ਕਿਵੇਂ ਮਹਿਸੂਸ ਕਰ ਰਿਹਾ ਸੀ— ਇਸ ਬਾਰੇ ਸਾਨੂੰ ਇਕ ਸਿਆਸੀ ਹਲਕੇ ਵਲੋਂ ਇਹ ਦੱਸਿਆ ਗਿਆ: "ਉਸ (ਵੋਟਰ) ਨੇ ਵਾਰੋ ਵਾਰੀ, ਵੱਧ ਜਾਂ ਘੱਟ ਹੱਦ ਤਕ, ਸਾਰੀਆਂ ਪਾਰਟੀਆਂ ਨੂੰ ਅਜ਼ਮਾ ਕੇ ਵੇਖ ਲਿਆ ਹੈ, ਉਨ੍ਹਾਂ ਨੂੰ ਪਰਖ ਲਿਆ ਹੈ। ਉਸ ਦੀ ਪਰਖ 'ਤੇ ਸਭ ਖੋਟੇ ਨਿਕਲੇ ਹਨ। ਉਸ ਨੇ ਦੇਖ ਲਿਆ ਹੈ ਕਿ ਵੋਟ-ਮੰਗਤਿਆਂ ਦੀਆਂ ਸਾਰੀਆਂ ਹੀ ਪਾਰਟੀਆਂ ਦੇ ਭਰਮਾਊ ਪਰੋਗਰਾਮ, ਦਿਲ-ਖਿੱਚਵੇਂ ਨਾਹਰੇ ਤੇ ਹਰ ਤਰ੍ਹਾਂ ਦੀਆਂ ਯਕੀਨ-ਦਹਾਨੀਆਂ ਮਹਿਜ਼ ਲਾਰੇ ਹਨ, ਉਸ ਨੂੰ ਬੁੱਧੂ ਬਣਾਉਣ ਦਾ ਮਸਾਲਾ ਹੈ। ਕੀ ਕਾਂਗਰਸ, ਕੀ ਜਨਤਾ, ਕੀ ਸੱਜੇ-ਖੱਬੇ ਕਮਿਊਨਿਸਟ ਸਭ ਦੇ ਸਭ ਆਪਣੀ ਚੌਧਰ ਦੇ ਸਖੀ ਹਨ। ਲੋਕਾਂ 'ਤੇ ਭੀੜ ਪਿਆਂ ਕੋਈ ਆ ਕੇ ਉਨ੍ਹਾਂ ਦੀ ਵਾਤ ਨਹੀਂ ਪੁੱਛਦਾ ਪਰ ਆਪਣੀ ਗਰਜ਼ ਵੇਲੇ ਦੇਹਲੀਆਂ ਨੀਵੀਆਂ ਕਰ ਦਿੰਦੇ ਹਨ। ਵੋਟ-ਪਾਰਟੀਆਂ ਦੇ ਕਿਸੇ ਵੀ ਸਿਆਸੀ ਆਗੂ ਦਾ ਕੋਈ ਦੀਨ-ਅਮਾਨ ਨਹੀਂ, ਕਿਸੇ ਦਾ ਕੋਈ ਯਕੀਨ ਨਹੀਂ। ਅਜੀਬ ਦੁਬਿੱਧਾ ਹੈ! ਵੋਟਰ ਵਿਚਾਰਾ ਕਿਧਰ ਜਾਵੇ? ਕੀ ਕਰੇ?? ਵੋਟ ਪਾਵੇ ਤਾਂ ਕੀਹਨੂੰ ਪਾਵੇ? ਜੇ ਨਾ ਪਾਵੇ ਤਾਂ ਫਿਰ ਕੀ ਕਰੇ? ਉਸ ਨੂੰ ਆਪਣੀਆਂ ਸਮੱਸਿਆਵਾਂ ਦਾ ਹੱਲ ਕਰਨ ਵਾਲਾ ਕੋਈ ਨਹੀਂ ਦੀਹਦਾ, ਮੁਲਕ ਦੀ ਕਹਾਣੀ ਸੂਤ ਆਉਂਦੀ ਨਹੀਂ ਜਾਪਦੀ। **ਇਕ ਸਾਧਾਰਨ ਵੋਟਰ ਭੰਬਲ ਭੂਸੇ ਵਿਚ ਫਸਿਆ ਮਹਿਸੂਸ ਕਰਦਾ ਹੈ।**"

ਚੋਣਾਂ ਤੋਂ ਬਾਅਦ ਅੱਜ ਕੀ ਅਸੀਂ ਇਹ ਕਹਿ ਸਕਦੇ ਹਾਂ ਕਿ 'ਵੋਟਰ ਵਿਚਾਰੇ' ਨੂੰ ਪਤਾ ਨਹੀਂ ਸੀ ਕਿ ਵੋਟ ਕੀਹਨੂੰ ਪਾਵੇ, ਕਿ ਉਹ ਭੰਬਲ ਭੂਸੇ ਵਿਚ ਫਸਿਆ ਹੋਇਆ ਸੀ। ਇਕੱਲੇ ਪੰਜਾਬ ਦੇ ਹੀ ਨਹੀਂ ਸਗੋਂ ਸਮੁੱਚੇ ਕੌਮੀ ਪੱਧਰ ਉਪਰ ਜੋ **ਇਕ ਗੱਲ** ਚੰਗੀ ਤਰ੍ਹਾਂ ਸਪੱਸ਼ਟ ਹੁੰਦੀ ਹੈ ਉਹ ਇਹ ਕਿ 'ਵੋਟਰ ਵਿਚਾਰਾ' ਕਿਸੇ ਵੀ ਕਿਸਮ ਦੀਆਂ ਮਾਨਸਕ ਦੁਬਿਧਾਵਾਂ ਦਾ ਸ਼ਿਕਾਰ ਤਾਂ ਭਾਵੇਂ ਹੋਵੇ, ਪਰ ਘਟੋ ਘਟ ਉਹ ਭੰਬਲ ਭੂਸੇ ਵਿਚ ਫਸਿਆ ਹੋਇਆ ਨਹੀਂ ਸੀ ਤੇ ਉਸ ਨੂੰ ਇਹ ਗੱਲ ਬਿਲਕੁਲ ਸਪੱਸ਼ਟ ਸੀ ਕਿ ਵੋਟ ਕਿਸ ਨੂੰ ਪਾਉਣਾ ਹੈ ਤੇ ਕਿਸ ਨੂੰ ਨਹੀਂ ਪਾਉਣਾ।

ਇਸ ਦਲੀਲ ਦੇ ਧਾਰਨੀ ਛੇਤੀ ਭਿਆਂ ਕਰ ਕੇ ਵਿਚਾਰਧਾਰਕ ਗ਼ਲਤੀਆਂ ਮੰਨਣ ਵਾਲੇ ਨਹੀਂ ਹਨ। ਹੁਣ ਉਹ ਚੋਣਾਂ ਤੋਂ ਬਾਅਦ ਆਪਣੀ ਪਹਿਲੀ ਦਲੀਲ ਦਾ ਉਲਟਾ ਪਾਸਾ ਵਰਤਣਾ ਸ਼ੁਰੂ ਕਰ ਦੇਣਗੇ। ਇਹ ਦਲੀਲ ਇਸ ਪ੍ਰਕਾਰ ਹੋਵੇਗੀ: 'ਵੋਟਰ ਵਿਚਾਰਾ' ਇੰਜ ਵੋਟ ਪਾ ਕੇ 'ਭੁਲੇਖੇ ਦਾ ਸ਼ਿਕਾਰ' ਹੋਇਆ ਹੈ, ਉਸ ਨੂੰ 'ਬੁੱਧੂ ਬਣਾਇਆ' ਗਿਆ ਹੈ। 'ਭੀਖ ਮੰਗਣ ਚੜ੍ਹੀਆਂ ਮੌਕਾਪ੍ਰਸਤ ਪਾਰਟੀਆਂ' ਨੇ, ਖ਼ਾਸ ਕਰ ਇੰਦਰਾ ਪਾਰਟੀ ਨੇ, ਆਪਣੇ ਲੋਕ-ਦੋਖੀ ਪ੍ਰੋਗਰਾਮ ਉਪਰ 'ਲੋਕ-ਪੱਖੀ



ਦਿੱਖ ਦੀ ਸੁਨਹਿਰੀ ਝਾਲ' ਦਾ ਮੁਲੰਮਾ ਚੜ੍ਹਾ ਕੇ ਆਲੇ ਭੋਲੇ ਵੋਟਰ ਨੂੰ ਉਲੂ ਬਣਾਇਆ ਹੈ, ਲੁਟੇਰੀਆਂ ਜਮਾਤਾਂ ਨੇ 'ਖੱਬੀਆਂ ਮੌਕਾ-ਪ੍ਰਸਤ ਪਾਰਟੀਆਂ ਦੀ ਭਿਆਲੀ ਨਾਲ' ਇਕ ਵੇਰ ਫੇਰ 'ਲੋਕਾਂ ਨੂੰ ਸਹੀ ਰਾਹ ਤੋਂ ਭੁਚਲਾਉਣ ਤੇ ਚੋਧੀਂ ਲਾਉਣ ਵਾਸਤੇ ਪਾਖੰਡ ਅਤੇ ਚਤੁਰਾਈਆਂ' ਕਰਨ ਵਿਚ ਕਾਮਯਾਬੀ ਹਾਸਿਲ ਕੀਤੀ ਹੈ। ਬਦਕਿਸਮਤੀ ਨਾਲ ਇਕ ਵੇਰ ਫੇਰ ਭਾਰਤ ਦਾ ਕਮਾਊ-ਪੁੱਤ ਵੋਟਰ ਉਸ 'ਭਰਮ 'ਚੋਂ ਨਿਕਲਣ' ਤੋਂ ਅਸਮਰਥ ਰਿਹਾ ਹੈ ਜਿਥੇ ਦੋ ਦਿਉ-ਕੱਦ ਤਾਕਤਾਂ ਦੀ ਜਰਵਾਣਾਸ਼ਾਹੀ ਨੇ ਉਸ ਨੂੰ ਸੁੱਟ ਰੱਖਿਆ ਹੈ, ਇਤਿ ਆਦਿ।

ਅਜਿਹੀ ਦਲੀਲ ਦੇਣ ਵਾਲਿਆਂ ਦੇ ਦਿਮਾਗਾਂ ਪਿਛੇ ਅਚੇਤ ਜਾਂ ਸੁਚੇਤ ਤੌਰ 'ਤੇ ਕੰਮ ਕਰ ਰਹੀ ਧਾਰਨਾ ਨੂੰ ਸਮਝਣਾ ਬੜਾ ਜ਼ਰੂਰੀ ਹੈ। ਇਹ ਧਾਰਨਾ ਇਸ ਪ੍ਰਕਾਰ ਹੈ: ਆਮ ਕਾਰੋਬਾਰ ਕਰਦੇ ਅਤੇ ਨਿੱਤ-ਦਿਹਾੜੀ ਦੀ ਜ਼ਿੰਦਗੀ ਜੀਊਂਦੇ ਮਜ਼ਦੂਰ-ਕਿਸਾਨ ਬਿਲਕੁਲ ਭੋਲੇ ਭਾਲੇ ਲੋਲੀ ਪਾਪ 'ਤੇ ਵਰਚਾਏ ਜਾਣ ਵਾਲੇ ਬੱਚੇ (**child people**) ਹਨ। ਉਹ ਇਤਨੇ ਲੱਲੂ ਹਨ ਕਿ ਅੱਖਾਂ ਮੀਚ ਕੇ ਅੰਨ੍ਹੇਵਾਹ ਆਪਣੇ ਦੁਸ਼ਮਣਾਂ ਪਿੱਛੇ ਲੱਗੇ ਫਿਰਦੇ ਹਨ ਤੇ ਲੋਕਾਂ ਦੇ ਸੱਚੇ ਆਗੂਆਂ (ਜੋ ਕੇਵਲ ਇਸ ਦਲੀਲ ਦੇ ਮਾਲਕ ਹੀ ਹੋ ਸਕਦੇ ਹਨ) ਨੂੰ ਵੇਖ ਨਹੀਂ ਸਕਦੇ। ਪਰ ਕੀ ਵਾਕਿਆ ਹੀ ਲੋਕ ਅਜਿਹੇ ਹਨ ਤੇ ਕੀ ਵਾਕਿਆ ਹੀ ਉਹ ਇੰਜ ਵਰਤਾਉ ਕਰਦੇ ਹਨ? ਕੀ ਇਸ ਦਲੀਲ ਦੇ ਮਾਲਕਾਂ ਦੇ ਦਿਮਾਗਾਂ ਵਿਚ ਲੋਕਾਂ ਦੇ ਅਜਿਹੇ ਹੋਣ ਦੀ ਸੋਚ ਖ਼ੁਦ ਇਕ ਭਰਮ ਤਾਂ ਨਹੀਂ? ਫਰਜ਼ ਕਰੋ ਅਸੀਂ ਉਨ੍ਹਾਂ ਦੀ ਇਹ ਦਲੀਲ ਪਲ ਦੀ ਪਲ ਮੰਨ ਵੀ ਲੈਂਦੇ ਹਾਂ ਕਿ 'ਲੋਕ ਭਰਮਾਂ, ਭੁਲੇਖਿਆਂ ਦੇ ਸ਼ਿਕਾਰ ਹੋਣ ਵਾਲੇ ਲੱਲੂ ਹਨ' ਤਾਂ ਇਸ ਧਾਰਨਾ ਨੂੰ ਸਵੀਕਾਰ ਕਰਨ ਤੋਂ ਅਸੀਂ ਜਿਸ ਖ਼ਤਰਨਾਕ ਨਤੀਜੇ ਉਪਰ ਪਹੁੰਚਦੇ ਹਾਂ, ਉਹ ਇਹ ਹੈ ਕਿ ਲੋਕਾਂ ਦੀ ਕਰਨੀ ਪਿੱਛੇ 'ਤਰਕ-ਸ਼ੀਲਤਾ' ਨਹੀਂ ਹੁੰਦੀ ਤੇ ਇੰਜ ਉਨ੍ਹਾਂ ਨੂੰ 'ਤਰਕਸ਼ੀਲਤਾ' ਨਾਲ ਸਮਝਾਇਆ ਨਹੀਂ ਜਾ ਸਕਦਾ। ਜਿਹੜੀ ਕਰਨੀ ਪਿੱਛੇ 'ਤਰਕਸ਼ੀਲਤਾ' ਹੋਵੇ ਉਹ ਕਰਨੀ ਭਲਾ ਭਰਮ ਤੇ ਭੁਲੇਖਾ ਕਿਵੇਂ ਹੋਈ? ਪਰ ਜੇਕਰ ਲੋਕਾਂ ਨੂੰ 'ਤਰਕਸ਼ੀਲਤਾ' (ਅਮਲ ਤੇ ਸਿਧਾਂਤ ਦੀ) ਰਾਹੀਂ ਇਨ੍ਹਾਂ ਪਾਰਟੀਆਂ ਦੇ ਪਿਛੋਂ ਹਟਾਏ ਜਾ ਸਕਣ ਦੀ ਸੰਭਾਵਨਾ ਹੈ **ਤਾਂ ਉਨ੍ਹਾਂ ਦੇ ਇਨ੍ਹਾਂ ਪਾਰਟੀਆਂ ਦੇ ਪਿੱਛੇ ਲੱਗਣ ਮਗਰ ਵੀ ਕੋਈ ਨਾ ਕੋਈ ਡੂੰਘਾ ਤਰਕ ਜ਼ਰੂਰ ਹੈ।** ਖ਼ਾਸ ਸਿਧਾਂਤਕ ਤੇ ਵਿਚਾਰਧਾਰਕ ਸਮਝ ਰੱਖਣ ਵਾਲੇ ਕਿਸੇ ਵਿਅਕਤੀ ਜਾਂ ਗਰੁੱਪ ਦੇ ਦ੍ਰਿਸ਼ਟੀਕੋਨ ਤੋਂ ਵੇਖਿਆਂ ਇਹ ਤਰਕ ਉਸ ਨੂੰ 'ਭੁਲੇਖਾ ਜਾਂ ਭਰਮ' ਲੱਗ ਸਕਦਾ ਹੈ। (ਟਾਲਸਟਾਏ ਘਰੋਂ ਬਾਹਰ ਨਿਕਲਿਆ ਤਾਂ ਗਲੀ ਦੇ ਦੂਸਰੇ ਕੋਨੇ 'ਤੇ ਦੂਰ ਇਕ ਆਦਮੀ ਇਧਰ ਉਧਰ ਹਵਾ ਵਿਚ ਹੱਥ ਮਾਰ ਕੇ ਅਜੀਬ ਹਰਕਤਾਂ ਕਰ ਰਿਹਾ ਸੀ। ਉਸ ਨੇ ਮਨ ਵਿਚ ਸੋਚਿਆ ਕਿ ਜ਼ਰੂਰ ਕੋਈ ਪਾਗਲ ਹੋਵੇਗਾ ਤੇ ਚੁਪ ਦੁਪ ਉਸ ਪਾਸੇ ਵਲ ਚਲ ਪਿਆ। ਪਰ ਉਸ ਆਦਮੀ ਦੇ ਨੇੜੇ ਪਹੁੰਚ ਕੇ ਟਾਲਸਟਾਏ ਬਹੁਤ ਹੈਰਾਨ ਹੋਇਆ। ਉਹ ਮੋਚੀ ਸੀ ਤੇ ਆਪਣੇ ਔਜ਼ਾਰ ਤਿੱਖੇ ਕਰ ਰਿਹਾ ਸੀ)। ਲੋਕਾਂ ਦੀ ਤਰਕਸ਼ੀਲਤਾ ਨੂੰ ਭੁਲੇਖਾ ਕਹਿਣਾ, ਲੱਲੂਪੁਣਾ ਕਹਿਣਾ ਉਸ ਮਹੱਤਵਪੂਰਨ ਸਮੱਸਿਆ ਤੋਂ ਖਹਿੜਾ ਛੁਡਾਉਣ ਬਰੋਬਰ ਹੈ ਜੋ 'ਲੱਲੂਪੁਣੇ ਦੇ ਸਿਧਾਂਤ' ਨੂੰ ਤਿਆਗਣ ਉਪਰੰਤ ਸਾਹਮਣੇ ਉਭਰਦੀ ਹੈ। ਜੇਕਰ ਲੋਕਾਂ ਦੇ ਇਨ੍ਹਾਂ ਪਾਰਟੀਆਂ ਪਿਛੇ ਲੱਗਣ ਵਿਚ ਕੋਈ 'ਤਰਕਸ਼ੀਲਤਾ' ਹੈ ਤਾਂ ਇਹ 'ਤਰਕਸ਼ੀਲਤਾ' ਕਿਹੋ ਜੇਹੀ ਹੈ? ਉਨ੍ਹਾਂ ਦੇ ਦਿਲੋ-ਦਿਮਾਗਾਂ ਵਿਚ ਕਿਵੇਂ ਕੰਮ ਕਰਦੀ ਹੈ? ਇਸ ਤਰਕਸ਼ੀਲਤਾ ਦੀਆਂ ਹੱਦਾਂ ਅੰਦਰ ਆਮ ਲੋਕ ਆਪਣੇ ਮਸਲਿਆਂ ਦਾ ਹੱਲ ਕਿਵੇਂ ਵੇਖਦੇ ਹਨ ਤੇ ਫੇਰ ਉਸ ਸਮਝ ਅਨੁਸਾਰ ਹੀ ਕਿਵੇਂ ਕੁਝ ਕਰਨ ਦਾ ਫੈਸਲਾ ਲੈਂਦੇ ਹਨ? ਇਹ ਸਵਾਲ ਡੂੰਘੀ ਵਿਚਾਰ-ਚਰਚਾ ਦੀ

ਮੰਗ ਕਰਦੇ ਹਨ।

**ਭਾਰਤੀ ਇਤਿਹਾਸ ਦਾ ਡਾਇਲੈਕਟਿਕ** : ਲੋਕਾਂ ਦੇ ਰੌਂ ਹੁੰਦੇ ਹਨ ਤੇ ਤਿੱਖੇ ਇਤਿਹਾਸਕ ਮੋੜ ਕੱਟਣ ਪਿਛੇ ਇਨ੍ਹਾਂ ਰੌਆਂ ਦਾ ਵੇਗ ਹੀ ਕੰਮ ਕਰਦਾ ਹੈ। ਤੁਲਨਾਤਮਕ ਨਿਗਾਹ ਨਾਲ ਵੇਖਿਆਂ ਇਸ ਲੋਕ ਰੌਂ ਦੀ ਰਮਜ਼ ਉਸ ਡਾਇਲੈਕਟਿਕ ਵਿਚ ਹੁੰਦੀ ਹੈ ਜਿਸ ਅਨੁਸਾਰ ਹਵਾ ਦਾ ਇਕੱਲਾ ਇਕੱਲਾ ਬੁੱਲਾ ਇਧਰੋਂ ਉਧਰੋਂ ਵਾਤਾਵਰਨ ਵਿਚ ਤਾਪਮਾਨ ਦੇ ਵਖਰੇਵਿਆਂ ਕਾਰਨ ਹੌਲੀ ਹੌਲੀ ਜੁੜ ਕੇ ਆਪਣਾ ਇਕ ਕੇਂਦਰ ਸਥਾਪਤ ਕਰਦਾ ਹੈ, ਵੇਗ ਫੜਦਾ ਹੈ ਤੇ ਅਜਿਹਾ ਘੁਕਾਟ ਬੰਣਦਾ ਹੈ ਕਿ ਬਸ, ਜਿਥੋਂ ਦੀ ਇਹ ਤੂਫਾਨੀ ਵੇਗ ਲੰਘਦਾ ਹੈ ਆਪਣੇ ਰਸਤੇ ਵਿਚੋਂ ਵਿਰੋਧੀਆਂ ਦਾ ਸਫ਼ਾਇਆ ਕਰਦਾ ਜਾਂਦਾ ਹੈ। ਇਨਕਲਾਬ ਵੱਡੀ ਪੱਧਰ 'ਤੇ ਵਡੇਰੇ ਵੇਗ ਵਾਲੇ ਅਜਿਹੇ ਹੀ 'ਲੋਕ-ਝੱਖੜ' ਦਾ ਨਾਂ ਹੁੰਦਾ ਹੈ।

ਜਿਹੜੀ ਸਿਆਸੀ ਪਾਰਟੀ ਆਪਣੇ ਦੇਸ਼ ਦੇ ਇਤਿਹਾਸ ਦੇ 'ਲੋਕ ਰੌਂ' ਦੇ ਇਸ ਡਾਇਲੈਕਟਿਕ ਦੀ ਰਮਜ਼ ਨੂੰ ਹੱਥੋਂ ਨਹੀਂ ਛੱਡਦੀ, ਉਸ ਦੀ ਚੜ੍ਹਤ ਦੀਆਂ ਸੰਭਾਵਨਾਵਾਂ ਹਮੇਸ਼ਾਂ ਖੁਲ੍ਹੀਆਂ ਰਹਿੰਦੀਆਂ ਹਨ। ਜੋ ਵੀ ਸੀਮਤ ਡੈਮੋਕਰੈਟਿਕ ਅਧਿਕਾਰ ਭਾਰਤੀ ਲੋਕਾਂ ਨੂੰ ਪ੍ਰਾਪਤ ਹਨ, ਇਹ ਨਾ ਤਾਂ ਅੰਗਰੇਜ਼ਾਂ ਵਲੋਂ ਤੇ ਨਾ ਹੀ ਭਾਰਤ ਦੀ ਬੁਰਜੁਆਜ਼ੀ ਵਲੋਂ ਉਨ੍ਹਾਂ ਨੂੰ ਬਖ਼ਸ਼ੇ ਗਏ ਹਨ। ਜਿਹਨੂੰ ਅੱਜ ਲਗ ਭਗ ਸਾਰੇ ਖੱਬੇ-ਪੱਖੀ 'ਬੁਰਜੁਆ ਡੈਮੋਕਰੈਸੀ' ਕਹਿ ਕੇ ਭੰਡਦੇ ਹਨ, ਉਸ ਨੂੰ ਯੂਰਪ ਵਿਚ ਮਜ਼ਦੂਰ ਜਮਾਤ ਨੇ ਆਪਣਾ ਖ਼ੂਨ ਡੋਲ੍ਹ ਕੇ ਪ੍ਰਾਪਤ ਕੀਤਾ ਸੀ। ਇੰਗਲੈਂਡ ਦੇ ਇਤਿਹਾਸ ਬਾਰੇ ਮਾੜੀ ਮੋਟੀ ਵਾਕਫ਼ੀ ਰੱਖਣ ਵਾਲੇ ਲੋਕ ਜਾਣਦੇ ਹਨ ਕਿ ਉਥੋਂ ਦੀ ਬੁਰਜੁਆਜ਼ੀ ਤੇ ਸਾਹਿਬੇ-ਜਾਇਦਾਦ ਲੋਕਾਂ ਨੇ ਮਜ਼ਦੂਰ ਜਮਾਤ ਨੂੰ ਵੋਟ ਦੇਣ ਦੇ ਅਧਿਕਾਰ ਦਾ ਕਿੰਨਾ ਵਿਰੋਧ ਕੀਤਾ ਸੀ। ਸੋ ਇੰਜ ਹੀ, ਅਜੋਕਾ ਭਾਰਤੀ ਪਾਰਲੀਮੈਂਟਰੀ ਸਿਸਟਮ ਇਥੋਂ ਦੀ ਬੁਰਜੁਆਜ਼ੀ ਦੀ ਲੋਕਾਂ ਨੂੰ ਧੋਖਾ ਦੇਣ ਲਈ ਕੱਢੀ ਕਾਢ ਨਹੀਂ। ਇਹ ਸਿਸਟਮ ਇਥੋਂ ਦੇ ਲੋਕਾਂ ਨੇ ਅੰਗ੍ਰੇਜ਼ਾਂ ਦੇ ਖ਼ਿਲਾਫ਼ ਕੌਮੀ ਲਹਿਰ ਵਿਚ ਖ਼ੂਨ ਡੋਲ੍ਹ ਕੇ ਪ੍ਰਾਪਤ ਕੀਤਾ ਹੈ। **ਇਹ ਕੌਮੀ ਲਹਿਰ ਦੀ ਪ੍ਰਾਪਤੀ ਹੈ**—ਇਹ ਗੱਲ ਸਮਝਣੀ ਬਹੁਤ ਜ਼ਰੂਰੀ ਹੈ।

ਜੇਕਰ ਭਾਰਤ ਵਿਚ ਪਾਰਲੀਮੈਂਟਰੀ ਸਿਸਟਮ ਦੇ ਵਿਕਾਸ ਨੂੰ ਵੇਖਿਆ ਜਾਵੇ ਤਾਂ ਇਹ ਗੱਲ ਬਿਲਕੁਲ ਸਪੱਸ਼ਟ ਹੋ ਜਾਂਦੀ ਹੈ ਕਿ ਇਸ ਸਿਸਟਮ ਵਿਚ ਹਰ ਵਾਰ ਵੀ ਜਦ ਸੁਧਾਰ ਹੋਇਆ, ਹੋਇਆ ਉਹ ਲੋਕਾਂ ਦੇ ਖ਼ੂਨ ਡੁੱਲ੍ਹਣ ਪਿਛੋਂ ਹੀ। ਇਥੇ ਹੀ ਬਸ ਨਹੀਂ—ਬਸਤੀਵਾਦੀ ਹਾਲਤਾਂ ਹੇਠ ਇਸ ਸੰਸਥਾ ਵਿਚ ਜਿੱਤੇ ਸੀਮਤ ਅਧਿਕਾਰਾਂ ਨੂੰ, ਭਾਰਤੀ ਲੋਕਾਂ ਦੇ ਨੇਤਾਵਾਂ ਨੇ ਅੱਗੇ ਹੋਰ ਮੋਕਲਾ ਕਰਨ ਵਿਚ ਇਸੇ ਸੰਸਥਾ ਦਾ ਇਸਤੇਮਾਲ ਕੀਤਾ। ਭਾਰਤੀ ਪਾਰਲੀਮੈਂਟਰੀ ਸਿਸਟਮ ਲੈਨਿਨ ਦੇ ਦੇਸ਼ ਦੀ ਡਿਊਮਾ ਨਹੀਂ ਸੀ ਜੋ ਜ਼ਾਰ ਨੇ ਲੋਕ ਲਹਿਰ ਤੋਂ ਘਬਰਾ ਕੇ ਪਲ ਦੀ ਪਲ ਲਈ ਉਨ੍ਹਾਂ ਨੂੰ ਵਰਚਾਉਣ ਲਈ ਦਿੱਤੀ ਸੀ ਤੇ ਫੇਰ ਵਾਪਸ ਲੈ ਲਈ ਸੀ। ਅੱਜ ਇਹ ਵਿਸ਼ਾ ਇਤਿਹਾਸ-ਕਾਰਾਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਰੂਸ ਵਿਚ 1905 ਵਿਚ ਰੂਸੀ ਲੋਕਾਂ ਨੂੰ ਜੇ ਉਹ ਸਾਰੇ ਡੈਮੋਕਰੈਟਿਕ ਅਧਿਕਾਰ ਦੇ ਦਿਤੇ ਜਾਂਦੇ ਜੋ ਇੰਗਲੈਂਡ ਦੇ ਲੋਕਾਂ ਨੂੰ ਪ੍ਰਾਪਤ ਸਨ ਤਾਂ ਕੀ ਅਕਤੂਬਰ ਇਨਕਲਾਬ ਦੀ ਇਤਿਹਾਸਕ ਲੋੜ ਰਹਿ ਜਾਣੀ ਸੀ ? ਕੀ ਅਕਤੂਬਰ ਇਨਕਲਾਬ ਅਜਿਹੇ ਅਧਿਕਾਰ ਨਾ ਦਿੱਤੇ ਜਾਣ ਦਾ ਹੀ ਸਿੱਟਾ ਤਾਂ ਨਹੀਂ ਸੀ ?

ਭਾਰਤੀ ਲੋਕਾਂ ਦੇ ਡੈਮੋਕਰੈਟਿਕ ਇਤਿਹਾਸਕ ਤਜਰਬੇ ਦਾ ਸਾਰ-ਅੰਸ਼ ਉਨ੍ਹਾਂ ਵਲੋਂ ਅੰਗ੍ਰੇਜ਼ਾਂ ਦਾ ਵਿਰੋਧ ਕਰ ਕੇ ਖੜ੍ਹੀ ਕੀਤੀ ਕੌਮੀ ਆਜ਼ਾਦੀ ਦੀ ਲਹਿਰ ਵਿਚ ਸੀ ਜਿਸ ਦੀ ਬੁਲਾਰੀ ਕਾਂਗਰਸ



ਪਾਰਟੀ ਸੀ। ਇਸ ਲਹਿਰ ਦੇ ਖੜ੍ਹੀ ਹੋਣ ਦੇ ਕੇਂਦਰ ਵਿਚ ਉਹ ਇਤਿਹਾਸਕ ਪ੍ਰਕ੍ਰਿਆ ਸਥਿੱਤ ਸੀ ਜਿਸ ਅਨੁਸਾਰ ਇਸ ਖਿੱਤੇ ਦੇ ਲੋਕ ਵੱਖ ਵੱਖ ਜਾਤਾਂ, ਧਰਮਾਂ, ਭਾਸ਼ਾਵਾਂ ਤੇ ਇਲਾਕਾਈ ਪਛਾਣਾਂ ਦੇ ਨਾਲ ਨਾਲ ਇਕ ਹੋਰ ਵੱਡੀ ਪਛਾਣ ਵਿਚ ਬੱਝ ਰਹੇ ਸਨ ਤੇ ਉਹ ਸੀ **ਭਾਰਤੀ ਕੌਮ ਦੀ ਪਛਾਣ**। ਜੇਕਰ ਉਨ੍ਹਾਂ ਵਿਚ ਪਹਿਲਾਂ ਜਾਤ ਪਾਤ, ਧਰਮ ਤੇ ਭਾਸ਼ਾ ਦੇ ਵੰਡ-ਪਾਊ ਜਜ਼ਬੇ ਸਨ ਤਾਂ ਉਥੇ ਹੁਣ ਨਾਲ ਹੀ ਉਨ੍ਹਾਂ ਨੂੰ ਇਕ ਥਾਂ ਜੋੜਨ ਵਾਲਾ ਇਕ ਨਵਾਂ ਜਜ਼ਬਾ ਵੀ ਦਾਖ਼ਲ ਹੋ ਰਿਹਾ ਸੀ। (1947 ਤੋਂ ਪਹਿਲਾਂ ਅੰਗ੍ਰੇਜ਼ ਤੇ ਭਾਰਤੀ ਕਮਿਊਨਿਸਟ ਭਾਰਤ ਦੇ ਇਸ ਇਕ ਕੌਮ ਹੋਣ ਦੇ ਜਜ਼ਬੇ ਤੋਂ ਹੀ ਮੁਨਕਰ ਸਨ) ਇਤਿਹਾਸਕ ਤੌਰ 'ਤੇ ਇਕ ਪਾਰਟੀ ਇਕ ਭਾਰਤੀ ਕੌਮ ਦਾ ਚਿੰਨ੍ਹ ਬਣ ਗਈ ਤੇ ਲੋਕਾਂ ਦੀ ਚੇਤਨਤਾ ਵਿਚ ਸਮਾ ਕੇ ਉਨ੍ਹਾਂ ਦੇ ਅਚੇਤ-ਮਨ ਦਾ ਜੇਕਰ ਵਧੇਰੇ ਨਹੀਂ ਤਾਂ ਘਟੋ ਘੱਟ ਉਨਾਂ ਹੀ ਮਹੱਤਵਪੂਰਨ ਅੰਗ ਬਣ ਗਈ ਜਿਨਾਂ ਜਾਤਪਾਤ, ਧਰਮ ਅਤੇ ਭਾਸ਼ਾਈ ਪਛਾਣਾਂ ਸਨ।

ਅੱਜ ਜੇਕਰ ਇਕ ਪਾਸੇ ਲੋਕ-ਮਨਸ ਦਾ ਜਜ਼ਬਾ ਜਾਤ-ਪਾਤ, ਧਰਮ ਅਤੇ ਭਾਸ਼ਾਈ ਪਛਾਣਾਂ ਨਾਲ ਜੁੜਿਆ ਹੋਇਆ ਹੈ ਤੇ ਏਕਤਾ ਨੂੰ ਭੰਗ ਕਰਨ, ਖਿੰਡਾਣ ਵਾਲੀ ਨਾਭ-ਤਿਆਗ ਸ਼ਕਤੀ ਪੈਦਾ ਕਰਦਾ ਹੈ, ਤਾਂ ਇਸ ਦੇ ਉਲਟ, ਦੂਸਰੇ ਪਾਸੇ ਭਾਰਤੀ ਕੌਮ ਦੀ ਪਛਾਣ ਅਤੇ ਕੌਮਵਾਦ ਦਾ ਜਜ਼ਬਾ ਇਨ੍ਹਾਂ ਫੁਟ-ਪਾਊ ਤੇ ਖੋਰੂ ਪਾਉਂਦੀਆਂ ਸੰਕੀਰਨਤਾ ਮੁੱਖੀ ਸ਼ਕਤੀਆਂ ਨੂੰ ਠਲ੍ਹ ਪਾਉਂਦਾ ਹੈ, ਘਟਾਉਂਦਾ ਹੈ। ਖਿੰਡਿਆਵੀਆਂ ਖਿੱਚਾਂ ਨੂੰ ਆਪਣੀ ਦਿਸ਼ਾ ਦੇ ਅਨੁਕੂਲ ਢਾਲ ਕੇ ਇਕ ਤਰ੍ਹਾਂ ਦੀ ਕੇਂਦਰ ਵਲ ਝੁਕਣ ਵਾਲੀ, ਨਾਭ-ਭਾਲ ਸ਼ਕਤੀ ਪੈਦਾ ਕਰਦਾ ਹੈ।

ਇਸ ਡਾਇਲੈਕਟਿਕ ਵਿਚੋਂ ਭਾਰਤੀ ਇਤਿਹਾਸ ਦੀਆਂ ਵੱਖ ਵੱਖ ਲੋਕ-ਰੌਆਂ ਫੁੱਟਦੀਆਂ ਹਨ। ਅੱਜ ਸਾਡੇ ਦੇਸ਼ ਅੱਗੇ ਮਸਲਾ ਆਰਥਕ ਤੇ ਸਭਿਆਚਾਰਕ ਵਿਕਾਸ ਦਾ ਹੈ ਤੇ ਦੇਸ਼, ਵਿਕਾਸ ਦੇ ਸਰਮਾਏਦਾਰੀ ਰਾਹੇ ਪਿਆ ਹੋਇਆ ਹੈ। ਜ਼ਾਹਿਰ ਹੈ ਇਸ ਨੂੰ ਆਪਣੇ ਵਿਕਾਸ ਲਈ ਸਭ ਕੇਂਦਰ-ਮੁੱਖੀ ਰੌਆਂ ਦੀ ਲੋੜ ਭਾਸਦੀ ਹੈ, ਤੇ ਇਤਨੀ ਕੇਂਦਰ-ਮੁੱਖਤਾ ਦੀ ਜ਼ਰੂਰਤ ਹੈ ਕਿ ਲੋਕਾਂ ਦੇ ਪਾਰਲੀਮੈਂਟਰੀ ਅਧਿਕਾਰਾਂ 'ਤੇ ਵੀ ਛਾਪਾ ਮਾਰਿਆ ਜਾਂਦਾ ਹੈ। ਪਰ ਜਦ ਕਿਸੇ ਪੜਾਅ 'ਤੇ ਪਹੁੰਚ ਕੇ ਕੇਂਦਰ-ਮੁੱਖੀ ਰੌਂ ਖਾਸ ਵਧੇਰੇ ਜ਼ੋਰ ਫੜ੍ਹਦੀ ਹੈ (ਐਮਰਜੰਸੀ) ਤਾਂ ਉਸ ਨੂੰ ਸੰਤੁਲਿਤ ਕਰਨ ਲਈ ਵਿਕੇਂਦਰ-ਮੁੱਖੀ ਰੌਆਂ ਆਪਣਾ ਸਿਰ ਉਠਾਉਣ ਲਗਦੀਆਂ ਹਨ ਤੇ ਜੁੜ ਕੇ ਇਕ ਸ਼ਕਤੀ ਵਜੋਂ ਉਭਰਦੀਆਂ ਹਨ। ਪਰ ਜਦ ਇਹ ਵਿਕੇਂਦਰ-ਮੁੱਖੀ ਰੌਆਂ (ਜਾਤ, ਧਰਮ ਤੇ ਭਾਸ਼ਾਈ ਜਜ਼ਬੇ) ਇਕ ਖਾਸ ਹੱਦ ਤੋਂ ਅੱਗੇ, ਇਤਿਹਾਸਕ ਤਜਰਬੇ ਤੋਂ ਉਭਰੇ ਡਾਇਲੈਕਟਿਕ ਦੇ ਸੰਤੁਲਿਨ ਨੂੰ ਤੋੜ ਕੇ, ਕੌਮ ਦੀ ਪਛਾਣ ਤੇ ਕੌਮਵਾਦ ਦੇ ਜਜ਼ਬੇ ਨੂੰ ਤਹਿਸ ਨਹਿਸ ਕਰ ਦੇਣ ਲਈ ਖ਼ਤਰਾ ਬਣਦੀਆਂ ਹਨ ਤਾਂ ਲੋਕ-ਮਨਸ ਵਿਚ ਇਨ੍ਹਾਂ ਦੇ ਉਲਟ ਰੌਂ ਅੰਗੜਾਈ ਲੈਂਦੀ ਹੈ ਤੇ ਹੌਲੀ ਹੌਲੀ ਉਨ੍ਹਾਂ ਦੇ ਦਿਲੋ ਦਿਮਾਗ਼ ਨੂੰ ਮਲਣਾ ਸ਼ੁਰੂ ਕਰ ਦਿੰਦੀ ਹੈ। ਲੋਕ ਹੁਣ ਪਹਿਲੀਆਂ ਰੌਆਂ ਦੇ ਆਗੂਆਂ ਵਲੋਂ ਹਟ ਕੇ ਇਸ ਰੌਂ ਦੇ ਆਗੂਆਂ ਵਲ ਮੁੜਦੇ ਹਨ। ਉਸੇ ਤੇਜ਼ੀ ਤੇ ਤਿੱਖੇਪਨ ਨਾਲ ਜਿਵੇਂ ਕਿ ਉਹ ਪਹਿਲਾਂ ਮੁੜੇ ਸਨ।

1977 ਅਤੇ 1980 ਦੀਆਂ ਚੋਣਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਭਾਰਤੀ ਲੋਕ ਇਸ ਡਾਇਲੈਕਟਿਕ ਨੂੰ ਤੋੜਨਾ ਨਹੀਂ ਚਾਹੁੰਦੇ ਬਲਕਿ ਇਸ ਅਨੁਸਾਰ ਸਮਕਾਲੀ ਭਾਰਤੀ ਇਤਿਹਾਸ ਦੀ ਸਿਰਜਨਾ ਕਰਨਾ ਲੋਚਦੇ ਹਨ। 1977 ਵਿਚ ਸਰਮਾਏਦਾਰੀ ਦੇ ਵਿਕਾਸ ਦੀ ਲੋੜ ਕਾਰਨ ਪੈਦਾ ਕੀਤੀ ਇੰਦਰਾ ਗਾਂਧੀ ਦੀ ਅਤਿਅੰਤ-ਕੇਂਦਰ-ਮੁੱਖਤਾ ਦੇ ਲੋਕਾਂ ਦੇ ਡੈਮੋਕਰੈਟਿਕ ਅਧਿਕਾਰਾਂ ਉਪਰ

ਛਾਪੇ ਨੇ ਵਿਰੋਧੀ ਪਛਾਣਾਂ ਦੀ ਰੌਂ ਨੂੰ ਜਗਾਇਆ ਤੇ ਥੋੜ-ਚਿਰੇ ਬੇਅਸੂਲੇ ਜੋੜ ਲਈ ਮਜਬੂਰ ਕਰ ਦਿੱਤਾ। ਪਰ ਜਦ ਹੀ ਇਹ ਅਤਿਅੰਤ ਕੇਂਦਰ-ਇਕਮੁੱਖਤਾ ਦਾ ਖਤਰਾ ਟਲਿਆ ਇਹ ਬੇਅਸੂਲਾ ਜੋੜ ਖਿੰਡਣ ਲੱਗਾ। ਖਿੰਡਦੇ ਖਿੰਡਦੇ ਅਜਿਹੇ ਪੜਾਅ 'ਤੇ ਪਹੁੰਚ ਗਿਆ ਕਿ ਇਨ੍ਹਾਂ ਪਛਾਣਾਂ ਦੇ ਆਗੂ ਇਹਨਾਂ ਪਛਾਣਾਂ ਨੂੰ ਸੰਪੂਰਨ ਤੇ ਮੁਕੰਮਲ ਰੂਪ ਵਿਚ ਲੰਮੇ ਸਮੇਂ ਲਈ ਕ੍ਰਿਸਟਲੀਕਰਨ ਕਰਨ ਦੀ ਸੋਚਣ ਲਗੇ। ਫੇਰ ਉਲਟ-ਰੌਂ ਨੇ ਅੰਗੜਾਈ ਲਈ ਤੇ ਹੌਲੀ ਹੌਲੀ ਜ਼ੋਰ ਫੜਨ ਲੱਗੀ। 1980 ਵਿਚ ਲੋਕ-ਰੌਂ ਦੀ ਲਹਿਰ ਜੋ 1977 ਵਿਚ ਇੰਦਰਾ ਗਾਂਧੀ ਦੇ ਪੈਰੋਂ ਹੇਠ ਰੇਤ ਕੱਢ ਕੇ ਉਸ ਨੂੰ ਨਿੱਸਲ ਕਰ ਕੇ ਸੁੱਟ ਗਈ ਸੀ, ਨੇ ਹੁਣ ਫੇਰ ਗਰਮਜੋਸ਼ੀ ਨਾਲ ਉਸ ਦੇ ਪੈਰਾਂ ਨੂੰ ਆ ਗਰਮਾਇਆ ਹੈ। ਕਾਰਨ ਇਹ ਕਿ ਇੰਦਰਾ ਗਾਂਧੀ ਆਪਣੇ ਅਤੀਅੰਤ ਕੇਂਦਰ-ਇਕ-ਮੁੱਖਤਾ ਦੇ ਅਸੂਲ 'ਤੇ ਡਟੀ ਰਹੀ ਤੇ ਬਾਕੀ ਸਭ ਨੇ ਕੇਂਦਰ-ਇਕ-ਮੁਖਤਾ ਦੀ ਜ਼ਰੂਰਤ ਨੂੰ ਹੀ ਰੱਦ ਕਰੀ ਰਖਿਆ।

ਇਸ ਡਾਇਲੈਕਟਿਕ ਤੋਂ ਬਿਨਾਂ ਭਾਰਤੀ ਲੋਕਾਂ ਦੇ 1977 ਅਤੇ 1980 ਦੇ ਆਪਾ-ਵਿਰੋਧੀ ਵਰਤਾਉ ਨੂੰ ਸਮਝਣਾ ਮੁਸ਼ਕਲ ਹੋ ਜਾਂਦਾ ਹੈ। 1977 ਵਿਚ ਜਿਨ੍ਹਾਂ ਲੋਕਾਂ ਨੇ ਐਮਰਜੈਂਸੀ ਦੇ ਪਰੋਗਰਾਮਾਂ ਨੂੰ ਮਾੜਾ ਸਮਝ ਕੇ ਰੱਦ ਕੀਤਾਸੀ, ਕੀ ਅਜ ਉਨ੍ਹਾਂ ਨੇ ਹੀ ਇਸ ਵਿਚ ਐਡੀ ਵੱਡੀ ਚੰਗਿਆਈ ਵੇਖ ਲਈ ਹੈ ?

ਕੋਈ ਸਿਆਸੀ ਪਾਰਟੀ ਆਪਣੇ ਪਰੋਗਰਾਮ, ਜਥੇਬੰਦੀ ਤੇ ਵਿਚਾਰਧਾਰਾ ਰਾਹੀਂ ਜਾਤ, ਧਰਮ, ਭਾਸ਼ਾਈ ਤੇ ਇਥੋਂ ਤਕ ਕਿ ਜਮਾਤ ਦੀ ਪਛਾਣ ਦੇ ਜਜ਼ਬੇ ਨੂੰ ਜੇਕਰ ਭਾਰਤੀ ਕੌਮ ਦੇ ਜਜ਼ਬੇ ਅਤੇ ਕੌਮਵਾਦ (ਸ਼ਾਵਨਵਾਦ ਨਹੀਂ) ਨਾਲ ਨਹੀਂ ਮੇਲਦੀ, ਤੇ ਉਸ ਵਲ ਸੰਕੀਰਨਤਾਵਾਦੀ ਰਵੱਈਆ ਅਪਣਾਉਂਦੀ ਹੈ, ਤਾਂ ਉਹ ਕਦੀ ਵੀ ਇਤਿਹਾਸਕ ਡਾਇਲੈਕਟਿਕ ਤੋਂ ਪੈਦਾ ਹੋਈ ਰੌਂ ਦੀ ਲਹਿਰ ਦੇ ਸਿਰੇ 'ਤੇ ਨਹੀਂ ਖੜ੍ਹ ਸਕੇਗੀ। ਸਮਕਾਲੀ ਭਾਰਤੀ ਇਤਿਹਾਸ ਵਿਚ ਕੇਵਲ ਇਸ ਢੰਗ ਨਾਲ ਪੈਦਾ ਹੋਈ ਰੌਂ ਦਾ ਵੇਗ ਹੀ ਕਿਸੇ ਪਾਰਟੀ ਨੂੰ ਦੇਸ਼ ਦੀ ਕਿਸਮਤ ਦੀ ਵਾਗ ਡੋਰ ਹੱਥ ਫੜਾ ਸਕਦਾ ਹੈ, ਉਸ ਨੂੰ ਧੱਕ ਕੇ ਲੋਕ-ਮਨਸ ਦੇ ਕੇਂਦਰ ਵਿਚ ਖੜ੍ਹਾ ਕਰ ਸਕਦਾ ਹੈ।

**—ਅਦਾਰਾ ਸੇਧ**

---

## ਪ੍ਰਾਪਤ ਪੁਸਤਕਾਂ

* **ਧਰਤੀ ਮੀਂਹ ਮੰਗਦੀ ਹੈ** (ਕਹਾਣੀ-ਸੰਗ੍ਰਹਿ); ਹਰਜਿੰਦਰਮੀਤ; ਰਵੀ ਸਾਹਿੱਤ ਪ੍ਰਕਾਸ਼ਨ, ਅਮ੍ਰਿਤਸਰ; ਸਫ਼ੇ 71; ਮੁਲ : ਸੱਤ ਰੁਪੈ
* **ਕੁਕਨੁਸ** (ਡਰਾਮਾ); ਮੇਜਰ ਇਸਹਾਕ ਮੁਹੰਮਦ, ਸੁਚਿੰਤਕ ਪ੍ਰਕਾਸ਼ਨ, ਨਵੀਂ ਦਿੱਲੀ; ਸਫ਼ੇ 88; ਮੁਲ : 25 ਰੁਪੈ
* Sher-e-Punjab—MAHARAJA RANJIT SINGH (Illustrated; Public Relations Deptt; Punjab, ਸਫ਼ੇ 32; ਮੁਲ ਨਹੀਂ ਦਿਤਾ।
* **ਸੋਚੇ ਸੋਚਿ** (ਕਹਾਣੀ ਸੰਗ੍ਰਹਿ), ਦਰਸ਼ਨ ਸਿੰਘ, ਹਰਵਿੰਦਰਾ ਪ੍ਰਕਾਸ਼ਨ, ਜਲੰਧਰ, ਸੁੰਦਰ ਬੁੱਕ ਡਿਪੋ, ਮਾਈ ਹੀਰਾਂ ਗੇਟ, ਜਲੰਧਰ, ਸਫ਼ੇ 104; ਮੁਲ : 10 ਰੁਪੈ

o

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ। ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।





ਕਿਸ਼ਨ ਸਿੰਘ

## ਪੈਰਿਸ ਕਮਿਊਨ ਤੋਂ ਚੀਨੀ ਇਨਕਲਾਬ ਤਕ

ਪੈਰਿਸ **ਕਮਿਊਨ** ਸਨਅਤੀ ਮਜ਼ਦੂਰ ਜਮਾਤ ਵਾਲਿਆਂ ਦਾ ਪਹਿਲਾ ਸਮਾਜਵਾਦੀ ਇਨਕਲਾਬ ਸੀ, ਪਰ ਉਹ ਆਪਣੀ ਜਮਾਤ ਦੀ ਤਾਕਤ ਦੇ ਪੈਰ ਨਾ ਬੰਨ੍ਹ ਸਕਿਆ। ਸੋ ਬਹੁਤ ਚਿਰ ਜ਼ਿੰਦਾ ਨਾ ਰਹਿ ਸਕਿਆ। ਉਸ ਨੂੰ ਪਿੰਡ ਦੇ ਸੀਨ ਤੋਂ ਮਦਦ ਨਾ ਮਿਲੀ। ਮੁਲਕ ਦੇ ਗਰੀਬ ਕਿਸਾਨ ਤਬਕੇ ਨੇ ਉਸ ਦਾ ਸਾਥ ਨਾ ਦਿੱਤਾ। ਜਾਂ ਇਉਂ ਕਹਿ ਲਵੋ ਕਿ ਉਸ ਨੂੰ ਇਨਕਲਾਬ ਦਾ ਸਾਥ ਨਾ ਦੇਣ ਦਿੱਤਾ ਗਿਆ। ਪੈਰਿਸ ਇਨਕਲਾਬ, ਕਮਿਊਨ ਇਕੱਲਾ ਹੀ ਪੈਰਿਸ ਵਿਚ ਘੇਰਿਆ ਗਿਆ। ਬੁਰਜੁਆ ਜਰਮਨੀ ਦੀ ਫ਼ੌਜ ਦੀ ਸ਼ਹਿ ਨਾਲ, ਮੁਲਕ ਦੀ ਬੁਰਜੁਆਜ਼ੀ ਨੇ ਇਨਕਲਾਬੀਆਂ ਦਾ ਕਤਲੇ-ਆਮ ਕਰ ਦਿੱਤਾ। ਕਮਿਊਨਜ਼ਮ ਦਾ ਬੀਜ ਨਾਸ ਕਰਦਿਆਂ ਜੋ ਸਾਹਮਣੇ ਆਇਆ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਪੈਰਿਸ ਕਮਿਊਨ ਆਪ ਤਾਂ ਖਤਮ ਹੋ ਗਿਆ, ਪਰ ਉਸ ਦਾ ਕੀਤਾ ਬੇਅਰਥ ਨਹੀਂ ਗਿਆ। ਉਸ ਨੇ ਸਾਬਤ ਕਰ ਦਿੱਤਾ ਕਿ ਸਨਅਤੀ ਮਜ਼ਦੂਰ ਜਮਾਤ, ਪਰੋਲਤਾਰੀ ਦਾ ਪੈਂਤੜਾ ਇਨਕਲਾਬ ਲਿਆ ਸਕਦਾ ਹੈ। ਪੈਰਿਸ ਕਮਿਊਨ ਨੂੰ ਬਾਹਰੋਂ ਖਤਮ ਕੀਤਾ ਗਿਆ। ਉਸ ਨੂੰ ਮਾਰ ਮੁਕਾਇਆ ਮੁਲਕ ਦੀ ਕਾਬਜ਼ ਬੁਰਜੁਆਜ਼ੀ ਨੇ। ਜੇ ਬਚ ਨਿਕਲਦਾ ਤਾਂ ਯਕੀਨਨ ਉਹ ਸਮਾਜਵਾਦ ਦੀ ਉਸਾਰੀ ਦਾ ਤਜਰਬਾ ਕਰਦਾ। ਉਹ ਆਪਣੀ ਛੋਟੀ ਵਰੇਸ ਵਿਚ ਹੀ ਅਤੇ ਮਰਦਾ ਹੋਇਆ ਵੀ ਬਹੁਤ ਵੱਡੀ ਪਰੇਰਨਾ ਤੇ ਐਸਾ ਭਰਪੂਰ ਅਨੁਭਵ ਦੇ ਗਿਆ ਜਿਸ ਸਦਕਾ ਮਾਰਕਸਵਾਦ ਦੇ ਸਿਧਾਂਤ ਤੇ ਅਮਲ, ਦੋਹਾਂ 'ਤੇ ਭਰਵੀਂ ਰੱਜਵੀਂ ਉਸਾਰੀ ਹੋਈ। ਉਸ ਨੂੰ ਸਮਾਜ ਦੀ ਆਰਥਕਤਾ ਵਲ ਤਾਂ ਆਉਣ ਦਾ ਮੌਕਾ ਹੀ ਨਾ ਮਿਲਿਆ। ਪਰ ਆਪਣੀ ਥੋਹੜੇ ਚਿਰ ਦੀ ਹੋਂਦ ਵਿਚ ਹੀ ਉਹ ਤਾਕਤ ਦੇ, ਸਟੇਟ ਦੇ ਮਸਲੇ ਨੂੰ ਮੁਖਾਤਬ ਹੋਇਆ। ਉਸ ਨੇ ਦੋ-ਟੁਕ ਫ਼ੈਸਲਾ ਕੀਤਾ ਕਿ ਤਾਕਤ ਵਿਚ ਆ ਕੇ, ਵਰਕਰ ਜਮਾਤ ਨੇ ਜੇ ਆਪਣੀ ਤਾਕਤ ਬਰਕਰਾਰ ਰਖਣੀ ਹੈ, ਇਕ ਵੇਰ ਹਾਸਲ ਕਰਕੇ ਮੁੜ ਖੁਹਾਉਣੀ ਨਹੀਂ ਤਾਂ ਉਸ ਦੇ ਵਾਸਤੇ ਲਾਜ਼ਮੀ ਹੈ ਕਿ ਉਹ ਕਾਬਜ਼ ਸਟੇਟ ਤੇ ਉਸ ਦੇ ਰਾਜ-ਪ੍ਰਬੰਧ ਦਾ ਬੀਜ ਨਾਸ ਕਰੇ। ਰਾਜ-ਪ੍ਰਬੰਧ ਦਾ ਜੋ ਅਡੰਬਰ ਉਸ ਦੇ ਸਿਰ 'ਤੇ ਸਵਾਰ ਰਿਹਾ ਹੈ ਅਤੇ ਉਸ ਦੀ ਧੌਣ ਭੰਨਦਾ ਰਿਹਾ ਹੈ ਉਸ ਦਾ ਖੁਰਾ ਖੋਜ ਮਿਟਾਵੇ। **ਕਾਬਜ਼ ਬੁਰਜੁਆ ਸਟੇਟ ਦਾ ਰਾਜ-ਪ੍ਰਬੰਧ ਵਰਕਰ ਜਮਾਤ ਦੇ ਕੰਮ ਦੇ ਕਦੇ ਵੀ ਸੂਤ ਨਹੀਂ ਆ ਸਕਦਾ।** ਇਸ ਨੁਕਤੇ ਬਾਬਤ ਇਹ ਹੈ ਸੋ ਹੱਥ ਰੱਸਾ ਤੇ ਸਿਰੇ 'ਤੇ ਗੰਢ। ਉਹ

ਸਟੇਟ ਦੇ ਮਸਲੇ ਦੇ ਵਿਗਾੜ ਦੀ ਤਹਿ ਤਕ ਗਿਆ । ਸਮਾਜ ਨੇ ਸਟੇਟ ਨੂੰ ਬਣਾਇਆ, ਸਿਰਜਿਆ ਤਾਂ ਸੀ ਆਪਣਾ ਸੰਦ ਬਣਾ ਕੇ ਪਰ ਉਹ ਹੋ ਜਾਂਦੀ ਹੈ ਸਮਾਜ ਤੋਂ ਆਜ਼ਾਦ, ਉਸ 'ਤੇ ਸਵਾਰ । ਜਮਾਤੀ ਸਮਾਜ ਵਿਚ ਸਟੇਟ ਦਾ ਹਾਕਮ ਜਮਾਤਾਂ ਦਾ ਹਿੱਤ ਪੂਰਨਾ ਇਕ ਗੱਲ ਹੈ, ਲੋਕਾਂ ਉਤੇ ਹਾਕਮ ਜਮਾਤਾਂ ਦਾ ਤਹਿਤ ਰਖਣਾ, ਉਹਨਾਂ ਦੇ ਜਬਰ ਦਾ ਸੰਦ ਬਣਨਾ, ਲੋਕਾਂ ਦੇ ਲਹੂ ਨੂੰ ਚੂਸਣ ਦਾ ਵਸੀਲਾ ਬਣਨਾ ਇਕ ਗੱਲ ਹੈ ਪਰ ਸਮਾਜ ਤੋਂ ਆਜ਼ਾਦ ਹੋਣਾ, ਦੂਸਰੀ । ਸਿੱਧੇ ਲਫ਼ਜ਼ਾਂ ਵਿਚ ਇਹ ਮਸਲਾ ਹੈ ਰਾਜ-ਪ੍ਰਬੰਧ ਆਦਿ ਦੇ ਅਡੰਬਰ ਦਾ ਅਫ਼ਸਰਸ਼ਾਹੀ ਬਣ ਜਾਣਾ ਤੇ ਹਾਕਮ ਜਮਾਤਾਂ ਦੇ ਹਿੱਤ ਦੇ ਦਾਇਰੇ ਦੇ ਅੰਦਰ ਅੰਦਰ ਆਪਣੀ ਆਜ਼ਾਦ ਹਸਤੀ ਹੋਂਦ ਬਣਾ ਲੈਣਾ ਤੇ ਆਪਣੇ ਤਬਕੇ ਦਾ ਖਾਸ ਹਿੱਤ ਬਣਾ ਕੇ ਤੋਰ ਲੈਣਾ । ਸਟੇਟ ਤੇ ਉਸ ਦੇ ਰਾਜ-ਪ੍ਰਬੰਧ ਆਦਿ ਦੀ ਸਮਾਜ ਦੇ ਸੰਦਾਂ, ਦਾਸਾਂ ਤੋਂ ਉਸ ਦੇ ਮਾਲਕ, ਉਸ ਦੇ ਸਿਰ ਦੇ ਸਵਾਰ ਹੋ ਜਾਣ ਦੀ ਕਾਇਆਂ-ਪਲਟੀ ਦੇ ਮਸਲੇ ਦਾ ਕਮਿਊਨ ਨੇ ਹੱਲ ਕੀਤਾ, ਤੇ ਕੀਤਾ ਵੀ ਨਿਹਕਲੰਕ । ਇਕ ਤਾਂ ਉਸ ਨੇ ਸਭ ਅਡੰਬਰ ਵਾਸਤੇ ਸਮੂਹ ਦੀਆਂ ਵੋਟਾਂ (**universal sufferage**) ਦੇ ਆਧਾਰ 'ਤੇ ਚੋਣਾਂ ਦੇ ਰਾਹ ਦਾ ਫ਼ੈਸਲਾਕੁਨ ਨਿਤਾਰਾ ਕੀਤਾ ਤੇ ਚੋਣਾਂ ਕੀਤੀਆਂ । ਪਰ ਚੋਣਾਂ 'ਤੇ ਗੱਲ ਛੱਡ ਨਹੀਂ ਦਿੱਤੀ । ਚੁਣਿਆਂ ਉਤੇ ਚੁਣਨ ਵਾਲਿਆਂ ਦਾ ਹਮੇਸ਼ਾਂ ਦਾ ਲੋਹੇ-ਜੜਿਆ ਕੁੰਡਾ ਰਖਿਆ । ਚੁਣਨ ਦੇ ਨਾਲ ਹੀ ਇਹ ਕਰ ਦਿੱਤਾ ਕਿ ਜਦੋਂ ਵੀ ਚਾਹੁਣ ਚੁਣਨ ਵਾਲੇ ਚੁਣੇ ਹੋਏ ਨੂੰ ਵਾਪਸ ਬੁਲਾ ਲੈਣ । (**subject to right of recall at any time**) ।

ਇਸ ਦਾ ਅਸਲਾ ਕੀ ਹੈ ? ਮਨੋਰਥ ਇਹ ਹੈ ਕਿ ਜ਼ਿੰਦਗੀ ਦੇ ਹਰ ਪਹਿਲੂ ਵਿਚ ਕਾਰਿੰਦੇ ਇਕ ਤਾਂ ਪਰੋਲਤਾਰੀ ਦੇ ਪੈਂਤੜੇ ਵਾਲਿਆਂ ਦੇ ਸਹੀ ਅਰਥਾਂ ਵਿਚ ਪ੍ਰਤੀਨਿਧ ਹੋਣ ਅਤੇ ਦੂਸਰੇ, ਹਮੇਸ਼ਾਂ ਪ੍ਰਤੀਨਿਧਤਾ ਕਰਨ, ਹੇਠਲਿਆਂ ਦੇ ਕਾਬੂ ਵਿਚ ਰਹਿਣ । ਸਟੇਟ ਤੇ ਰਾਜ-ਪ੍ਰਬੰਧ ਦੀ ਤੋਰ 'ਤੇ ਹੇਠਲਿਆਂ ਦਾ ਕਬਜ਼ਾ ਰਹੇ । ਹੇਠਲਿਆਂ ਦੀ ਮਰਜ਼ੀ ਦੀ, ਉਹਨਾਂ ਦੇ ਹਿੱਤ ਦੀ, ਪਰੋਲਤਾਰੀ ਦੇ ਪੈਂਤੜੇ ਦੇ ਹਿੱਤ ਦੀ ਸਹੀ ਅਰਥ ਵਿਚ ਅਮਲੀ ਤੌਰ 'ਤੇ ਤਰਜਮਾਨੀ ਹੋਵੇ । ਸਟੇਟ ਤੇ ਉਸ ਦੇ ਰਾਜ-ਪ੍ਰਬੰਧ ਦਾ ਅਡੰਬਰ ਪਰੋਲਤਾਰੀ ਦੇ ਪੈਂਤੜੇ ਤੋਂ ਬੇਮੁਹਾਰ ਨਾ ਹੋ ਸਕੇ । ਜਿਸ ਜਮਾਤੀ ਪੈਂਤੜੇ ਵਾਲਿਆਂ ਸਟੇਟ ਤੇ ਰਾਜ-ਪ੍ਰਬੰਧ ਬਣਾਏ ਹਨ ਉਹਨਾਂ ਨਾਲੋਂ ਉਹ ਨਿਖੜ ਨਾ ਸਕਣ । ਪਰੋਲਤਾਰੀ ਦੇ ਪੈਂਤੜੇ ਵਾਲਿਆਂ ਦੀ ਸਟੇਟ ਤੇ ਉਸ ਦਾ ਰਾਜ-ਪ੍ਰਬੰਧ ਉਹਨਾਂ ਦੇ ਨਾਲ, ਉਹਨਾਂ ਦੇ ਵੱਸ ਰਹਿੰਦੇ ਹਨ ਜਾਂ ਉਹਨਾਂ ਤੋਂ ਆਪਣੀ ਨਕੇਲ ਛੁਡਾ ਜਾਂਦੇ ਹਨ; ਉਹਨਾਂ ਦੇ ਪੈਂਤੜੇ 'ਤੇ ਰਹਿੰਦੇ ਹਨ ਜਾਂ ਉਹਨਾਂ ਦੇ ਵਿਰੋਧੀ ਪੈਂਤੜੇ 'ਤੇ ਚਲੇ ਜਾਂਦੇ ਹਨ—ਇਹ ਪਰੋਲਤਾਰੀ ਜਮਾਤ ਵਾਸਤੇ ਜ਼ਿੰਦਗੀ ਮੌਤ ਦਾ ਸਵਾਲ ਹੈ । ਇਸ ਕੜੀ ਨੂੰ ਹੋਰ ਪੱਕਿਆਂ ਕਰਨ ਵਾਸਤੇ ਕਮਿਊਨ ਨੇ ਇਹ ਕੀਤਾ ਕਿ ਜ਼ਿੰਦਗੀ ਦੇ ਹਰ ਖੇਤਰ ਵਿਚ ਕਮਿਊਨ ਤੋਂ ਲਗ ਕੇ ਹੇਠਾਂ ਤਕ ਪਬਲਿਕ ਸੇਵਾ ਕਰਦੇ ਸਭ ਕਾਰਿੰਦਿਆਂ (**functionaries**) ਦਾ ਇਵਜ਼ਾਨਾ ਉਹ ਹੀ ਹੋਵੇ ਜੋ ਆਮ ਵਰਕਰ ਕਮਾਉਂਦਾ ਹੈ, ਤਾਕਿ ਉਹਨਾਂ ਦੀ ਰਹਿਣੀ-ਬਹਿਣੀ ਵਰਕਰਾਂ ਨਾਲੋਂ ਵੱਖਰੀ ਕਿਸਮ ਦੀ ਜਾਂ ਉਚੀ ਨਾ ਹੋ ਜਾਏ ਤੇ ਉਹਨਾਂ ਨੂੰ ਆਪਣੀ ਪਦਵੀ ਦੀਆਂ ਸਹੂਲਤਾਂ ਖੜੀਆਂ ਕਰਨ ਦਾ ਲਲਚਾ ਨਾ ਪਵੇ । ਉਹ ਕੁਰਸੀ-ਪ੍ਰਸਤੀ ਦੇ ਸ਼ਿਕਾਰ ਨਾ ਹੋਣ ਅਤੇ ਉਹਨਾਂ ਦੀ ਕੁਰਸੀ ਤੇ ਪਦਵੀ ਉਹਨਾਂ ਵਾਸਤੇ ਸਦਾਚਾਰਕ ਜ਼ਹਿਰ ਸਾਬਤ ਨਾ ਹੋਵੇ[1] ਤੇ ਉਹਨਾਂ ਦੀ ਸਵੈਸਫਲਤਾ ਪਰੋਲਤਾਰੀ ਦੇ ਪੈਂਤੜੇ ਦੀ ਸੇਵਾ ਹੀ ਰਹੇ । ਥੱਲੇ ਵਾਲਿਆਂ ਦੇ ਹੱਥੋਂ ਹਰ ਵੇਲੇ ਕੱਸੀਦੀ ਲਗਾਮ ਤੋਂ ਬਗੈਰ ਨਾ ਸਟੇਟ ਤੇ ਉਸ ਦਾ ਰਾਜ-ਪ੍ਰਬੰਧ ਸਿੱਧੇ ਰਸਤੇ 'ਤੇ ਰਹਿ ਸਕਦੇ ਹਨ ਤੇ ਨਾ ਹੀ ਪਾਰਟੀ ਤੇ ਉਸ ਦਾ ਕਾਡਰ । ਕਮਿਊਨ



ਹੈ ਤਾਂ ਸਨਅਤੀ ਮਜ਼ਦੂਰ ਜਮਾਤ ਦਾ ਲਿਆਂਦਾ ਪਹਿਲਾ ਇਨਕਲਾਬ ਸੀ ਪਰ ਉਸ ਨੇ ਸਿਰਫ਼ ਇਹ ਹੀ ਸਾਬਤ ਨਹੀਂ ਕੀਤਾ ਕਿ ਸਨਅਤੀ ਮਜ਼ਦੂਰ ਜਮਾਤ ਆਪਣੇ ਪੈਂਤੜੇ ਦਾ ਹਿੱਤ ਸਮਝ ਸਕਦੀ ਹੈ, ਨਿਰੇ ਇਵਜ਼ਾਨੇ ਦੇ ਥੋਹੜ-ਬਹੁਤ ਦੇ ਚੱਕਰ ਵਿਚ ਆਰਥਕਤਾ ਦੇ ਦਾਇਰੇ ਵਿਚ ਹੀ ਮਹਿਦੂਦ ਨਹੀਂ ਰਹਿੰਦੀ, ਬਲਕਿ ਉਦਮ ਤੇ ਚੇਤਨਤਾ ਦੇ ਨਾਲ ਆਪਣੇ ਜਮਾਤੀ ਹਿੱਤ ਦੇ ਆਧਾਰ 'ਤੇ ਸਮੁਚੀ ਜ਼ਿੰਦਗੀ ਉਸਾਰਨ, ਢਾਲਣ ਵਾਸਤੇ ਪਹਿਲ-ਕਦਮੀ ਵੀ ਕਰ ਸਕਦੀ ਹੈ ।

**ਅਕਤੂਬਰ ਇਨਕਲਾਬ** ਸਨਅਤੀ ਮਜ਼ਦੂਰ ਜਮਾਤ ਦਾ ਲਿਆਂਦਾ, ਪਰੋਲਤਾਰੀ ਦੇ ਪੈਂਤੜੇ ਦਾ, ਦੂਸਰੇ ਪੜਾਅ ਦਾ ਸਮਾਜਵਾਦੀ ਇਨਕਲਾਬ ਸੀ । ਦੂਸਰੇ ਪੜਾਅ ਦਾ ਇਸ ਵਾਸਤੇ ਕਿ ਇਸ ਵਿਚ ਪਰੋਲਤਾਰੀ ਜਮਾਤ ਆਪਣੇ ਸਫ਼ਰ ਦੇ ਦੂਸਰੇ ਪੜਾਅ ਤਕ ਪਹੁੰਚੀ । ਪਿੰਡ ਦਾ ਸੀਨ ਇਸ ਦਾ ਸਹਾਈ ਹੋਇਆ । ਫ਼ੀਊਡਲ ਦੇ ਵਿਰੁਧ ਕਿਸਾਨੀ ਤਬਕੇ ਨੇ ਆਪਣਾ ਬੁਰਜੂਆ ਜਮਹੂਰੀ ਇਨਕਲਾਬ ਲਿਆਉਂਦਿਆਂ ਇਸ ਦਾ ਸਾਥ ਦਿੱਤਾ । ਉਸ ਦੇ ਦਿੱਤੇ ਸਾਥ ਕਰਕੇ ਇਸ ਇਨਕਲਾਬ ਨੇ ਆਪਣੀ ਜਮਾਤੀ ਤਾਕਤ ਦੇ ਪੈਰ ਬੱਧੇ । ਐਸੇ ਬੱਧੇ ਕਿ ਸਭ ਕਵੱਲੇ ਹਾਲਾਤ ਦੇ ਬਾਵਜੂਦ ਨਾ ਸਿਰਫ਼ ਮੁਲਕ ਦੀ ਕਾਬਜ਼ ਬੁਰਜੁਆਜ਼ੀ ਹੀ, ਬਲਕਿ ਬਾਹਰਲੀ ਸਾਮਰਾਜੀ ਮੁਦਾਖਲਤ ਵੀ ਉਹਨਾਂ ਬੱਝੇ ਪੈਰਾਂ ਨੂੰ ਹਿਲਾ ਨਾ ਸਕੀ । ਅਕਤੂਬਰ ਇਨਕਲਾਬ ਨੇ ਸਾਬਤ ਕਰ ਦਿੱਤਾ ਕਿ ਫ਼ੀਊਡਲ-ਵਿਰੋਧੀ ਕਿਰਸਾਨੀ ਦੇ ਸਾਥ ਨਾਲ ਪਰੋਲਤਾਰੀ ਜਮਾਤ ਆਪਣੀ ਜਮਾਤੀ ਤਾਕਤ ਐਨੀ ਮਜ਼ਬੂਤ ਬਣਾ ਸਕਦੀ ਹੈ ਕਿ ਕੋਈ ਤਾਕਤ, ਭਾਵੇਂ ਉਹ ਮੁਲਕ ਦੀ ਕਾਬਜ਼ ਬੁਰਜੁਆਜ਼ੀ ਹੋਵੇ ਤੇ ਭਾਵੇਂ ਉਹ ਤੇ ਬਾਹਰਲਾ ਸਾਮਰਾਜ ਦੋਵੇਂ ਹੀ ਰਲ ਜਾਣ, ਉਸ ਦੇ ਲਿਆਂਦੇ ਇਨਕਲਾਬ ਨੂੰ ਹਿਲਾ ਨਹੀਂ ਸਕਦੇ ।

ਅਕਤੂਬਰ ਇਨਕਲਾਬ ਮਰਿਆ ਪਰ ਆਪਣੇ ਅੰਦਰਲੇ ਵਿਗਾੜ ਦਾ ਮਾਰਿਆ । ਇਹ ਅੰਤ ਹਾਰਿਆ ਪਰ ਆਪਣੇ ਅੰਦਰਲੇ ਵਿਗਾੜ ਦਾ ਹਰਾਇਆ । ਰੂਸੀ ਆਰਥਕ ਸਮਾਜਕ ਫਾਰਮੇਸ਼ਨ ਤਾਂ ਬੁਰਜੂਆ ਹੋ ਗਈ ਪਰ ਅਕਤੂਬਰ ਇਨਕਲਾਬ ਦੀ ਕੀਤੀ ਐਵੇਂ ਨਹੀਂ ਗਈ । ਇਸ ਦੀ ਹੋਂਦ ਨੇ ਚੀਨੀ ਇਨਕਲਾਬ ਦੇ ਆਉਣ ਵਿਚ ਮਦਦ ਕੀਤੀ । ਇਸ ਨੇ ਮਾਰਕਸਵਾਦ ਦੇ ਸਿਧਾਂਤ ਨੂੰ ਯੂਰਪ ਤੋਂ ਬਾਹਰ ਸਭ ਦੁਨੀਆਂ ਵਿਚ, ਖਾਸ ਕਰ ਤੀਸਰੀ ਦੁਨੀਆਂ ਦੇ ਮੁਲਕਾਂ ਵਿਚ, ਫੈਲਾਇਆ ਅਤੇ ਮਾਰਕਸਵਾਦੀ ਸਮਝ ਦੇ ਆਧਾਰ 'ਤੇ ਉਥੇ ਰਾਸ਼ਟਰੀ ਆਜ਼ਾਦੀ ਵਾਸਤੇ, ਇਸ ਤੋਂ ਉਪਰੰਤ ਬੰਦੇ ਦੀ ਆਜ਼ਾਦੀ ਵਾਸਤੇ ਇਨਕਲਾਬੀ ਲਹਿਰਾਂ ਉਠੀਆਂ ਤੇ ਬਸਤੀਵਾਦ ਦੀ ਸਫ ਵਲ੍ਹੇਟੀ ਜਾਣੀ ਸ਼ੁਰੂ ਹੋਈ । ਇਸ ਦੇ ਮਰ ਜਾਣ ਨੇ ਵੀ ਦੁਨੀਆਂ ਭਰ ਦੇ ਲੋਕਾਂ ਨੂੰ ਉਹ ਸਬਕ ਸਿਖਾਇਆ ਹੈ ਜੋ ਹੋਰ ਕਿਸੇ ਤਰ੍ਹਾਂ ਸਿਖਿਆ ਨਹੀਂ ਸੀ ਜਾ ਸਕਦਾ । ਇਸ ਦੇ ਅੰਦਰਲੇ ਵਿਗਾੜ ਨਾਲ ਮਰ ਜਾਣ ਨੇ ਸੰਸਾਰ ਦੀ ਇਨਕਲਾਬੀ ਮਾਰਕਸਵਾਦੀ ਲਹਿਰ ਦੇ ਰੌਂਗਟੇ ਖੜੇ ਕਰ ਦਿਤੇ ਅਤੇ ਉਸ ਨੂੰ ਅਹਿਸਾਸ ਕਰਵਾਇਆ ਕਿ ਇਨਕਲਾਬ ਲਿਆਉਣਾ ਹੀ ਕਾਫ਼ੀ ਨਹੀਂ । ਜੇ ਚੌਕੰਨੇ ਹੋ ਕੇ ਰਾਖੀ ਨਾ ਕੀਤੀ ਜਾਵੇ ਤਾਂ ਲਿਆਂਦਾ ਹੋਇਆ ਇਨਕਲਾਬ ਅੰਦਰੋਂ ਅੰਦਰੀ ਖੁਰ ਕੇ ਢਹਿ ਢੇਰੀ ਵੀ ਹੋ ਸਕਦਾ ਹੈ । ਪਹਿਲੀ, ਕਾਬਜ਼ ਬੁਰਜੁਆਜ਼ੀ ਦੇ ਖੁਰਦ ਬੁਰਦ ਹੋ ਕੇ ਖਤਮ ਹੋਣ ਦੇ ਬਾਵਜੂਦ ਨਵੀਂ ਬੁਰਜੁਆਜ਼ੀ ਪੈਦਾ ਹੋ ਸਕਦੀ ਹੈ । ਲਿਆਂਦੇ ਇਨਕਲਾਬ ਦੀ ਧਰਤੀ ਉਤੇ ਬੁਰਜੁਆਜ਼ੀ ਮੁੜ ਬਹਾਲ ਹੋ ਸਕਦੀ ਹੈ । ਅਕਤੂਬਰ ਇਨਕਲਾਬ ਦੀ ਮੌਤ ਨੇ ਇਨਕਲਾਬੀਆਂ ਤੇ ਮਾਰਕਸਵਾਦੀਆਂ ਦੇ ਕੰਨ ਖੜੇ ਕਰ ਦਿਤੇ ਹਨ ਕਿ ਇਕਾਨੋਮਿਜ਼ਮ ਆਏ ਇਨਕਲਾਬ ਵਾਸਤੇ ਵੀ ਐਸਾ ਜਾਨ-ਲੇਵਾ ਕੋਹੜ ਹੈ ਜਿਸ ਦਾ ਇਸ ਸਾਰੇ ਸਮਾਜਵਾਦ ਦੇ ਸਾਰੇ ਇਤਿਹਾਸਕ ਦੌਰ ਵਿਚ ਬੀਜ ਨਾਸ ਹੋ ਹੀ ਨਹੀਂ ਸਕਦਾ, ਜਿਸ ਦਾ ਮੁੜ ਮੁੜ ਉਭਰਦੇ ਆਉਣਾ ਕੁਦਰਤੀ ਹੈ, ਲਾਜ਼ਮੀ ਹੈ । ਜੋ ਕਿਸੇ ਵੇਲੇ ਵੀ, ਕਿਸੇ ਥਾਂ

ਵੀ ਪੁੰਗਰ ਸਕਦਾ ਹੈ, ਤਾਕਤ ਪਕੜ ਸਕਦਾ ਹੈ । ਇਹ ਐਸੀ ਸਰਬ-ਵਿਆਪੀ ਪਲੇਗ ਹੈ ਕਿ ਜੇ ਇਨਕਲਾਬ ਇਸ ਨੂੰ ਜਿਥੇ ਇਹ ਜੰਮੇ ਉਥੇ ਹੀ ਨਾ ਮਾਰੇ ਤਾਂ ਉਸ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪੈਂਦੇ ਹਨ । ਇਸ ਨਾਲ ਸਦਾ ਸਿਰ-ਧੜ ਦੀ ਲਾਈ ਰਖਣ ਵਿਚ ਹੀ, ਇਸ ਨੂੰ ਜੜ੍ਹੋਂ ਪਕੜਨ ਵਿਚ ਹੀ ਇਨਕਲਾਬ ਦੀ ਆਪਣੀ ਜਾਨ ਹੈ। ਇਸ ਨੂੰ ਲਗਾਤਾਰ ਮਾਰੀ ਜਾਣ ਦੇ ਬਗੈਰ ਬੰਦੇ ਦੀ ਆਜ਼ਾਦੀ ਦਾ ਰਾਹ ਖੁਲ੍ਹ ਸਕਦਾ ਹੀ ਨਹੀਂ, ਖੁਲ੍ਹਾ ਰਹਿ ਸਕਦਾ ਹੀ ਨਹੀਂ । ਬੰਦੇ ਦੀ ਆਜ਼ਾਦੀ ਵਾਸਤੇ ਅਕਤੂਬਰ ਇਨਕਲਾਬ ਉਹ ਪਰੇਰਨਾ ਹੈ ਜੋ ਕਦੀ ਖਤਮ ਨਹੀਂ ਹੋ ਸਕਦੀ। ਉਸ ਦੇ ਅੰਦਰੋਂ ਪਏ ਵਿਗਾੜ ਦਾ ਵੇਗ ਅਸੀਂ ਵੇਖ ਚੁਕੇ ਹਾਂ । ਅਤੇ ਜਿਨ੍ਹਾਂ ਅਲਾਮਤਾਂ ਦੇ ਲੱਗਣ ਨਾਲ ਉਹ ਉਲਟ-ਇਨਕਲਾਬ ਵਿਚ ਤਬਦੀਲ ਹੋ ਗਿਆ ਉਹਨਾਂ ਨੂੰ ਵੀ ਫ਼ੋਲ ਚੁਕੇ ਹਾਂ । ਇਨਕਲਾਬ ਦੇ ਮਗਰੋਂ ਬੁਰਜੁਆਜ਼ੀ ਦੇ ਮੁੜ ਬਹਾਲ ਹੋਣ ਦਾ ਮਸਲਾ ਖੜਾ ਰਹਿੰਦਾ ਹੈ। ਅਕਤੂਬਰ ਇਨਕਲਾਬ ਬਤੌਰ ਇਨਕਲਾਬ ਇਸ ਮਸਲੇ ਨੂੰ ਮੁਖਾਤਬ ਨਾ ਹੋ ਸਕਿਆ। ਸੋ ਉਸ ਦੇ ਹਲ ਦਾ ਰਾਹ ਨਾ ਲਭ ਸਕਿਆ।

**ਚੀਨ ਦਾ ਇਨਕਲਾਬ** ਪਰੋਲਤਾਰੀ ਦੇ ਪੈਂਤੜੇ ਦੇ ਸਫ਼ਰ ਦੇ ਤੀਸਰੇ ਪੜਾਅ ਦਾ ਇਨਕਲਾਬ ਹੈ। ਇਸ ਇਨਕਲਾਬ ਨੇ ਸਮਾਜਵਾਦੀ ਇਨਕਲਾਬ ਦਾ ਦਾਇਰਾ ਹੋਰ ਵਿਸ਼ਾਲ ਕੀਤਾ ਹੈ। ਇਸ ਨੇ ਸਿਧਾਂਤਕ ਤੌਰ 'ਤੇ ਹੀ ਸਾਬਤ ਨਹੀਂ ਕੀਤਾ ਬਲਕਿ ਅਮਲੀ ਤੌਰ 'ਤੇ ਵੀ ਕਰ ਕੇ ਵਿਖਾ ਦਿਤਾ ਹੈ ਕਿ ਸਾਮਰਾਜ ਦੀ ਬਸਤੀ ਜਾਂ ਅਰਧ ਬਸਤੀ ਬਣੇ ਮੁਲਕਾਂ ਵਿਚ ਜਿੱਥੇ ਸਨਅਤੀ ਮਜ਼ਦੂਰ ਜਮਾਤ ਜਾਂ ਤਾਂ ਹੈ ਹੀ ਨਹੀਂ ਤੇ ਜੇ ਹੈ ਤਾਂ ਐਨੀ ਥੋੜੀ ਗਿਣਤੀ ਵਿਚ ਹੈ ਕਿ ਉਹ ਸਮਾਜਵਾਦੀ ਇਨਕਲਾਬ ਦੀ ਬਤੌਰ ਜਮਾਤ ਅਗਵਾਈ ਕਰਨ ਜੋਗੀ ਨਹੀਂ, ਉਥੇ ਵੀ ਸਮਾਜਵਾਦੀ ਇਨਕਲਾਬ ਲਿਆਂਦਾ ਜਾ ਸਕਦਾ ਹੈ, ਆ ਸਕਦਾ ਹੈ। ਸਮਾਜਵਾਦੀ ਇਨਕਲਾਬ ਦੀ ਅਗਵਾਈ ਤਾਂ ਅੰਤ ਪਰੋਲਤਾਰੀ ਦੇ ਪੈਂਤੜੇ ਨੇ ਹੀ ਕਰਨੀ ਹੈ। ਹੋਰ ਕੋਈ ਜਮਾਤੀ ਪੈਂਤੜਾ ਤਾਂ ਕਰ ਨਹੀਂ ਸਕਦਾ। ਪਰ ਇਹ ਲਾਜ਼ਮੀ ਨਹੀਂ ਕਿ ਸਮਾਜਵਾਦੀ ਇਨਕਲਾਬ ਦੀ ਅਗਵਾਈ ਸਨਅਤੀ ਮਜ਼ਦੂਰ ਜਮਾਤ ਕਰੇ। ਇਸ ਜਮਾਤ ਦੀ ਅਗਵਾਈ ਦੀ ਥਾਂ ਮਾਰਕਸਵਾਦ ਤੇ ਉਸ ਦਾ ਸਰੂਪ ਹੋਈ ਮਾਰਕਸਵਾਦੀ ਪਾਰਟੀ ਅਗਵਾਈ ਕਰ ਸਕਦੀ ਹੈ। ਪਰ ਪਾਰਟੀ ਤਾਂ ਆਪਣੇ ਆਪ ਕਦੇ ਇਨਕਲਾਬ ਲਿਆ ਨਹੀਂ ਸਕਦੀ। ਪਾਰਟੀ ਦੀ ਅਗਵਾਈ ਹੇਠ ਇਨਕਲਾਬ ਤਾਂ ਹਮੇਸ਼ਾਂ ਜਮਾਤ ਲਿਆਉਂਦੀ ਹੈ। ਚੀਨੀ ਇਨਕਲਾਬ ਲਿਆਂਦਾ ਮਾਰਕਸਵਾਦ ਦੀ, ਮਾਰਕਸਵਾਦੀ ਪਾਰਟੀ ਦੀ ਅਗਵਾਈ ਹੇਠ, ਸਾਮਰਾਜ, ਦਲਾਲ-ਅਫ਼ਸਰਸ਼ਾਹੀ, ਬੁਰਜੁਆਜ਼ੀ ਤੇ ਫੀਊਡਲ-ਵਿਰੋਧੀ ਕਿਸਾਨੀ ਜਮਾਤ ਨੇ; ਇਹਨਾਂ ਲਹੂ-ਚੂਸ ਜਮਾਤਾਂ ਤੇ ਬਾਕੀ ਦੇ ਸਭ ਲੋਕਾਂ ਦੇ ਦਰਮਿਆਨ ਮੁਖੀ ਵਿਰੋਧ ਨੂੰ ਹੱਲ ਕਰ ਕੇ, ਇਹਨਾਂ ਜਮਾਤਾਂ ਨੂੰ ਮੁਲਕ ਵਿਚੋਂ ਖ਼ਤਮ ਕਰ ਕੇ। ਇਉਂ ਆਏ ਇਨਕਲਾਬ ਦਾ ਅਰਥ ਕੀ ਹੈ ? ਅਰਥ ਇਹ ਹੈ ਕਿ ਪਰੋਲਤਾਰੀ ਜਮਾਤ ਦੀ ਬਤੌਰ ਜਮਾਤ ਅਗਵਾਈ ਬਗ਼ੈਰ ਵੀ, ਫੀਊਡਲ-ਵਿਰੋਧੀ ਕਿਸਾਨੀ ਤਬਕਾ, ਵਿਦਿਆਰਥੀ ਤੇ ਨਿਗੂਣੀ ਬੁਰਜੁਆ ਜਮਾਤ ਦਾ ਜੰਮਪਲ ਬੁਧੀਮਾਨ ਤਬਕਾ ਵੀ ਇਨਕਲਾਬੀ, ਮਾਰਕਸਵਾਦੀ ਚੇਤਨਤਾ ਗ੍ਰਹਿਣ ਕਰ ਕੇ ਇਨਕਲਾਬ ਲਿਆ ਸਕਦਾ ਹੈ। ਇਸ ਤੱਥ ਦਾ ਮੂਲ ਕੀ ਹੈ ? ਮੂਲ ਇਹ ਹੈ ਕਿ ਇਨਕਲਾਬ ਵਾਸਤੇ ਅਗਵਾਈ ਮਾਰਕਸਵਾਦ ਦੀ ਲਾਜ਼ਮੀ ਹੈ, ਸਨਅਤੀ ਜਮਾਤ ਦੀ ਨਹੀਂ । ਇਸ ਤੱਥ 'ਚੋਂ ਅਮਲੀ ਪੱਧਰ 'ਤੇ ਨਿਕਲਿਆ ਕੀ ? ਅਮਲੀ ਪੱਧਰ 'ਤੇ ਨਿਕਲਿਆ ਇਹ ਕਿ ਅਜ ਦੇ ਪ੍ਰਸੰਗ ਵਿਚ ਬਸਤੀਵਾਦੀ ਜਾਂ ਅਰਧ-ਬਸਤੀਵਾਦੀ ਮੁਲਕਾਂ ਵਿਚ ਸਮਾਜਵਾਦੀ



ਇਨਕਲਾਬ ਲਿਆਉਣ ਵਾਸਤੇ, ਮੁਲਕ ਵਿਚ ਹੋਈ ਸਨਅਤੀ ਉਸਾਰੀ ਤਕ ਉਡੀਕਣ ਦੀ ਲੋੜ ਨਹੀਂ। ਸਨਅਤੀ ਮਜ਼ਦੂਰ ਜਮਾਤ ਦਾ ਬਹੁਤੀ ਗਿਣਤੀ ਵਿਚ ਨਾ ਹੋਣਾ, ਮੁਲਕ ਦੀ ਵਸੋਂ ਵਿਚ ਉਸ ਦੇ ਨਾਂ-ਮਾਤਰ ਹੋਣ ਦਾ ਇਹ ਹੀ ਅਰਥ ਹੈ ਕਿ ਮੁਲਕ ਵਿਚ ਸਨਅਤੀ ਮਜ਼ਦੂਰ ਜਮਾਤ ਦਾ ਹੋਣਾ ਹੋਈ ਸਨਅਤੀ ਉਸਾਰੀ 'ਤੇ ਹੀ ਨਿਰਭਰ ਹੈ । ਸਿੱਧੇ ਮੋਟੇ ਲਫ਼ਜ਼ਾਂ ਵਿਚ ਮਤਲਬ ਹੈ ਕਿ ਐਸੇ ਮੁਲਕਾਂ ਵਿਚ ਪਰੋਲਤਾਰੀ ਦਾ ਪੈਂਤੜਾ, ਆਜ਼ਾਦ ਸਰਮਾਏਦਾਰੀ ਦੀ ਉਸਾਰੀ ਦੀ ਸਟੇਜ ਨੂੰ ਛੜੱਪਾ ਮਾਰ ਕੇ ਲੰਘ ਸਕਦਾ ਹੈ। ਸਮਾਜਵਾਦੀ ਇਨਕਲਾਬ ਤੋਂ ਪਹਿਲਾਂ ਤਾਂ ਸਨਅਤੀ ਮਜ਼ਦੂਰ ਜਮਾਤ ਸਰਮਾਏਦਾਰੀ ਨੇ ਹੀ ਪੈਦਾ ਕਰਨੀ ਹੁੰਦੀ ਹੈ। ਸਮਾਜਵਾਦੀ ਇਨਕਲਾਬ ਲਿਆਉਣ ਵਾਸਤੇ ਸਨਅਤੀ ਮਜ਼ਦੂਰ ਜਮਾਤ ਦੇ ਬਗ਼ੈਰ ਸਰ ਜਾਣ ਦਾ ਅਰਥ ਹੈ ਕਿ ਪਰੋਲਤਾਰੀ ਦਾ ਪੈਂਤੜਾ ਆਪਣੀ ਅਗਵਾਈ ਹੇਠ ਬੁਰਜੁਆ ਜ਼ਮਹੂਰੀ ਇਨਕਲਾਬ ਲਿਆ ਕੇ—ਸਾਮਰਾਜ ਦੀ ਛੱਟ ਨੂੰ ਲਾਹ ਕੇ — ਬਸਤੀਵਾਦ ਜਾਂ ਅਰਧ-ਬਸਤੀਵਾਦ ਦੀ ਹਾਲਤ ਨੂੰ ਖ਼ਤਮ ਕਰ ਕੇ ਤੇ ਉਸ ਦੇ ਨਾਲ ਹੀ ਫੀਊਡਲ ਦਾ ਘੁਟ ਭਰ ਕੇ ਸਮਾਜਵਾਦੀ ਇਨਕਲਾਬ ਲਿਆ ਸਕਦਾ ਹੈ ਤੇ ਬੁਰਜੁਆਜ਼ੀ ਦੇ ਪੈਂਤੜੇ ਦੇ ਖ਼ਿਲਾਫ਼ ਲਗਾਤਾਰ ਆਰਥਕ, ਸਿਆਸੀ, ਵਿਚਾਰਧਾਰਕ, ਜਮਾਤੀ ਜਦੋ-ਜਹਿਦ ਕਰਦਾ ਹੋਇਆ ਸਿੱਧਾ ਸਮਾਜਵਾਦ ਦੀ ਉਸਾਰੀ ਦੇ ਰਾਹੇ ਪੈ ਸਕਦਾ ਹੈ।

ਤੀਸਰੇ ਪੜਾਅ ਦੇ ਇਸ ਇਨਕਲਾਬ ਨੇ ਆਪਣੇ ਆਉਣ ਦੇ ਵੇਗ ਵਿਚ ਸਮਾਜਵਾਦੀ ਇਨ-ਕਲਾਬ ਦਾ ਦਾਇਰਾ ਹੀ ਬਹੁਤ ਵਿਸ਼ਾਲ ਨਹੀਂ ਕੀਤਾ, ਬਲਕਿ ਇਹ, ਇਨਕਲਾਬ ਆਉਣ ਦੇ ਮਗਰੋਂ ਦੇ ਮਸਲਿਆਂ ਨੂੰ ਵੀ ਹਿੱਕ ਡਾਹ ਕੇ ਮੁਖਾਤਬ ਹੋਇਆ । ਸਮਾਜਵਾਦੀ ਇਨਕਲਾਬ ਦੇ ਆ ਜਾਣ ਮਗਰੋਂ ਉਸ ਨੂੰ ਪੇਸ਼ ਸ਼ਰੋਮਣੀ ਮਸਲਾ ਕੀ ਹੈ ? ਸਮਾਜਵਾਦੀ ਇਨਕਲਾਬ ਦੇ ਆਉਣ ਦਾ ਮਤਲਬ ਇਹ ਨਹੀਂ ਹੁੰਦਾ ਕਿ ਇਨਕਲਾਬ ਪੂਰਾ ਹੋ ਗਿਆ । ਇਨਕਲਾਬ ਦੇ ਆਉਣ ਨਾਲ ਵੀ ਇਨਕਲਾਬ ਅਧੂਰਾ ਹੁੰਦਾ ਹੈ। ਉਸ ਨੇ ਅਜੇ ਪੂਰਾ ਹੋਣਾ ਹੁੰਦਾ ਹੈ। ਇਨਕਲਾਬ ਦੇ ਆਉਣ ਦੇ ਮਗਰੋਂ ਉਸ ਦੇ ਸਾਹਮਣੇ ਮੂਲ ਮਸਲਾ ਹੁੰਦਾ ਹੈ ਆਪਣੇ ਆਪ ਨੂੰ ਜਾਰੀ ਰਖਣਾ। ਜਮਾਤੀ ਜਦੋ-ਜਹਿਦ ਕਰਦੇ ਕਰਦੇ, ਹੁੰਦੇ ਹੁੰਦੇ ਆਪਣੇ ਨਿਸ਼ਾਨੇ ਵਲ ਨੂੰ ਤੁਰਨਾ ਤੇ ਕਮਿਊਨਿਸਟ ਸਮਾਜ ਦੀ ਉਸਾਰੀ ਤਕ ਪਹੁੰਚਣਾ । ਇਨਕਲਾਬ ਦੇ ਆਉਣ ਮਗਰੋਂ, ਉਸ ਦੇ ਪੂਰਿਆਂ ਹੋਣ ਦੇ ਦੌਰ ਵਿਚ, ਉਸ ਨੂੰ ਸਭ ਨਾਲੋਂ ਵੱਡਾ, ਉਸ ਦੀ ਜਾਨ-ਲੇਵਾ, ਮਾਰੂ ਖ਼ਤਰਾ ਕੀ ਹੈ ? ਆਏ ਇਨਕਲਾਬ ਦੀ ਨਗੇਸ਼ਨ, ਬੁਰਜੁਆਜ਼ੀ ਦਾ ਮੁੜ ਬਹਾਲ ਹੋ ਜਾਣਾ, ਪਰੋਲਤਾਰੀ ਦੀ ਡਿਕਟੇਟਰਸ਼ਿਪ ਦਾ ਬੁਰਜੁਆ ਡਿਕਟੇਟਰਸ਼ਿਪ ਵਿਚ ਤਬਦੀਲ ਹੋ ਜਾਣਾ। ਤਾਕਤ ਦਾ, ਸਿਆਸੀ ਤਾਕਤ ਦਾ ਪਰੋਲਤਾਰੀ ਦੇ ਪੈਂਤੜੇ ਤੋਂ ਖਿਸਕ ਕੇ ਬੁਰਜੁਆ ਪੈਂਤੜੇ 'ਤੇ ਚਲੇ ਜਾਣਾ ਤੇ ਪਰੋਲਤਾਰੀ ਦੇ ਪੈਂਤੜੇ ਦਾ ਸਿਆਸੀ ਤਾਕਤ ਵਲੋਂ ਹੱਥਲ ਹੋ ਜਾਣਾ ।

ਇਨਕਲਾਬ ਦੇ ਆਉਣ ਦੇ ਮਗਰੋਂ ਸਮਾਜ ਵਿਚ ਬੁਨਿਆਦੀ ਮੁਖੀ ਵਿਰੋਧ ਹੁੰਦਾ ਹੈ ਪਰੋਤਾਰੀ ਤੇ ਬੁਰਜੁਆ ਪੈਂਤੜਿਆਂ ਦਾ ਆਪਸ ਵਿਚ। ਅਤੇ ਇਸ ਨੇ ਬਤੌਰ ਮੁਖੀ ਵਿਰੋਧ ਦੇ ਚਲਣਾ ਹੁੰਦਾ ਹੈ ਸਾਰੇ ਸਮਾਜਵਾਦੀ ਦੌਰ ਵਿਚ, ਉਨਾਂ ਚਿਰ, ਜਿੰਨਾਂ ਚਿਰ ਕਮਿਊਨਿਸਟ ਸਮਾਜ ਵਜੂਦ ਵਿਚ ਨਾ ਆ ਜਾਵੇ । ਇਹ ਦੌਰ ਬਹੁਤ ਲੰਮਾ ਹੈ। ਇਕ ਪੂਰਾ ਇਤਿਹਾਸਕ ਦੌਰ ਹੈ। ਉਸ ਤੋਂ ਵੀ ਲੰਮਾ ਹੋ ਸਕਦਾ ਹੈ । ਲੈਨਿਨ ਦੀ ਮੌਤ ਨੇ, ਉਸ ਨੂੰ ਆਏ ਰੂਸੀ ਇਨਕਲਾਬ ਦੀ ਅਗਵਾਈ ਬਹੁਤ ਚਿਰ ਨਾ ਕਰਨ ਦਿੱਤੀ। ਉਸ ਦੀ ਮੌਤ ਦੇ ਮਗਰੋਂ ਸਟਾਲਨ ਦੀ ਅਗਵਾਈ ਹੇਠ ਰੂਸੀ ਪਾਰਟੀ ਇਕਾਨੋਮਿਜ਼ਮ ਦਾ ਸ਼ਿਕਾਰ ਇਸ ਹੱਦ ਤਕ ਹੋ ਗਈ ਕਿ ਪੁਰਾਣੇ

ਫੀਊਡਲ ਤੇ ਪੁਰਾਣੀ ਬੁਰਜੁਆਜ਼ੀ ਨੂੰ ਖ਼ਤਮ ਕਰ ਕੇ, ਉਹਨਾਂ ਦੇ ਹੱਥੋਂ ਪੈਦਾਵਾਰ ਦੇ ਵਸੀਲਿਆਂ ਨੂੰ ਖੋਹ ਕੇ ਸਟਾਲਨ ਨੇ ਐਲਾਨੀਆਂ ਕਹਿ ਦਿਤਾ ਕਿ ਸਮਾਜ ਵਿਚੋਂ ਬੁਰਜੁਆਜ਼ੀ ਆਦਿ ਲੋਟੂ ਜਮਾਤਾਂ ਖ਼ਤਮ ਹੋ ਗਈਆਂ ਹਨ ।[2] ਦੂਸਰੇ ਲਫਜ਼ਾਂ ਵਿਚ, ਸਮਾਜਕ ਅਸਲੀਅਤ ਬਾਬਤ ਉਸ ਦੇ ਕੀਤੇ ਵਿਸ਼ਲੇਸ਼ਨ ਦਾ ਅਰਥ ਸੀ ਕਿ ਸਮਾਜ ਵਿਚੋਂ ਜਮਾਤੀ ਜਦੋ-ਜਹਿਦ ਖ਼ਤਮ ਹੈ ਤੇ ਲੋੜ ਸਿਰਫ਼ ਹੈ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਦੀ, ਮੁਲਕ ਵਿਚ ਸਨਅਤੀ ਉਸਾਰੀ ਆਦਿ ਦੀ । ਇਹ ਤੱਥ ਪੱਲੇ ਬੰਨ੍ਹਣ ਵਾਲਾ ਹੈ ਕਿ ਇਨਕਲਾਬ ਦੇ ਮਗਰੋਂ ਵੀ ਸਮਾਜ ਵਿਚ ਤੂਫ਼ਾਨੀ ਜਮਾਤੀ ਜਦੋ-ਜਹਿਦ ਚਲ ਰਹੀ ਹੁੰਦੀ ਹੈ ਪਰ ਇਕਾਨੋਮਿਜ਼ਮ ਉਸ ਉਤੇ ਹਮੇਸ਼ਾਂ ਪਰਦਾ ਪਾਉਂਦਾ ਹੈ । ਐਲਾਨੀਆਂ ਪੁਜ਼ੀਸ਼ਨ ਲੈਂਦਾ ਹੈ ਕਿ ਜਦੋਂ ਪੈਦਾਵਾਰ ਦੇ ਵਸੀਲੇ ਫੀਊਡਲ ਤੇ ਬੁਰਜੁਆਜ਼ੀ ਦੀ ਨਿਜੀ ਮਲਕੀਅਤ ਨਾ ਰਹਿਣ, ਸਟੇਟ ਆਦਿ ਦੀ ਮਲਕੀਅਤ ਹੋ ਜਾਣ ਤਾਂ ਸਮਾਜਵਾਦੀ ਇਨਕਲਾਬ ਪੂਰਾ ਹੋ ਜਾਂਦਾ ਹੈ, ਜਮਾਤੀ ਜਦੋ-ਜਹਿਦ ਖ਼ਤਮ ਹੋ ਜਾਂਦੀ ਹੈ ਤੇ ਮਸਲਾ ਸਿਰਫ਼ ਰਹਿ ਜਾਂਦਾ ਹੈ—ਪੈਦਾਵਾਰ ਨੂੰ ਵਧਾਉਣ ਦਾ, ਲੋੜੀਂਦੇ ਪਦਾਰਥਾਂ ਵਿਚ ਉਬਲ ਉਛਲ ਲਿਆਉਣ ਦਾ ।

ਜਦੋਂ ਪਾਰਟੀ ਦੀ ਲੀਡਰਸ਼ਿਪ ਨੇ ਐਲਾਨੀਆਂ ਪੁਜ਼ੀਸ਼ਨ ਹੀ ਇਹ ਲੈ ਲਈ ਕਿ ਲੋਟੂ ਜਮਾਤਾਂ ਦਾ ਖ਼ਾਤਮਾ ਹੋ ਚੁਕਾ ਹੈ ਤਾਂ ਬੁਰਜੁਆ ਪੈਂਤੜੇ ਦੇ ਵਿਰੁਧ, ਉਸ ਦੀ ਪੈਦਾ ਕੀਤੀ ਜਾ ਰਹੀ ਬੁਰਜੁਆਜ਼ੀ ਦੇ ਖ਼ਿਲਾਫ਼ ਜਮਾਤੀ ਜਦੋ-ਜਹਿਦ ਕਰਨੀ-ਕਰਵਾਉਣੀ ਕਿਸ ਨੇ ਸੀ ? ਬੁਰਜੁਆ ਤੇ ਪਰੋਲਤਾਰੀ ਪੈਂਤੜਿਆਂ ਦੇ ਆਪਸ ਵਿਚ ਵਿਰੋਧ ਤੇ ਉਸ ਨਾਲ ਸਬੰਧਤ ਮੁਸ਼ਕਲਾਂ ਦੇ ਹਲ ਕਰਨ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ । ਇਹ ਕੰਮ ਤੀਸਰੇ ਪੜਾਅ ਵਾਲੇ, ਚੀਨੀ ਇਨਕਲਾਬ ਦੇ ਸਿਰ ਪਿਆ । **ਇਕ** ਤਾਂ ਚੀਨੀ ਇਨਕਲਾਬ ਤੀਸਰੇ ਪੜਾਅ ਦਾ ਇਨਕਲਾਬ ਸੀ; **ਦੂਸਰੇ** ਇਸ ਇਨਕਲਾਬ ਦੇ ਆਉਣ ਵੇਲੇ ਇਸ ਕੋਲ ਰੂਸੀ ਇਨਕਲਾਬ ਦੇ ਮੁਕਾਬਲੇ 'ਤੇ ਇਨਕਲਾਬੀ ਅੰਸਰ ਜ਼ਿਆਦਾ ਸੀ, ਅਤੇ **ਤੀਸਰੇ** ਰੂਸੀ ਸਮਾਜ ਵਿਚ ਪੈ ਰਿਹਾ ਵਿਗਾੜ ਤੇ ਇਨਕਲਾਬ ਦੀ ਹੋ ਗਈ ਨਗੇਸ਼ਨ ਇਸ ਦੀਆਂ ਅੱਖਾਂ ਦੇ ਸਾਹਮਣੇ ਸੀ; ਤੇ **ਚੌਥੇ** ਇਨਕਲਾਬ ਆਉਣ ਦੇ ਮਗਰੋਂ ਇਸ ਨੂੰ ਮਾਓ ਦੀ ਅਗਵਾਈ ਕੋਈ ਢਾਈ ਦਹਾਕਿਆਂ ਤੋਂ ਵਧ ਸਮੇਂ ਤਕ ਨਸੀਬ ਹੁੰਦੀ ਰਹੀ । ਪਰੋਲਤਾਰੀ ਦੇ ਪੈਂਤੜੇ ਦੇ ਇਨਕਲਾਬ ਦੇ ਇਤਿਹਾਸ ਵਿਚ ਇਸ ਇਨਕਲਾਬ ਨੇ ਪਹਿਲੀ ਵੇਰ ਆਏ ਇਨ-ਕਲਾਬ ਦੇ ਨਗੇਟ ਹੋਣ ਦੇ, ਬੁਰਜੁਆਜ਼ੀ ਦੇ ਮੁੜ ਬਹਾਲ ਹੋਣ ਨੂੰ ਰੋਕਣ ਦੇ, ਇਨਕਲਾਬ ਦੇ ਮਗਰੋਂ ਬੁਰਜੁਆਜ਼ੀ ਤੇ ਪਰੋਲਤਾਰੀ ਦੇ ਪੈਂਤੜਿਆਂ ਦੇ ਆਪਸ ਵਿਚ ਵਿਰੋਧ ਦੇ ਤੇ ਉਸ ਨਾਲ ਸਬੰਧਤ ਮੁਸ਼ਕਲਾਂ ਦੇ ਮਸਲੇ ਨੂੰ ਹਲ ਕੀਤਾ, ਹੱਲ ਕਰਨ ਦੇ ਰਾਹੇ ਪਾਇਆ । ਹੱਲ ਕਰਨ ਦਾ ਮਤਲਬ ਇਹ ਨਹੀਂ ਕਿ ਇਸ ਮਸਲੇ ਨੂੰ ਹਮੇਸ਼ਾਂ ਵਾਸਤੇ ਹੱਲ ਕਰ ਦਿਤਾ । ਇਹ ਮਸਲਾ ਹੀ ਐਸਾ ਹੈ ਕਿ ਇਕ ਵੇਰ ਹੱਲ ਕੀਤਿਆਂ ਇਹ ਹੱਲ ਹੋ ਵੀ ਨਹੀਂ ਸਕਦਾ । ਇਹ ਸਮਾਜਵਾਦ ਦੇ ਸਾਰੇ ਦੌਰ ਦਾ ਮਸਲਾ ਹੈ ਤੇ ਇਸ ਨੇ ਲਗਾਤਾਰ ਖੜੇ ਹੁੰਦੇ ਰਹਿਣਾ ਹੈ । ਪਰ ਮਾਓ ਦੀ ਅਗਵਾਈ ਨੇ ਇਸ ਦੇ ਹਲ ਕਰਨ ਦੇ ਰਾਹ ਬਾਬਤ ਕੋਈ ਸ਼ੱਕ ਨਹੀਂ ਛੱਡਿਆ ।

ਇਸ ਮਸਲੇ ਦਾ ਹੱਲ ਕੀ ਹੈ ? ਕਲਚਰਲ ਇਨਕਲਾਬ; ਸਮਾਜਕ ਜ਼ਿੰਦਗੀ ਦੇ ਹਰ ਪੱਧਰ, ਹਰ ਪਹਿਲੂ, ਹਰ ਅਡੰਬਰ 'ਤੇ ਪਰੋਲਤਾਰੀ ਦੀ ਡਿਕਟੇਟਰਸ਼ਿਪ । ਸਮਾਜ ਵਿਚ ਤਾਕਤ ਦੇ ਹਰ ਕੇਂਦਰ, ਹਰ ਸੋਮੇਂ 'ਤੇ ਇਨਕਲਾਬੀ ਮਾਰਕਸਵਾਦ ਦਾ, ਸਹੀ ਮਾਰਕਸਵਾਦੀਆਂ ਦਾ, ਪਰੋਲਤਾਰੀ ਦੇ ਪੈਂਤੜੇ ਦਾ ਕਬਜ਼ਾ । ਇਹ ਆਖਣ ਨੂੰ ਬਹੁਤ ਸੌਖੀ ਗੱਲ ਹੈ ਪਰ ਕਰਨ ਨੂੰ ਬਹੁਤ ਮੁਸ਼ਕਲ ।



ਇਸ ਦੇ ਹੋਣ ਵਿਚ ਸਮਾਜਕ ਮਨੁਖੀ ਮਸਲੇ ਦਾ ਹੱਲ ਹੈ । ਇਸ ਮਸਲੇ ਬਾਬਤ ਦੋ ਤੱਥ ਸਪੱਸ਼ਟ ਹੋਣੇ ਚਾਹੀਦੇ ਹਨ । ਜਿਸ ਤਰ੍ਹਾਂ ਅਸੀਂ ਪਿੱਛੇ ਜ਼ਿਕਰ ਕਰ ਆਏ ਹਾਂ ਰੂਸੀ ਇਨਕਲਾਬ ਵਿਚ, ਸੰਕਲਪਾਂ ਵਿਚ ਵੀ ਵਿਗਾੜ ਪਿਆ । ਇਸ ਵਾਸਤੇ ਕਿ ਉਸ ਦਾ ਅਮਲ ਇਕਾਨੋਮਿਜ਼ਮ ਦੇ ਰਾਹੇ ਪੈ ਤੁਰਿਆ । ਅਮਲ ਕੁਰਾਹੇ ਪੈ ਗਿਆ ਤਾਂ ਸੰਕਲਪਾਂ ਸਹੀ ਕਿਸ ਤਰ੍ਹਾਂ ਰਹਿਣਾ ਸੀ ? ਮਾਓ ਦੀ ਅਗਵਾਈ ਹੇਠ ਚੀਨੀ ਇਨਕਲਾਬ ਦਾ ਅਮਲ ਮਾਰਕਸਵਾਦੀ ਰਾਹੇ ਰਿਹਾ । ਉਸ ਨੇ ਕਲਚਰਲ ਇਨਕਲਾਬ ਲਿਆਂਦਾ । ਇਸ ਵਾਸਤੇ ਉਸ ਦੀ ਅਗਵਾਈ ਹੇਠ ਕਲਚਰਲ ਇਨਕਲਾਬ ਦੇ ਦੌਰਾਨ, ਉਸ ਇਨਕਲਾਬ ਵਿਚ, ਸੰਕਲਪਾਂ ਵਿਚ ਵਿਗਾੜ ਨਹੀਂ ਪਿਆ । ਮਸਲਾ ਸਿਧਾਂਤਕ ਤੇ ਅਮਲ, ਦੋਹਾਂ ਪੱਧਰਾਂ 'ਤੇ ਸਹੀ ਰਸਤੇ ਰਿਹਾ । ਦੂਸਰਾ ਇਹ ਵੀ ਸਪੱਸ਼ਟ ਹੈ ਕਿ ਰੂਸੀ ਤੇ ਚੀਨੀ—ਦੋਹਾਂ ਇਨਕਲਾਬਾਂ ਨੂੰ ਬਾਹਰੋਂ ਸੰਸਾਰ ਸਾਮਰਾਜ ਨੇ ਨਹੀਂ ਭੰਨਿਆਂ । ਨਾ ਹੀ ਮੁਲਕ ਵਿਚ ਜੋ ਪਹਿਲੀ ਬੁਰਜੁਆਜ਼ੀ ਕਾਬਜ਼ ਸੀ, ਉਸ ਨੇ ਹੀ ਇਹਨਾਂ ਦੀ ਧੌਣ ਨੂੰ ਮਰੋੜਿਆ । ਦੋਹਾਂ ਵਿਚ ਵਿਗਾੜ ਪਿਆ ਉਹਨਾਂ ਦੇ ਅੰਦਰੋਂ । ਦੋਵੇਂ ਹਾਰੇ ਅੰਦਰੋਂ ਪਏ ਵਿਗਾੜ ਦੇ ਹਰਾਏ । ਸਵਾਲ ਇਹ ਹੈ ਕਿ ਇਹਨਾਂ ਵਿਚ ਅੰਦਰੋਂ ਵਿਗਾੜ ਪਿਆ ਕਿਉਂ ? ਕਿਸ ਤਰ੍ਹਾਂ ਤੇ ਕਾਹਦੇ ਆਸਰੇ ?

(ਚਲਦਾ(

---

1. All public functionaries from top to down, beginning [with members of the Commune Committee, should draw a salary equivalent to the wages of the worker. All privileges enjoyed by the senior state officials and their office expenses should disappear with the disappearance of the officials. (MARX, The Civil War in France).

—Here Marx sums up the experience of the Paris Commune. With the appearance of disparities in distribution, class differences also appear. Society is divided into the privileged and the underprivileged, the exploiter and the exploited, the ruler and the ruled. Engels, Anti Duhring.

2. No more class of capitalists in industry. No class of Kulaks in agriculture. No merchants or speculators in commerce. So that all the exploiting classes have been liquidated. Stalin, To the Seventh Congress of Soviets,

---

Send subscriptions & donations to :

* Mrs. S. SAINI
95, BURNS AVE.,
SOUTHALL, MIDDX
U.K.

* Mr. G. S. PANNU
3362 E, 29th AVE.,
VANCOUVER-16 (B.C.)
CANADA

Price : Rs. 2.00 per copy
Subscription :
Annual (India) : Rs. 20
U.K., U.S.A., Canada : Rs. 100 (By air)
(Pakistan) : Rs. 40
Life membership : Rs. 200 (India)
Rs. 1,000 (Foreign)

ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ ਉਤੇ
ਤਿੱਖੀ ਹੰਦੀ ਹੈ — ਭਗਤ ਸਿੰਘ

ਪ੍ਰੋ: ਬਿਪਨ ਚੰਦਰ

# ਤਰਕਵਾਦੀ ਭਗਤ ਸਿੰਘ*

ਭਗਤ ਸਿੰਘ ਹਿੰਦੁਸਤਾਨ ਦੇ ਮਹਾਨਤਮ ਸੁਤੰਤਰਤਾ-ਸੰਗਰਾਮੀਆਂ ਤੇ ਇਨਕਲਾਬੀ ਸਮਾਜ-ਵਾਦੀਆਂ ਵਿਚੋਂ ਹੋਣ ਦੇ ਨਾਲ ਨਾਲ ਹਿੰਦੁਸਤਾਨ ਦੇ ਮੁਢਲੇ ਮਾਰਕਸਵਾਦੀ ਚਿੰਤਕਾਂ ਤੇ ਸਿਧਾਂਤਕਾਰਾਂ ਵਿਚੋਂ ਵੀ ਸੀ। ਮੰਦੇ-ਭਾਗੀਂ ਭਗਤ ਸਿੰਘ ਦਾ ਮਾਰਕਸਵਾਦੀ ਚਿੰਤਕ ਤੇ ਸਿਧਾਂਤਕਾਰ ਹੋਣ ਵਾਲਾ ਪੱਖ ਬਹੁਤ ਘਟ ਜਾਣਿਆ ਜਾਂਦਾ ਹੈ ਅਤੇ ਇਹਦਾ ਨਤੀਜਾ ਇਹ ਨਿਕਲਿਆ ਕਿ ਹਰ ਭਾਂਤ ਦੇ ਪ੍ਰਤਿਗਾਮੀ, ਪੁਰਾਤਨਪੰਥੀ ਤੇ ਫਿਰਕਾਪ੍ਰਸਤ ਭਗਤ ਸਿੰਘ ਤੇ ਚੰਦਰ ਸ਼ੇਖਰ ਆਜ਼ਾਦ ਵਰਗੇ ਸਾਥੀਆਂ ਦੇ ਨਾਵਾਂ ਤੇ ਉਹਨਾਂ ਦੀ ਸ਼ੁਹਰਤ ਨੂੰ ਬੇਈਮਾਨੀ ਤੇ ਗਲਤ ਤਰੀਕੇ ਨਾਲ ਆਪਣੀ ਸਿਆਸਤ ਤੇ ਵਿਚਾਰਧਾਰਾਵਾਂ ਵਾਸਤੇ ਵਰਤਣ ਦੀ ਕੋਸ਼ਿਸ਼ ਕਰਦੇ ਰਹੇ ਹਨ।

ਭਗਤ ਸਿੰਘ ਤੇਈ ਵਰ੍ਹਿਆਂ ਦੀ ਨਿੱਕੀ ਉਮਰ ਵਿਚ ਹੀ ਸ਼ਹੀਦ ਹੋ ਗਿਆ। ਉਹਦੀ ਸਿਆਸੀ ਵਿਚਾਰਧਾਰਾ ਤੇ ਅਮਲ ਦਾ ਵਿਕਾਸ ਬਹੁਤ ਛੋਟੀ ਉਮਰ ਵਿਚ ਸ਼ੁਰੂ ਹੋ ਗਿਆ, ਜਦ ਉਹਨੇ ਗਾਂਧੀਵਾਦੀ ਰਾਸ਼ਟਰਵਾਦ ਤੋਂ ਇਨਕਲਾਬੀ ਦਹਸ਼ਤਵਾਦ ਵਲ ਤਿੱਖਾ ਮੋੜ ਕੱਟਿਆ। 1927-28 ਵਿਚ ਹੀ ਉਹਦਾ ਰੁਖ ਇਨਕਲਾਬੀ ਦਹਸ਼ਤਵਾਦ ਤੋਂ ਮਾਰਕਸਵਾਦ ਵਲ ਹੋਣਾ ਸ਼ੁਰੂ ਹੋਇਆ। 1925 ਤੋਂ 1928 ਤਕ ਦੇ ਤਿੰਨ ਵਰ੍ਹਿਆਂ ਦੇ ਅਰਸੇ ਵਿਚ ਹੀ ਭਗਤ ਸਿੰਘ ਨੇ ਬੇਸ਼ੁਮਾਰ ਕਿਤਾਬਾਂ ਪੜ੍ਹੀਆਂ, ਜਿਨ੍ਹਾਂ ਵਿਚੋਂ ਬਹੁਤੀਆਂ ਕਿਤਾਬਾਂ ਰੂਸੀ ਇਨਕਲਾਬ ਤੇ ਸੋਵੀਅਤ ਯੂਨੀਅਨ ਬਾਰੇ ਸਨ। ਉਦੋਂ ਇਹੋ ਜਿਹੀਆਂ ਕਿਤਾਬਾਂ ਹਾਸਲ ਕਰ ਲੈਣਾ ਹੀ ਬੜਾ ਜੋਖੋਂ ਵਾਲਾ ਤੇ ਇਨਕਲਾਬੀ ਕੰਮ ਹੁੰਦਾ ਸੀ। ਤੀਜੇ ਦਹਾਕੇ ਵਿਚ ਇਨਕਲਾਬੀ ਲਹਿਰਾਂ, ਅਰਾਜਕਤਵਾਦ ਅਤੇ ਮਾਰਕਸਵਾਦ, ਬਾਰੇ ਹਿੰਦੁਸਤਾਨ ਵਿਚ ਸਭ ਤੋਂ ਵਧ ਪੜ੍ਹਿਆ-ਗੁੜ੍ਹਿਆ ਭਗਤ ਸਿੰਘ ਹੀ ਸੀ। ਉਹਨੇ ਆਪਣੇ ਮੁਕੱਦਮੇ ਦੌਰਾਨ ਲਾਹੌਰ ਹਾਈ ਕੋਰਟ ਵਿਚ ਬਿਆਨ ਦਿਤਾ ਕਿ "ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ ਉਤੇ ਤਿੱਖੀ ਹੁੰਦੀ ਹੈ।" 1928 ਦੇ ਅੰਤ ਵਿਚ ਹੀ ਭਗਤ ਸਿੰਘ ਤੇ ਉਹਦੇ ਸਾਥੀਆਂ ਨੇ ਸਮਾਜਵਾਦ ਨੂੰ ਆਪਣਾ ਅੰਤਮ ਨਿਸ਼ਾਨਾ ਮਿਥ ਲਿਆ ਸੀ ਅਤੇ ਉਹਨਾਂ ਨੇ ਆਪਣੀ ਜਥੇਬੰਦੀ ਹਿੰਦੁਸਤਾਨ ਰੀਪਬਲਿਕਨ ਆਰਮੀ (ਜਾਂ ਐਸੋਸੀਏਸ਼ਨ) ਦਾ ਨਾਂ ਬਦਲ ਕੇ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਆਰਮੀ ਧਰ ਦਿਤਾ ਸੀ।

ਇਸ ਤੋਂ ਮਗਰੋਂ ਜੂਨ 1929 ਵਿਚ ਹੋ ਜਾਣ ਵਾਲੀ ਆਪਣੀ ਗ੍ਰਿਫਤਾਰੀ ਤਕ ਤੇ ਗ੍ਰਿਫਤਾਰੀ ਤੋਂ ਮਗਰੋਂ ਆਪਣੀ ਸ਼ਹਾਦਤ ਤਕ ਭਗਤ ਸਿੰਘ ਨੇ ਮਾਰਕਸਵਾਦ ਨੂੰ ਗ੍ਰਹਿਣ ਕਰਨ ਤੇ ਇਸ ਉਤੇ ਮੁਹਾਰਤ ਹਾਸਲ ਕਰਨ ਦਾ ਅਮਲ ਲਗਾਤਾਰ ਜਾਰੀ ਰਖਿਆ। ਇਸ ਅਮਲ ਦੌਰਾਨ ਉਹਨੇ ਕੌਮੀ ਲਹਿਰ, ਸਮਕਾਲੀ ਸੰਸਾਰ-ਵਿਆਪੀ ਇਨਕਲਾਬੀ ਅਮਲ ਦੀ ਖ਼ਸਲਤ, ਅਰਾਜਕਤਾਵਾਦ, ਸਮਾਜਵਾਦ, ਹਿੰਸਾ ਤੇ ਅਹਿੰਸਾ, ਇਨਕਲਾਬੀ ਦਹਸ਼ਤਵਾਦ, ਧਰਮ, ਫਿਰਕਾਪ੍ਰਸਤੀ, ਬਜ਼ੁਰਗ ਇਨਕਲਾਬੀਆਂ ਤੇ ਆਪਣੇ ਸਮਕਾਲੀ ਰਾਸ਼ਟਰਵਾਦੀਆਂ, ਆਦਿ ਬਾਰੇ ਸਮਕਾਲੀ ਵਿਚਾਰਾਂ ਸਮੇਤ ਆਪਣੇ ਵਿਚਾਰਾਂ ਨੂੰ ਆਲੋਚਨਾਤਮਕ ਦ੍ਰਿਸ਼ਟੀ ਨਾਲ ਦੇਖਿਆ, ਜੋਖਿਆ ਤੇ ਪਰਖਿਆ।

ਸਾਡੇ ਲੋਕਾਂ ਨਾਲ ਬਹੁਤ ਵਡੇ ਦੁਖਾਂਤ ਵਾਪਰੇ ਹਨ। ਸਾਡੇ ਨਾਲ ਸਭ ਤੋਂ ਵੱਡਾ ਦੁਖਾਂਤ ਇਹ ਵਾਪਰਿਆ ਕਿ ਬਸਤੀਵਾਦੀ ਹਾਕਮਾਂ ਨੇ ਸਾਡੇ ਇਸ ਅੱਲੋਕਾਰੀ ਬੁੱਧ ਵਾਲੇ ਦਿਮਾਗ ਨੂੰ ਛੋਟੀ ਉਮਰ ਵਿਚ ਹੀ ਸੋਚਣੋਂ ਬੰਦ ਕਰ ਦਿਤਾ।

ਇਸ ਛੋਟੇ ਜਿਹੇ ਪੰਫ਼ਲਟ ਵਿਚ ਭਗਤ ਸਿੰਘ ਦੇ ਮੁਕਾਬਲਤਨ ਘਟ ਜਾਣੇ ਜਾਂਦਾ ਦੋ ਲੇਖ ਦਿਤੇ ਗਏ ਹਨ, ਜੋ ਭਗਤ ਸਿੰਘ ਨੇ ਮੌਤ ਦੀ ਉਡੀਕ ਕਰਦਿਆਂ 1930-31 ਵਿਚ ਲਿਖੇ ਸਨ। ਉਹਦੇ ਹੋਰ ਖ਼ਤਾਂ, ਬਿਆਨਾਂ ਤੇ ਲੇਖਾਂ ਵਾਂਗ ਇਹਨਾਂ ਲੇਖਾਂ ਵਿਚ ਵੀ ਭਗਤ ਸਿੰਘ ਦਾ ਬਿੰਬ ਐਸੇ ਇਨਕਲਾਬੀ ਵਜੋਂ ਉਭਰਦਾ ਹੈ, ਜੋ ਮਾਰਕਸਵਾਦ ਨਾਲ ਪੂਰੀ ਤਰ੍ਹਾਂ ਪ੍ਰਤਿਬੱਧ ਹੈ ਅਤੇ ਜੋ ਮਾਰਕਸ-ਵਾਦ ਨੂੰ ਇਸ ਦੀ ਵਿੱਧੀ ਦੀਆਂ ਸਾਰੀਆਂ ਪੇਚੀਦਗੀਆਂ ਸਮੇਤ ਲਾਗੂ ਕਰ ਸਕਣ ਦੇ ਸਮਰਥ ਹੈ।

---

ਪਹਿਲੇ ਲੇਖ ਵਿਚ ਭਗਤ ਸਿੰਘ ਧਰਮ ਤੇ ਨਾਸਤਕਤਾ ਦੇ ਸਵਾਲਾਂ ਬਾਰੇ ਵਿਚਾਰ ਕਰਦਾ ਹੈ। ਉਹ ਦੱਸਦਾ ਹੈ ਕਿ ਨਾਸਤਕਤਾ ਦੇ ਰਾਹ ਉਤੇ ਉਹ ਕਿਵੇਂ ਪਿਆ। ਉਹਦਾ ਧਰਮ ਦਾ ਪਹਿਲਾ ਪ੍ਰਭਾਵ ਪਹਿਲਾਂ ਬਚਪਨ ਵਿਚ ਤੇ ਫੇਰ ਮੁਢਲੇ ਦਹਸ਼ਤਪਸੰਦਾਂ ਵਿਚੋਂ ਸ਼ਚੀਂਦਰ ਨਾਥ ਸਾਨਿਆਲ (ਜਿਹਦੀ ਕਿਤਾਬ **ਬੰਦੀ ਜੀਵਨ** ਤੀਜੇ ਦਹਾਕੇ ਵਿਚ ਸਭਨਾਂ ਇਨਕਲਾਬੀਆਂ ਲਈ ਨਿਤਨੇਮ ਹੁੰਦੀ ਸੀ) ਸਦਕਾ ਪਿਆ ਸੀ। ਮੁਢਲੇ ਇਨਕਲਾਬੀ ਆਤਮਕ ਤਾਕਤ ਹਾਸਲ ਕਰਨ ਲਈ ਧਰਮ ਤੇ ਰਹੱਸਵਾਦ ਉਤੇ ਟੇਕ ਰਖਦੇ ਸਨ। ਇਹ ਰੂਹਾਨੀ ਤਾਕਤ ਹੀ ਉਹਨਾਂ ਦੀਆਂ ਇੰਤਹਾਈ ਹੌਸਲੇ ਵਾਲੀਆਂ ਸਰਗਰਮੀਆਂ ਵਿਚ ਪ੍ਰਗਟ ਹੁੰਦੀ ਸੀ। ਇਸ ਲੇਖ ਵਿਚ ਤੇ ਦੂਜੇ ਲੇਖ ਵਿਚ ਵੀ ਮੁੱਢਲੇ ਇਨਕਲਾਬੀਆਂ ਦੀ ਪਹੁੰਚ ਤੇ ਉਹਨਾਂ ਦੇ ਦ੍ਰਿਸ਼ਟੀਕੋਣ ਤਾਈਂ ਭਗਤ ਸਿੰਘ ਦੀ ਸਮਝ ਪੂਰੀ ਤਰ੍ਹਾਂ ਉਜਾਗਰ ਹੁੰਦੀ ਹੈ। ਭਗਤ ਸਿੰਘ ਇਹਨਾਂ ਲੇਖਾਂ ਵਿਚ ਉਹਨਾਂ ਇਨਕਲਾਬੀਆਂ ਦੀ ਧਾਰਮਿਕਤਾ ਦਾ ਮੂਲ ਲਭ ਕੇ ਦੱਸਦਾ ਹੈ। ਉਹ ਦੱਸਦਾ ਹੈ ਕਿ ਕਿਉਂਕਿ ਆਪਣੀ ਜਿਸਮਾਨੀ [illegible] ਦੀ ਉਹਨਾਂ ਕੋਲ ਵਿਗਿਆਨਕ ਸਮਝ ਨਹੀਂ ਸੀ, ਇਸ ਲਈ ਨਿੱਜੀ ਲੋਭ ਵਿਰੁਧ ਲੜਨ, ਹੌਸਲਾ ਪਸਤੀ ਤੋਂ ਛੁਟਕਾਰਾ ਪਾਉਣ ਅਤੇ ਆਪਣੇ ਦੁਨਿਆਵੀ ਐਸ਼ੋ-ਆਰਾਮ, ਆਪਣੇ ਪਰਵਾਰ ਤੇ ਆਪਣੀ ਜਾਨ ਤਕ ਨੂੰ ਕੁਰਬਾਨ ਕਰਨ ਲਈ ਉਹਨਾਂ ਨੂੰ ਗੈਰ-ਤਰਕਸ਼ੀਲ ਧਾਰਮਕ ਵਿਸ਼ਵਾਸ਼ਾਂ ਤੇ ਰਹੱਸਵਾਦ ਦੀ ਜ਼ਰੂਰਤ ਪੈਂਦੀ ਸੀ। ਜਦ ਕੋਈ ਬੰਦਾ ਆਪਣੀ ਮੌਤ ਸਹੇੜਨ ਤੇ ਹਰ ਤਰ੍ਹਾਂ ਦੀਆਂ ਕੁਰਬਾਨੀਆਂ

* ਪ੍ਰੋ: ਬਿਪਨ ਚੰਦਰ ਨੇ ਇਹ ਲੇਖ ਭਗਤ ਸਿਘ ਦੇ ਪੰਫ਼ਲਟ 'ਮੈਂ ਨਾਸਤਕ ਕਿਉਂ ਹਾਂ' ਦੀ ਭੂਮਕਾ ਵਜੋਂ ਲਿਖਿਆ ਹੈ। ਹੁਣ ਵਾਲਾ ਸਿਰਲੇਖ ਸਾਡਾ ਦਿਤਾ ਹੋਇਆ ਹੈ। ਇਹ ਪੰਫ਼ਲਟ "ਸ਼ਹੀਦ ਭਗਤ ਸਿੰਘ ਖੋਜ ਕਮੇਟੀ" ਵਲੋਂ ਪੰਜਾਬੀ ਵਿਚ ਛਪ ਰਿਹਾ ਹੈ। —ਸੰਪਾਦਕ

ਕਰਨ ਲਈ ਤੁਲਿਆ ਹੋਇਆ ਹੋਵੇ, ਤਾਂ ਉਹਨੂੰ ਬਹੁਤ ਜ਼ਿਆਦਾ ਪ੍ਰੇਰਨਾ ਦੀ ਲੋੜ ਹੋਇਆ ਕਰਦੀ ਹੈ। ਮੁਢਲੇ ਇਨਕਲਾਬੀ ਦਹਿਸ਼ਤਪਸੰਦਾਂ ਦੀ ਇਹ ਲੋੜ ਰਹੱਸਵਾਦ ਤੇ ਧਰਮ ਪੂਰੀ ਕਰਦਾ ਸੀ।* ਪਰ ਮਗਰੋਂ ਜਿਨ੍ਹਾਂ ਨੇ ਆਪਣੀ ਸਰਗਰਮੀ ਦੇ ਖ਼ਾਸੇ ਨੂੰ ਜਾਣ ਲਿਆ ਸੀ, ਜਿਨ੍ਹਾਂ ਦੀ ਸੋਚ ਇਨ-ਕਲਾਬੀ ਵਿਚਾਰਧਾਰਾ ਤਕ ਅਪੜ ਗਈ ਸੀ, ਜੋ ਫਹੁੜੀਆਂ ਤੋਂ ਬਿਨ੍ਹਾਂ ਲੁਟ ਖਸੁਟ ਵਿਰੁਧ ਜਦੋ-ਜਹਿਦ ਕਰਨਾ ਜਾਣ ਗਏ ਸਨ, ਜੋ 'ਅਨੰਤ' ਮੁਕਤੀ ਦੀ ਆਸ ਲਾਏ ਬਗ਼ੈਰ ਨਿਡਰ ਹੋ ਕੇ ਪੂਰੀ ਦ੍ਰਿੜ੍ਹਤਾ ਨਾਲ ਫ਼ਾਂਸੀ ਦੇ ਤਖ਼ਤਿਆਂ ਉਤੇ ਚੜ੍ਹਦੇ ਸਨ, ਜੋ ਲੁਟੇ-ਪੁਟੇ ਲੋਕਾਂ ਦੀ ਮੁਕਤੀ ਤੇ ਸੁਤੰਤਰਤਾ ਲਈ ਘੋਲ ਕਰਦੇ ਰਹੇ, (ਕਿਉਂਜੁ ਉਹਨਾਂ ਲਈ "ਹੋਰ ਕੋਈ ਚਾਰਾ ਹੀ ਨਹੀਂ ਸੀ") ਉਹਨਾਂ ਲਈ ਧਰਮ ਜਾਂ ਰਹੱਸਵਾਦ ਦੀ ਕੋਈ ਲੋੜ ਰਹੀ ਹੀ ਨਹੀਂ ਸੀ।

ਇਹ ਲੇਖ ਲਿਖਣ ਵੇਲੇ ਭਗਤ ਸਿੰਘ ਫਾਂਸੀ ਦੇ ਤਖ਼ਤੇ ਦੀ ਉਡੀਕ ਵਿਚ ਸੀ। ਉਹਨੂੰ ਇਹ ਪਤਾ ਸੀ ਕਿ ਇਹੋ ਜਿਹੇ ਵੇਲੇ ਰੱਬ ਨੂੰ ਮੁੜ ਧਿਆ ਲੈਣਾ ਬੜਾ ਸੌਖਾ ਰਾਹ ਹੁੰਦਾ ਹੈ : "ਰੱਬ ਵਿਚ ਬੰਦੇ ਨੂੰ ਬਹੁਤ ਹੌਂਸਲਾ ਤੇ ਤਾਕਤ ਮਿਲਦੀ ਹੈ।" ਦੂਜੇ ਪਾਸੇ, ਆਪਣੀ ਅੰਦਰਲੀ ਤਾਕਤ ਦੇ ਸਹਾਰੇ ਰਹਿਣਾ ਕੋਈ ਸੌਖੀ ਗੱਲ ਨਹੀਂ ਹੁੰਦੀ। ਉਹਨੇ ਲਿਖਿਆ ਵੀ ਸੀ : ਝੱਖੜਾਂ-ਝਾਂਜਿਆਂ ਦੌਰਾਨ ਆਪਣੇ ਪੈਰਾਂ ਉਤੇ ਖੜ੍ਹੇ ਰਹਿਣਾ ਕੋਈ ਬਚਿਆਂ ਦੀ ਖੇਡ ਨਹੀਂ ਹੁੰਦੀ।" ਉਹਨੂੰ ਇਹ ਵੀ ਪਤਾ ਸੀ ਕਿ ਸਾਬਤ ਕਦਮ ਰਹਿਣ ਲਈ ਬੇਅੰਤ ਅਖ਼ਲਾਕੀ ਤਾਕਤ ਦੀ ਲੋੜ ਪੈਂਦੀ ਹੈ ਅਤੇ ਇਹ ਕਿ (ਉਹਦੇ) ਸਮਕਾਲੀ ਇਨਕਲਾਬੀ ਆਪਣੀ ਹੀ ਭਾਂਤ ਦੇ ਅਖ਼ਲਾਕੀ ਮਾਰਗ ਉਤੇ ਚਲ ਰਹੇ ਸਨ। ਇਹ ਮਾਰਗ "ਮਨੁਖਤਾ ਦੀ ਸੇਵਾ ਤੇ ਦੁਖ ਭੋਗ ਰਹੇ ਲੋਕਾਂ ਦੀ ਮੁਕਤੀ" ਵਾਸਤੇ ਆਪਣੇ-ਆਪ ਨੂੰ ਅਰਪਣ ਕਰਨ ਦਾ ਮਾਰਗ ਸੀ। "ਦਮਨਕਾਰੀਆਂ, ਲੋਟੂਆਂ ਅਤੇ ਜਾਬਰਾਂ ਨੂੰ ਵੰਗਾਰਨ" ਦੀ ਹਿੰਮਤ ਕਰ ਸਕਣ ਵਾਲੇ ਔਰਤਾਂ ਤੇ ਮਰਦ ਇਸ ਅਨੋਖੇ ਮਾਰਗ ਉਤੇ ਚਲੇ। ਇਹ ਔਰਤਾਂ-ਮਰਦ "ਮਾਨਸਿਕ ਖੜੋਤ" ਨੂੰ ਤੋੜਨ ਲਈ ਆਪਣੇ ਤੌਰ ਉਤੇ ਸੋਚਣ ਉਤੇ ਜ਼ੋਰ ਦਿੰਦੇ ਸਨ। ਭਗਤ ਸਿੰਘ ਨੇ ਕਿਹਾ ਸੀ : "ਆਲੋਚਨਾ ਤੇ ਸੁਤੰਤਰ ਸੋਚਣੀ ਇਨਕਲਾਬੀ ਬੰਦੇ ਦੇ ਦੋ ਲਾਜ਼ਮੀ ਗੁਣ ਹੁੰਦੇ ਹਨ।"

ਭਗਤ ਸਿੰਘ ਕਹਿੰਦਾ ਹੈ ਕਿ ਤਰਕਸ਼ੀਲ ਵਿਅਕਤੀ ਦੀ ਜ਼ਿੰਦਗੀ ਜੀਊਣਾ ਸੌਖਾ ਕੰਮ ਨਹੀਂ

---

* ਰਾਸ਼ਟਰਵਾਦੀ ਪ੍ਰੇਰਨਾ ਦੇ ਸਰੋਤ ਵਜੋਂ ਧਰਮ ਅਤੇ ਫ਼ਿਰਕਾਪ੍ਰਸਤੀ ਵਿਚ ਫਰਕ ਵਾਲੇ ਇਕ ਹੋਰ ਅਹਿਮ ਪਹਿਲੂ ਨੂੰ ਸਮਝਣ ਲਈ ਇਹਨਾਂ ਲੇਖਾਂ ਤੋਂ ਮਦਦ ਮਿਲਦੀ ਹੈ। ਭਾਵੇਂ ਇਹਨਾਂ ਲੇਖਾਂ ਵਿਚ ਭਗਤ ਸਿੰਘ ਨੇ ਇਸ ਪਹਿਲੂ ਬਾਰੇ ਸਿਧੀ ਵਿਚਾਰ-ਚਰਚਾ ਨਹੀਂ ਕੀਤੀ। ਮੁਢਲੇ ਇਨ-ਕਲਾਬੀਆਂ ਦੀ ਪ੍ਰੇਰਨਾ ਤੇ ਵਿਚਾਰਧਾਰਾ ਦਾ ਸੋਮਾ ਧਰਮ ਤੇ ਰਹੱਸਵਾਦ ਸੀ, ਪਰ ਉਹ ਫ਼ਿਰਕਾ-ਪ੍ਰਸਤ ਨਹੀਂ ਸਨ। ਉਹਨਾਂ ਵਾਸਤੇ ਧਰਮ ਉਹਨਾਂ ਦੀ ਸਿਆਸਤ ਦਾ ਆਧਾਰ ਨਹੀਂ ਸੀ, ਸਗੋਂ ਅੰਦਰੂਨੀ ਤਾਕਤ ਦਾ ਸੋਮਾਂ ਸੀ। ਇਸੇ ਸਦਕਾ ਉਹ ਹਿੰਦੁਸਤਾਨੀ ਲੋਕਾਂ ਨੂੰ ਇਕ ਦੂਜੇ ਨਾਲ ਲੜਾਉਣ ਵਾਲੇ ਫ਼ਿਰਕਾਪ੍ਰਸਤ ਸਿਆਸਤਦਾਨਾਂ ਦੀ ਥਾਂ ਸਭਨਾਂ ਹਿੰਦੁਸਤਾਨੀ ਲੋਕਾਂ ਦੀ ਕੌਮੀ ਮੁਕਤੀ ਦੇ ਯੋਧੇ ਬਣੇ। ਧਰਮ ਤੇ ਰਹੱਸਵਾਦ ਤੋਂ ਪ੍ਰੇਰਨਾ ਲੈਣ ਵਾਲੇ ਇਹ ਇਨਕਲਾਬੀ ਤਾਂ ਸਾਮਰਾਜਵਾਦ ਵਿਰੁਧ ਜਦੋਜਹਿਦ ਕਰਦੇ ਰਹੇ, ਪਰ ਹੋਰ ਫ਼ਿਰਕਾਪ੍ਰਸਤ ਦਿਲੋਂ ਅਕਸਰ ਸਾਮਰਾਜਵਾਦ-ਪੱਖੀ ਹੁੰਦੇ ਸਨ। ਉਹ ਇਕਮੁਠ ਹਿੰਦੁਸਤਾਨੀ ਲੋਕਾਂ ਵਿਚ ਵੰਡੀਆਂ ਪਾ ਕੇ ਤੇ ਆਪਣੀ ਸਿਆਸਤ ਸਾਮਰਾਜਵਾਦ ਵਿਰੁਧ ਸੇਧਣ ਦੀ ਥਾਂ ਦੂਜੇ ਹਮਵਤਨਾਂ ਵਿਰੁਧ ਸੇਧ ਕੇ ਸਾਮਰਾਜਵਾਦ ਦੀ ਸੇਵਾ ਕਰਦੇ ਰਹੇ।



ਹੈ। ਕਿਸੇ ਅੰਨ੍ਹੇ ਵਿਸ਼ਵਾਸ ਵਿਚ ਹੌਂਸਲਾ ਜਾਂ ਰਾਹਤ ਲਭ ਲੈਣੀ ਸੌਖੀ ਗੱਲ ਹੁੰਦੀ ਹੈ। ਪਰ ਇਹ ਸਾਡਾ ਫ਼ਰਜ਼ ਹੈ ਕਿ ਅਸੀਂ ਤਰਕਸ਼ੀਲ ਜੀਵਨ ਜੀਊਣ ਦੀ ਲਗਾਤਾਰ ਕੋਸ਼ਿਸ਼ ਕਰਦੇ ਰਹੀਏ। ਅਤੇ ਇਸੇ ਕਰਕੇ ਭਗਤ ਸਿੰਘ ਲੇਖ ਦੇ ਅੰਤ ਵਿਚ ਜ਼ੋਰ ਦੇ ਕੇ ਕਹਿੰਦਾ ਹੈ ਕਿ ਆਪਣੇ-ਆਪ ਨੂੰ ਐਲਾਨੀਆਂ ਨਾਸਤਕ ਤੇ ਯਥਾਰਥਵਾਦੀ (ਪਦਾਰਥਵਾਦੀ) ਆਖ ਕੇ ਉਹ "ਅੰਤ ਤਕ, ਇਥੋਂ ਤਕ ਫ਼ਾਂਸੀ ਦੇ ਤਖ਼ਤੇ ਉਤੇ ਵੀ ਮਨੁਖ ਵਾਂਗ ਸਿਰ ਤਾਣ ਕੇ ਖੜ੍ਹੇ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ।"

---

ਭਗਤ ਸਿੰਘ ਜਿਸ ਢੰਗ ਨਾਲ ਧਰਮ ਦੇ ਰੋਲ ਤੇ ਇਹਦੇ ਬੁਨਿਆਦੀ ਕਾਰਨ ਦਾ ਵਿਸ਼ਲੇਸ਼ਣ ਕਰਦਾ ਹੈ, ਉਹਦੇ ਤੋਂ ਸਾਨੂੰ ਉਹਦੀ ਜ਼ੋਰਦਾਰ ਸਮਝ, ਉਹਦੀ ਇਨਕਲਾਬੀ ਪ੍ਰਤੀਬੱਧਤਾ ਅਤੇ ਇਤਿਹਾਸਕ, ਪਦਾਰਥਵਾਦੀ ਤੇ ਵਿਗਿਆਨਕ ਤਰੀਕੇ ਨਾਲ ਸਮਝ ਦੀ ਯੋਗਤਾ ਦਾ ਪਤਾ ਚਲਦਾ ਹੈ।

ਭਗਤ ਸਿੰਘ ਦੱਸਦਾ ਹੈ ਕਿ ਹੁਕਮਰਾਨ ਤੇ ਲੁਟ-ਖਸੁਟ ਕਰਨ ਵਾਲੀਆਂ ਜਮਾਤਾਂ ਲੋਕਾਂ ਨੂੰ ਧੋਖਾ ਦੇਣ ਲਈ, ਆਪਣੀ ਜਮਾਤੀ ਤਾਕਤ ਤੇ ਆਪਣੇ ਜਮਾਤੀ ਵਿਸ਼ੇਸ਼ ਅਧਿਕਾਰਾਂ ਨੂੰ ਪ੍ਰਮਾਣਿਤ ਕਰਨ, ਅਤੇ ਲੋਕਾਂ ਨੂੰ ਸਮਾਜਕ ਰੂਪ ਵਿਚ ਚੁਪ ਰਖਣ ਲਈ ਧਰਮ ਨੂੰ ਵਰਤਦੀਆਂ ਹਨ (ਭਾਵੇਂ ਇਹ ਅਸਲ ਜ਼ਿੰਦਗੀ ਵਿਚ ਹੋਰ ਮਕਸਦ ਵੀ ਪੂਰਾ ਕਰਦਾ ਹੈ) ਇੰਜ ਧਰਮ ਇਹਨਾਂ ਜਮਾਤਾਂ ਦੇ ਹੱਥ ਵਿਚ ਸੰਦ ਬਣ ਜਾਂਦਾ ਹੈ। ਆਦਿ-ਮਨੁਖ ਆਪਣੇ ਪ੍ਰਕ੍ਰਿਤਕ ਆਲੇ ਦੁਆਲੇ ਨੂੰ ਪੂਰੀ ਤਰ੍ਹਾਂ ਸਮਝਣ ਦੇ ਅਸਮਰਥ ਸੀ, ਉਹ ਆਪਣੀ ਸਮਾਜੀ ਸਰਗਰਮੀ ਤੇ ਆਪਣੇ ਸਮਾਜੀ ਢਾਂਚੇ ਨੂੰ ਨਹੀਂ ਸਮਝ ਸਕਦਾ ਸੀ ਅਤੇ ਆਪਣੀ ਜ਼ਿੰਦਗੀ ਨੂੰ ਕੰਟਰੋਲ ਕਰਨ ਤੇ ਇਹਦੀਆਂ ਸੀਮਾਵਾਂ ਨੂੰ ਪਾਰ ਕਰਨ ਦੇ ਅਸਮਰਥ ਸੀ। ਇਹਨਾਂ ਸਾਰੀਆਂ ਗੱਲਾਂ ਦਾ ਸਿੱਟਾ ਧਰਮ ਦੇ ਰੂਪ ਵਿਚ ਨਿਕਲਿਆ। ਇਸ ਸੂਰਤ ਵਿਚ ਰੱਬ ਇਕ ਕਾਰਆਮਦ ਮਿੱਥ ਬਣ ਜਾਂਦਾ ਹੈ। ਆਦਿ ਕਾਲੀਨ ਯੁਗ ਵਿਚ "ਇਹ ਮਿੱਥ ਸਮਾਜ ਲਈ ਲਾਹੇਵੰਦ ਸੀ।"

ਇਸ ਤੋਂ ਬਿਨਾਂ "ਆਫ਼ਤ ਵਿਚ ਫਸੇ ਮਨੁਖ ਲਈ ਰੱਬ ਦਾ ਵਿਚਾਰ ਮਦਦਗਾਰ ਹੁੰਦਾ ਹੈ।" ਰੱਬ ਦੀ ਕਾਲਪਨਿਕ ਹੋਂਦ ਬਣਾ ਲਈ ਗਈ, ਤਾਕਿ ਇਮਤਿਹਾਨੀ ਹਾਲਾਤ ਦਾ ਦ੍ਰਿੜ੍ਹਤਾ ਨਾਲ ਸਾਹਮਣਾ ਕਰਨ ਲਈ ਮਨੁਖ ਨੂੰ ਹੌਂਸਲਾ ਮਿਲੇ, ਤਾਕਿ ਮਨੁਖ ਸਾਰੇ ਖ਼ਤਰਿਆਂ ਦਾ ਜਵਾਂ ਮਰਦ ਨਾਲ ਮੁਕਾਬਲਾ ਕਰ ਸਕੇ ਅਤੇ ਉਹ ਖੁਸ਼ਹਾਲੀ ਤੇ ਅਮੀਰੀ ਦੀ ਹਾਲਤ ਵਿਚ ਆਪਣੀਆਂ ਇਛਾਵਾਂ ਨੂੰ ਕਾਬੂ ਕਰ ਸਕੇ। "(ਰੱਬ ਦਾ) ਅਕੀਦਾ ਮੁਸ਼ਕਲਾਂ ਨੂੰ ਸੌਖਿਆਂ ਬਣਾ ਦਿੰਦਾ ਹੈ, ਇਥੋਂ ਤਕ ਕਿ ਮੁਸ਼ਕਲਾਂ ਨੂੰ ਖੁਸ਼ਗਵਾਰ ਵੀ ਬਣਾ ਦਿੰਦਾ ਹੈ। ਰੱਬ ਦੇ ਵਿਸ਼ਵਾਸ ਨਾਲ ਮਨੁਖ ਨੂੰ ਜ਼ੋਰਦਾਰ, ਹੌਂਸਲਾ ਤੇ ਮਦਦ ਮਿਲਦੀ ਹੈ।" ਇੰਜ ਆਫ਼ਤਾਂ ਮਾਰੇ ਤੇ ਲਾਚਾਰ ਬੰਦਿਆਂ ਵਾਸਤੇ ਰੱਬ "ਪਿਤਾ ਮਾਤਾ, ਭੈਣ ਤੇ ਭਰਾ, ਦੋਸਤ ਤੇ ਮਦਦਗਾਰ" ਦਾ ਕੰਮ ਦਿੰਦਾ ਹੈ।*

---

* ਨੌਜਵਾਨ ਭਗਤ ਸਿੰਘ ਦੇ ਵਿਚਾਰ ਨੌਜਵਾਨ ਮਾਰਕਸ ਨਾਲ ਕਿੰਨੇ ਰਲਦੇ ਹਨ। ਮਾਰਕਸ ਨੇ 1844 ਵਿਚ ਲਿਖਿਆ ਸੀ : "ਧਰਮ ਉਸ ਦੁਨੀਆਂ ਦਾ ਆਮ ਸਿਧਾਂਤ ਹੈ, ਇਹ ਇਹਦਾ ਅਤੀ-ਵਿਆਪਕ ਸਾਰੰਸ਼ ਹੈ, ਪ੍ਰਚਲਤ ਰੂਪ ਵਿਚ ਇਹਦਾ ਤਰਕ ਹੈ, ਇਹ ਇਹਦੀ ਅਧਿਆਤਮਕ ਪ੍ਰਵਾਨਗੀ ਹੈ, ਇਹਦੀ ਉਮੰਗ ਹੈ, ਇਹਦਾ ਅਖ਼ਲਾਕੀ ਸਮਰਥਨ ਹੈ, ਇਹਦਾ ਰਹੱਸਾਤਮਕ ਪੂਰਨ੍ਹ ਹੈ, ਦਿਲਜੋਈ ਤੇ ਸਮਰਥਨ ਦਾ ਸਰਵ-ਵਿਆਪਕ ਸੋਮਾਂ ਹੈ...ਧਾਰਮਕ ਸੰਕਟ ਇਕੋ ਵੇਲੇ ਅਸਲ ਸਕਟ ਦਾ ਇਜ਼ਹਾਰ ਅਤੇ ਅਸਲ ਸੰਕਟ ਵਿਰੁਧ ਰੋਸ ਵੀ ਹੁੰਦਾ ਹੈ। ਧਰਮ ਦਲਿਤ ਪਰਾਣੀ ਦਾ ਹਉਕਾ ਹੈ, ਬੇਦਿਲ ਦੁਨੀਆਂ ਦਾ ਦਿਲ ਹੈ, ਜਿਵੇਂ ਕਿ ਇਹ ਬੇਜਾਨ ਹਾਲਾਤ ਦੀ ਜਾਨ ਵੀ ਹੁੰਦੀ ਹੈ। ਇਹ ਲੋਕਾਂ ਦੀ ਅਫ਼ੀਮ ਹੈ। ਧਰਮ ਲੋਕਾਂ ਦੀ ਖੁਸ਼ੀ ਦਾ ਭੁਲਾਵਾ ਹੈ, ਇਸ ਨੂੰ ਖ਼ਤਮ ਕਰਨ ਦਾ ਮਤਲਬ ਲੋਕਾਂ ਦੀ ਅਸਲ ਖੁਸ਼ੀ ਦੀ ਮੰਗ ਹੈ।" ਸੰਗਰਹਿਤ ਲਿਖਤਾਂ (ਅੰਗਰੇਜ਼ੀ ਵਿਚ) ਜਿਲਦ iii 1975, ਸਫ਼ੇ 175-76. ਭਾਵੇਂ ਭਗਤ ਸਿੰਘ ਮਾਰਕਸ ਦਾ ਇਹ ਪੈਰਾ ਪੜ੍ਹ ਨਹੀਂ ਸਕਿਆ ਸੀ, ਤਾਂ ਵੀ ਉਹਨੇ ਮਾਰਕਸ ਦੇ "ਧਰਮ ਲੋਕਾਂ ਦੀ ਅਫ਼ੀਮ "ਵਾਲੇ ਕਥਨ ਨੂੰ ਹੋਰਨਾਂ ਵਿਅਕਤੀਆਂ ਨਾਲੋਂ ਬਿਹਤਰ ਸਮਝਿਆ ਸੀ।

ਪਰ ਭਗਤ ਸਿੰਘ ਕਹਿੰਦਾ ਹੈ ਕਿ ਜਦ ਵਿਗਿਆਨ ਤਰੱਕੀ ਕਰ ਗਿਆ ਹੈ ਅਤੇ ਮਜ਼ਲੂਮ ਆਪਣੀ ਨਿਜਾਤ ਵਾਸਤੇ ਜਦੋ-ਜਹਿਦ ਸ਼ੁਰੂ ਕਰਦੇ ਹਨ, ਜਦ "ਮਨੁਖ ਆਪਣੇ ਪੈਰੀਂ ਹੋਣ ਅਤੇ ਯਥਾਰਥਵਾਦੀ ਹੋਣ ਦੀ ਕੋਸ਼ਿਸ਼ ਕਰਦਾ ਹੈ (ਭਗਤ ਸਿੰਘ ਨੇ ਯਥਾਰਥਵਾਦੀ ਸ਼ਬਦ ਤਰਕਵਾਦੀ ਜਾਂ ਪਦਾਰਥਵਾਦੀ ਸ਼ਬਦਾਂ ਦੀ ਥਾਂ ਵਰਤਿਆ ਹੈ), ਤਾਂ ਰੱਬ ਦੀ ਲੋੜ ਖ਼ਤਮ ਹੋ ਜਾਂਦੀ ਹੈ ਅਤੇ ਇਸ ਬਣਾਉਟੀ ਫਹੁੜੀ, ਇਸ ਖ਼ਿਆਲੀ ਮੁਕਤੀ ਦਾਤੇ ਦੀ ਲੋੜ ਨਹੀਂ ਰਹਿੰਦੀ। ਆਪਣੀ ਨਿਜਾਤ ਵਾਸਤੇ ਜਦੋ-ਜਹਿਦ ਵਿਚ "ਧਰਮ ਦੇ ਤੰਗ ਨਜ਼ਰ ਸੰਕਲਪ" ਵਿਰੁਧ ਅਤੇ ਰੱਬ ਦੇ ਅਕੀਦੇ ਵਿਰੁਧ ਲੜਨਾ ਜ਼ਰੂਰੀ ਹੋ ਜਾਂਦਾ ਹੈ। ਭਗਤ ਸਿੰਘ ਕਹਿੰਦਾ ਹੈ ਕਿ "ਜਿਹੜਾ ਵੀ ਬੰਦਾ ਪ੍ਰਗਤੀ ਦਾ ਹਿਮਾਇਤੀ ਹੈ, ਉਹਨੂੰ ਪੁਰਾਣੇ ਅਕੀਦੇ ਦੀ ਹਰ ਗੱਲ ਦੀ ਆਲੋਚਨਾ ਕਰਨੀ ਬਣਦੀ ਹੈ ਅਤੇ ਪੁਰਾਣੇ ਅਕੀਦੇ ਨੂੰ ਨਾ ਮੰਨਣਾ ਤੇ ਇਹਨੂੰ ਚੈਲੰਜ ਕਰਨਾ ਜ਼ਰੂਰੀ ਹੋ ਜਾਂਦਾ ਹੈ। ਉਹਦੇ ਲਈ ਜ਼ਰੂਰੀ ਹੈ ਕਿ ਉਹ ਪ੍ਰਚਲਤ ਵਿਸ਼ਵਾਸ ਦੀ ਇਕ-ਇਕ ਗੱਲ ਨੂੰ ਦਲੀਲ ਉਤੇ ਪਰਖੇ...ਜਿਹੜਾ ਵੀ ਬੰਦਾ ਯਥਾਰਥਵਾਦੀ ਹੋਣ ਦਾ ਦਾਅਵਾ ਕਰਦਾ ਹੈ, ਉਹਨੂੰ ਸਾਰੇ ਦੇ ਸਾਰੇ ਪੁਰਾਤਨ ਵਿਸ਼ਵਾਸਾਂ ਨੂੰ ਚੈਲੰਜ ਕਰਨਾ ਪਏਗਾ... ਉਹਦਾ ਪਹਿਲਾ ਕੰਮ ਇਹ ਹੈ ਕਿ ਉਹ ਪੁਰਾਣੇ ਵਿਸ਼ਵਾਸ ਨੂੰ ਤਹਿਸ-ਨਹਿਸ ਕਰ ਕੇ ਨਵੇਂ ਦਰਸ਼ਨ (ਫ਼ਲਸਫ਼ੇ) ਦੀ ਉਸਾਰੀ ਲਈ ਜ਼ਮੀਨ ਤਿਆਰ ਕਰੇ।"

ਹੋਰ ਕਈ ਨੁਕਤਿਆਂ ਬਾਰੇ ਵਿਚਾਰ-ਚਰਚਾ ਵਿਚ ਭਗਤ ਸਿੰਘ ਦੀ ਆਪਣੇ ਪੂਰਵਜਾਂ ਤਾਈਂ ਹਮਦਰਦੀ ਪਰ ਆਲੋਚਨਾਤਮਕ ਸਮਝ, ਦਾਰਸ਼ਨਿਕ ਤੇ ਰਾਜਨੀਤਕ ਪਹੁੰਚ-ਵਿਧੀਆਂ ਅਤੇ ਵਿਚਾਰਾਂ ਨੂੰ ਇਤਿਹਾਸਕ ਪ੍ਰਸੰਗ ਵਿਚ ਰਖ ਕੇ ਦੇਖਣ ਦੀ ਉਹਦੀ ਯੋਗਤਾ, ਅਤੇ ਉਹਦੀ ਬੁਨਿਆਦੀ ਮਾਰਕਸ-ਵਾਦੀ ਤਰਕਸ਼ੀਲਤਾ ਸਪਸ਼ਟ ਰੂਪ ਵਿਚ ਉਜਾਗਰ ਹੁੰਦੀ ਹੈ।

---

ਦੂਸਰਾ ਲੇਖ ਭਗਤ ਸਿੰਘ ਨੇ 1915 ਵਿਚ ਉਮਰ ਕੈਦ ਦੀ ਸਜ਼ਾ ਪਾਉਣ ਵਾਲੇ ਬਜ਼ੁਰਗ ਇਨ-ਕਲਾਬੀ ਲਾਲਾ ਰਾਮ ਸਰਨ ਦਾਸ ਦੀ ਕਾਵਿ ਪੁਸਤਕ 'ਡਰੀਮ-ਲੈਂਡ' (ਸੁਪਨਦੇਸ਼) ਦੀ ਭੂਮਿਕਾ ਵਜੋਂ ਲਿਖਿਆ ਸੀ। ਭਗਤ ਸਿੰਘ ਇਸ ਲੇਖ ਵਿਚ ਅਸਿੱਧੇ ਰੂਪ ਵਿਚ ਦਸਦਾ ਹੈ ਕਿ ਵਿਦੇਸ਼ੀ ਗ਼ੁਲਾਮੀ ਨੂੰ ਹਟਾਉਣ ਦੇ ਇਕੋ-ਇਕ ਮਕਸਦ ਉਤੇ ਆਧਾਰਤ ਮੁਢਲਾ "ਖ਼ਾਲਸ" ਰਾਸ਼ਟਰਵਾਦ ਕਿਵੇਂ ਉਸ ਰਾਸ਼ਟਰਵਾਦ ਵਿਚ ਬਦਲਿਆ, ਜੋ ਮੌਜੂਦਾ ਸਮਾਜਕ ਪ੍ਰਬੰਧ ਨੂੰ ਮੁਢੋਂ ਸੁਢੋਂ ਮੁੜ ਉਸਾਰਨ ਲਈ ਵਚਨਬੱਧ ਵੀ ਸੀ। ਰਾਜਨੀਤਕ-ਦਾਰਸ਼ਨਿਕ ਟਿਪਣੀਕਾਰ ਵਾਲੀ ਸ਼ੈਲੀ ਵਰਤਣ ਦੀ ਥਾਂ ਭਗਤ ਸਿੰਘ ਇਸ ਲੇਖ ਵਿਚ ਸ਼ਾਇਰਾਨਾ ਅੰਦਾਜ਼ ਵਿਚ ਬਜ਼ੁਰਗ ਇਨਕਲਾਬੀਆਂ ਨਾਲ ਆਪਣੀ ਪੁਸ਼ਤ ਦੀ ਲੜੀ ਜੋੜਦਾ ਹੈ, ਜਿਨ੍ਹਾਂ ਤੋਂ ਇਹਨਾਂ ਨੇ ਆਪਣੇ ਲੋਕਾਂ ਲਈ ਪਿਆਰ ਤੇ ਕੁਰਬਾਨੀ ਦਾ ਜਜ਼ਬਾ ਵਰੋਸਾਇਆ ਸੀ। ਇਸ ਤੋਂ ਮਗਰੋਂ ਭਗਤ ਸਿੰਘ ਮੁਢਲੇ ਰਾਸ਼ਟਰਵਾਦੀਆਂ ਨਾਲ ਆਪਣੇ ਦਾਰਸ਼-ਨਿਕ, ਰਾਜਨੀਤਕ ਤੇ ਵਿਚਾਰਧਾਰਕ ਮੱਤ-ਭੇਦ ਬਿਆਨ ਕਰਦਾ ਹੈ।

ਇਸ ਲੇਖ ਦੇ ਸ਼ੁਰੂ ਵਿਚ ਹੀ (ਇਹ ਨੁਕਤਾ ਮੈਂ ਪਹਿਲੇ ਹਿੱਸੇ ਵਿਚ ਵੀ ਵਿਚਾਰ ਚੁੱਕਾ ਹਾਂ) ਭਗਤ ਸਿੰਘ ਮੁਢਲੇ ਰਾਸ਼ਟਰਵਾਦੀਆਂ ਦੀ ਪਰੇਰਨਾ ਵਾਸਤੇ ਰਹੱਸਵਾਦ ਤੇ ਧਾਰਮਕਤਾ ਉਤੇ ਟੇਕ ਅਤੇ ਪਦਾਰਥਵਾਦ, ਤਰਕ ਤੇ ਵਿਗਿਆਨ ਤਾਈਂ ਆਪਣੀ ਪ੍ਰਤੀਬੱਧਤਾ-ਵਿਚਕਾਰ ਫ਼ਰਕ ਬਾਰੇ ਚਾਨਣਾ ਪਾਉਂਦਾ ਹੈ।

ਉਹ ਹਿੰਸਾ ਤੇ ਅਹਿੰਸਾ ਦੇ ਸਮਕਾਲੀ ਤੇ ਗੁੰਝਲਦਾਰ ਮਸਲੇ ਬਾਰੇ ਵੀ ਚਰਚਾ ਕਰਦਾ ਹੈ। ਮਸਲੇ ਦੀ ਜੜ੍ਹ ਨੂੰ ਫੜਦਿਆਂ ਉਹ ਦੱਸਦਾ ਹੈ ਕਿ ਇਨਕਲਾਬੀ ਕਿਵੇਂ ਅਜਿਹਾ ਸਮਾਜਕ ਪ੍ਰਬੰਧ



ਉਸਾਰਨਾ ਚਾਹੁੰਦੇ ਹਨ, ਜਿਸ ਪ੍ਰਬੰਧ ਵਿਚ ਹਿੰਸਾ ਆਪਣੇ ਸਭਨਾਂ ਰੂਪਾਂ ਵਿਚ ਖ਼ਤਮ ਕਰ ਦਿਤੀ ਜਾਏਗੀ, ਜਿਸ ਵਿਚ ਦਲੀਲ ਤੇ ਨਿਆਂ ਲਈ ਥਾਂ ਹੋਵੇਗੀ ਅਤੇ ਸਾਰੇ ਮਸਲੇ ਦਲੀਲ ਤੇ ਸਮਝ ਨਾਲ ਨਜਿਠੇ ਜਾਣਗੇ। ਪਰ ਸਾਮਰਾਜਵਾਦੀ, ਪੂੰਜੀਵਾਦੀ ਤੇ ਹੋਰ ਲੋਟੂ ਇੰਜ ਹੋਣ ਨਹੀਂ ਦੇਣਗੇ। ਉਹ ਤਾਂ ਸਗੋਂ ਲੋਕਾਂ ਨੂੰ ਸਮਝਾ ਕੇ ਤੇ ਪੁਰਅਮਨ ਤਰੀਕਿਆਂ ਨਾਲ ਸਮਾਜਵਾਦ ਕਾਇਮ ਕਰਨ ਦੀ ਕੋਸ਼ਿਸ਼ ਨੂੰ ਬੇਰਹਿਮੀ ਨਾਲ ਦਬਾਉਣਗੇ। ਇਸ ਕਰਕੇ, ਇਨਕਲਾਬੀਆਂ ਨੂੰ "ਆਪਣੇ ਪ੍ਰੋਗਰਾਮ ਦੀ ਲਾਜ਼ਮੀ ਮੱਦ ਵਜੋਂ" ਹਿੰਸਾ ਅਪਣਾਉਣੀ ਹੀ ਪਏਗੀ। ਭਗਤ ਸਿੰਘ ਹਿੰਸਾ ਦੇ ਸਵਾਲ ਨੂੰ ਬੜੇ ਚੰਗੇ ਤਰੀਕੇ ਨਾਲ ਇੰਜ ਮੁਕਾਉਂਦਾ ਹੈ ਕਿ ਇਨਕਲਾਬੀਆਂ ਨੂੰ ਹਿੰਸਾਤਮਕ ਤਰੀਕੇ ਇਸ ਲਈ ਅਪਣਾਉਣੇ ਪੈਣਗੇ ਕਿ "ਇਹਨਾਂ ਬਗ਼ੈਰ ਚਾਰਾ ਹੀ ਨਹੀਂ।" ਸਮਾਜਵਾਦੀ ਤਾਕਤ ਕਾਇਮ ਹੋਣ ਮਗਰੋਂ ਸਮਾਜ ਦੇ ਵਿਕਾਸ ਵਾਸਤੇ ਤਾਲੀਮ ਤੇ ਪਰੇਰਨਾ ਦੇ ਢੰਗ ਅਪਣਾਏ ਜਾਣਗੇ; ਤਾਕਤ ਦੀ ਵਰਤੋਂ ਸਿਰਫ਼ ਰੁਕਾਵਟਾਂ ਨੂੰ ਹਟਾਉਣ ਲਈ ਹੀ ਕੀਤੀ ਜਾਏਗੀ।

ਭਗਤ ਸਿੰਘ ਨੇ ਨਾਸਤਕਤਾ ਬਾਰੇ ਲੇਖ ਵਿਚ ਵੀ ਇਸ ਮਸਲੇ ਨੂੰ ਇਸੇ ਤਰ੍ਹਾਂ ਹੀ ਵਿਚਾਰਿਆ ਹੈ। ਇਨਕਲਾਬੀਆਂ ਦੀ ਨਵੀਂ ਪੁਸ਼ਤ ਨੇ ਆਪਣੇ ਪਹਿਲਕੇ ਇਨਕਲਾਬੀਆਂ ਦੇ ਇਸ ਰੁਮਾਂਸ ਨੂੰ ਤੱਜ ਦਿਤਾ ਕਿ (ਸਮਾਜੀ ਤਬਦੀਲੀ ਲਈ) ਸਿਰਫ਼ ਹਿੰਸਕ ਤਰੀਕੇ ਹੀ ਵਰਤੇ ਜਾਣਗੇ। ਭਗਤ ਸਿੰਘ ਦੀ ਪੁਸ਼ਤ ਦਾ ਇਹ ਵਿਸ਼ਵਾਸ ਸੀ ਕਿ "ਤਾਕਤ ਦੀ ਵਰਤੋਂ ਉਦੋਂ ਜਾਇਜ਼ ਹੈ, ਜਦੋਂ ਇਹਦੀ ਬਹੁਤ ਸਖ਼ਤ ਲੋੜ ਹੋਵੇ," ਜਦ ਕਿ "ਨੀਤੀ ਵਜੋਂ ਅਹਿੰਸਾ ਸਾਰੀਆਂ ਜਨਤਕ ਲਹਿਰਾਂ ਲਈ ਅਟੁਟ ਹੈ।" ਸੋ ਇਨਕਲਾਬੀ ਹਿੰਸਾ ਨੂੰ ਕੋਈ ਵਡਿਆਈ ਨਹੀਂ ਸਮਝਦੇ; ਇਨਕਲਾਬ ਹਿੰਸਾ ਦੇ ਸਿਧਾਂਤ ਉਤੇ ਆਧਾਰਤ ਨਹੀਂ ਹੈ। ਪਰ ਨਾਲ ਹੀ ਇਨਕਲਾਬੀ ਲਾਜ਼ਮੀ ਹਿੰਸਾ ਤੋਂ ਗੁਰੇਜ਼ ਨਹੀਂ ਕਰਦੇ। ਜਦ ਇਤਿਹਾਸ ਤੇ ਹੁਕਮਰਾਨ ਜਮਾਤਾਂ ਉਹਨਾਂ ਨੂੰ ਮਜਬੂਰ ਕਰਦੀਆਂ ਹਨ, ਉਹ ਮੌਜੂਦਾ ਸਮਾਜਕ ਢਾਂਚੇ ਨੂੰ ਉਲਟਾਉਣ ਵਾਸਤੇ ਹਿੰਸਾ ਨੂੰ "ਬਹੁਤ ਸਖ਼ਤ ਲੋੜ" ਵਜੋਂ ਅਪਣਾਉਂਦੇ ਹਨ।

---

ਇਸ ਦੇ ਨਾਲ ਹੀ ਭਗਤ ਸਿੰਘ ਮੁਢਲੀ ਇਨਕਲਾਬੀ ਵਿਚਾਰਧਾਰਾ ਦੇ ਯੂਟੋਪੀਆਈ ਕਿਰਦਾਰ ਬਾਰੇ, ਯੂਟੋਪੀਆਈ ਵਿਚਾਰ ਰਖਣ ਵਾਲੇ ਸਮਾਜੀ ਲਹਿਰਾਂ ਤੇ ਸਮਾਜਕ ਵਿਕਾਸ ਦੇ ਖ਼ਾਸ ਪੜਾਵਾਂ ਵਿਚ ਜੋ ਸਕਾਰਾਤਮਕ ਇਤਿਹਾਸਕ ਰੋਲ ਅਦਾ ਕਰਦੇ ਹਨ—ਉਹਦੇ ਬਾਰੇ ਵਿਚਾਰ ਕਰਦਾ ਹੈ। ਉਹ ਦੱਸਦਾ ਹੈ ਕਿ ਜਦ ਇਨਕਲਾਬੀ ਲਹਿਰ "ਵਿਗਿਆਨਕ ਮਾਰਕਸੀ ਸਮਾਜਵਾਦ" ਦੇ ਆਧਾਰ ਉਤੇ ਵਿਗਿਆਨਕ ਦ੍ਰਿਸ਼ਟੀਕੋਣ ਤੇ ਦਰਸ਼ਨ (ਫ਼ਲਸਫ਼ਾ) ਅਪਣਾਉਣਾ ਸ਼ੁਰੂ ਕਰ ਦਿੰਦੀ ਹੈ, ਤਾਂ ਯੂਟੋਪੀਆਂ ਦਾ ਪਤਨ ਲਾਜ਼ਮੀ ਹੋ ਜਾਂਦਾ ਹੈ।

ਭਗਤ ਸਿੰਘ ਯੂਟੋਪੀਆਈ ਵਿਚਾਰਧਾਰਾਂ ਦੇ ਇਕ ਪਹਿਲੂ ਬਾਰੇ ਵੇਰਵੇ ਨਾਲ ਵਿਚਾਰ ਕਰਦਾ ਹੈ : ਮਾਨਸਕ ਤੇ ਸਰੀਰਕ ਕਿਰਤ ਨੂੰ ਕਿਵੇਂ ਮੇਲਿਆ ਜਾਏ ? ਉਹ ਇਹ ਮੰਨਦਾ ਹੈ ਕਿ ਸਮਾਜ-ਵਾਦੀ ਸਮਾਜ ਉਸਾਰਨ ਲਈ ਮਾਨਸਕ ਤੇ ਸਰੀਰਕ ਕਿਰਤ ਵਿਚਲਾ ਪਾੜਾ ਖ਼ਤਮ ਕਰਨਾ ਬੁਨਿ-ਆਦੀ ਕੰਮ ਹੈ। ਪਰ ਇਹ ਪਾੜਾ ਉਸ ਮਸ਼ੀਨੀ ਤੇ ਯੂਟੋਪੀਆਈ ਤਰੀਕੇ ਨਾਲ ਖ਼ਤਮ ਨਹੀਂ ਕੀਤਾ ਜਾ ਸਕਦਾ, ਜਿਵੇਂ ਕਿ ਰਾਮਸਰਨ ਦਾਸ ਹੁਰੀਂ ਸਲਾਹ ਦਿੰਦੇ ਹਨ ਕਿ ਮਾਨਸਕ ਕਿਰਤ ਵਾਲੇ ਸਾਰੇ ਜਣੇ ਦਿਹਾੜੀ ਵਿਚ ਚਾਰ ਘੰਟੇ ਜਿਸਮਾਨੀ ਕਿਰਤ ਕਰਨ। ਜਿਸਮਾਨੀ ਤੇ ਮਾਨਸਕ ਕਿਰਤ ਦਾ ਖ਼ਾਸਾ ਇਕੋ ਜਿਹਾ ਨਹੀਂ ਹੁੰਦਾ। ਇਹਨਾਂ ਦੋਹਵਾਂ ਕਿਰਤਾਂ ਵਿਚ ਜੋ ਨਾਬਰਾਬਰੀ ਹੈ, ਉਸੇ ਵਿਚ ਹੀ ਸਾਰੇ ਮਸਲੇ ਦੀ ਜੜ੍ਹ ਹੈ। ਇਸ ਸਵਾਲ ਦਾ ਜਵਾਬ ਇਹ ਹੈ ਕਿ ਜਿਸਮਾਨੀ ਤੇ ਮਾਨਸਿਕ ਕਿਰਤਾਂ

ਨੂੰ ਇਕੋ ਜਿੰਨਾ ਉਪਜਾਊ ਸਮਝਿਆ ਜਾਣਾ ਚਾਹੀਦਾ ਹੈ ਅਤੇ ਇਸ ਗੱਲ ਦਾ ਵਿਰੋਧ ਕਰਨਾ ਚਾਹੀਦਾ ਹੈ ਕਿ ਮਾਨਸਕ ਮਿਹਨਤ ਕਰਨ ਵਾਲੇ ਜਿਸਮਾਨੀ ਮਿਹਨਤ ਕਰਨ ਵਾਲਿਆਂ ਨਾਲੋਂ ਚੰਗੇ ਹੁੰਦੇ ਹਨ।

ਆਖ਼ਰੀ ਗੱਲ ਇਹ ਹੈ ਕਿ ਭਗਤ ਸਿੰਘ 'ਮਾਰਕਸ, ਏਂਗਲਜ਼ ਤੇ ਲੈਨਿਨ ਦੀ ਬੇਹਤਰੀਨ ਪਰੰਪਰਾ ਦਾ ਆਲੋਚਨਾਤਮਕ ਇਨਕਲਾਬੀ ਦਾਨਸ਼ਮੰਦ ਸੀ। ਉਹ ਨੌਜਵਾਨਾਂ ਨੂੰ 'ਡਰੀਮਲੈਂਡ' ਪੜ੍ਹਨ ਦੀ ਸਿਫ਼ਾਰਸ਼ ਕਰਦਿਆਂ ਤਾੜਨਾ ਵੀ ਕਰਦਾ ਹੈ : "ਇਹਨੂੰ ਅੱਖਾਂ ਬੰਦ ਕਰ ਕੇ ਨਾ ਪੜ੍ਹੋ ਅਤੇ ਇਹ ਨਾ ਸਮਝ ਲਈਓ ਕਿ ਇਸ ਵਿਚ ਜੋ ਲਿਖਿਆ ਹੈ, ਉਹ ਸਹੀ ਹੈ। ਇਹਨੂੰ ਪੜ੍ਹੋ, ਇਹਦੀ ਆਲੋਚਨਾ ਕਰੋ, ਇਹਦੇ ਬਾਰੇ ਸੋਚੋ ਅਤੇ ਇਹਦੀ ਮਦਦ ਨਾਲ ਆਪਣੇ ਵਿਚਾਰ ਬਣਾਉਣ ਦੀ ਕੋਸ਼ਿਸ਼ ਕਰੋ।" — [ਅੰਗਰੇਜ਼ੀ ਤੋਂ ਉਲਥਾ : ਅਮਰਜੀਤ ਚੰਦਨ]

---


ਜਗਜੀਤ ਸਿੰਘ

**ਗ਼ਦਰ ਪਾਰਟੀ ਲਹਿਰ**

"...ਇਹ ਪੁਸਤਕ ਇਸ ਲਹਿਰ ਬਾਬਤ ਸਭ ਤੋਂ ਵਧੀਆ ਤੇ ਪ੍ਰਮਾਣੀਕ ਗਿਣੀ ਜਾ ਸਕਦੀ ਹੈ," ਪ੍ਰਿੰਸੀਪਲ ਤੇਜਾ ਸਿੰਘ

ਵਡਾ ਸਾਈਜ਼, ਆਫ਼ਸੈੱਟ ਪ੍ਰਿੰਟਿੰਗ, ਪੱਕੀ ਸੁੰਦਰ ਜਿਲਦ, ਸਫ਼ੇ 183, ਮੁਲ : 30 ਰੁਪੈ, ਰਕਮ ਮਨੀਆਰਡਰ ਦੁਆਰਾ **ਸੇਧ** ਨੂੰ ਭੇਜ ਕੇ ਇਹ ਪੁਸਤਕ ਪ੍ਰਾਪਤ ਕਰੋ।


---


**"ਸੇਧ" ਦੇ ਪੁਰਾਣੇ ਅੰਕ**

**ਸੇਧ** ਦੇ ਪੁਰਾਣੇ ਫੁਟਕਲ ਅੰਕਾਂ ਲਈ ਪੀਪਲਜ਼ ਬੁੱਕ ਸੈਂਟਰ, ਮੋਗਾ/ਸੁੰਦਰ ਬੁੱਕ ਡਿਪੋ, ਜਲੰਧਰ/ਕਮਲ ਬੁੱਕ ਡਿਪੋ, ਪਟਿਆਲਾ ਅਤੇ ਜਾਂ ਸਾਨੂੰ ਸਿਧਿਆਂ ਲਿਖੋ।

ਜਨਵਰੀ ਤੋਂ ਮਾਰਚ ਅਤੇ ਜੁਲਾਈ ਤੋਂ ਦਸੰਬਰ ਸਾਲ 1978 ਦੇ ਅਤੇ ਮਾਰਚ ਤੋਂ ਨਵੰਬਰ 1979 ਦੇ ਫੁਟਕਲ ਅੰਕ ਪੀਪਲਜ਼ ਬੁੱਕ ਸੈਂਟਰ, ਨਜ਼ਦੀਕ. ਡੀ. ਐਮ. ਕਾਲਿਜ, ਮੋਗਾ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।




ਭਗਵਾਨ ਸਿੰਘ ਜੋਸ਼

## ਮਾਰਕਸਵਾਦ, ਗਾਂਧੀ ਅਤੇ ਕੌਮੀ ਆਜ਼ਾਦੀ ਦੀ ਲਹਿਰ—4

**ਗਾਂਧੀ ਤੇ ਭਾਰਤੀ ਸਰਮਾਏਦਾਰ ਜਮਾਤ** : ਸ਼ੁਰੂ ਵਿਚ ਹੀ ਮੈਂ ਇਸ ਬੋਗਸ ਖਿਆਲ ਜਾਂ ਧਾਰਨਾ ਦਾ ਖੰਡਨ ਕਰ ਦੇਣਾ ਚਾਹੁੰਦਾ ਹਾਂ ਜਿਸ ਅਨੁਸਾਰ 1947 ਤੋਂ ਪਹਿਲਾਂ ਭਾਰਤੀ ਸਰਮਾਏ-ਦਾਰੀ ਦਲਾਲ ਸਰਮਾਏਦਾਰੀ ਸੀ ਤੇ 1947 ਤੋਂ ਬਾਅਦ ਵੀ ਇਹ 'ਦਲਾਲ ਸਰਮਾਏਦਾਰੀ' ਹੀ ਰਹਿੰਦੀ ਹੈ। ਇਸ ਫਾਰਮੂਲੇਸ਼ਨ ਅਨੁਸਾਰ ਕਿਉਂਕਿ ਭਾਰਤੀ ਸਰਮਾਏਦਾਰੀ 'ਦਲਾਲ ਸਰਮਾਏਦਾਰੀ' ਸੀ ਤੇ ਗਾਂਧੀ ਉਸ ਦਾ ਆਗੂ ਸੀ, ਇਸ ਲਈ 'ਕੁਦਰਤੀ' ਤੌਰ 'ਤੇ ਉਹ ਵੀ 'ਸਾਮਰਾਜੀਆਂ ਦਾ ਝਿਆਲ' ਹੋ ਗਿਆ। ਜਿਵੇਂ ਕਿ ਅਸੀਂ ਸ਼ੁਰੂ ਵਿਚ ਹੀ ਦੱਸਿਆ ਸੀ ਇਨ੍ਹਾਂ ਗਲਤ ਵਿਚਾਰਾਂ ਦੀਆਂ ਜੜ੍ਹਾਂ ਐਮ. ਐਨ. ਰਾਏ ਅਤੇ ਸਟਾਲਿਨ ਦੀ ਅਗਵਾਈ ਹੇਠ ਤੀਜੀ ਕੌਮਾਂਤਰੀ ਦੇ 1928 ਵਿਚ ਕੱਟੇ ਅਤਿ-ਖੱਬੇ-ਪੱਖੀ ਮੋੜ ਵੇਲੇ ਦੀਆਂ ਫਾਰਮੂਲੇਸ਼ਨਾਂ ਵਿਚ ਹਨ। ਇਹ ਖੱਬੇ-ਪੱਖੀ ਲਹਿਰ ਦੀ ਬਦਕਿਸਮਤੀ ਹੀ ਹੈ ਕਿ ਅਜੇ ਵੀ ਕੁਝ ਲੋਕ ਇਨ੍ਹਾਂ ਧਾਰਨਾਵਾਂ ਨੂੰ ਚੰਬੜੇ ਹੋਏ ਹਨ। ਉਹ ਇਸ ਤੱਥ ਨੂੰ ਬਿਲਕੁਲ ਹੀ ਅਖੋਂ ਪਰੋਖੇ ਕਰ ਦਿੰਦੇ ਹਨ ਕਿ ਅਜਿਹੀਆਂ ਧਾਰਨਾਵਾਂ 'ਤੇ ਆਧਾਰਤ ਕਮਿਊਨਿਸਟਾਂ ਦੀ ਸਿਆਸੀ ਲਾਈਨ ਦਾ 1928 ਤੋਂ 1934 ਤੱਕ ਤੇ ਫੇਰ 1948 ਤੋਂ 50 ਤੱਕ (ਭਾਵ ਰੰਧੀਵੇ ਲਾਈਨ ਵੇਲੇ) ਕਿੰਨਾ ਭੈੜਾ ਹਸ਼ਰ ਹੋਇਆ ਸੀ। ਸਮਕਾਲੀ ਮਾਰਕਸਵਾਦੀ ਇਤਿਹਾਸਕਾਰਾਂ ਦੀ ਖੋਜ ਨੇ 'ਦਲਾਲ ਸਰਮਾਏਦਾਰੀ' ਥੀਸਸ ਦਾ ਸਪਸ਼ਟ ਤੌਰ 'ਤੇ ਬੜੀਆਂ ਠੋਸ ਦਲੀਲਾਂ ਰਾਹੀਂ ਖੰਡਨ ਕੀਤਾ ਹੈ। ਜੋ ਪਾਠਕ ਵਧੇਰੇ ਵਿਸਥਾਰ ਵਿਚ ਜਾਣਾ ਚਾਹੁੰਦੇ ਹਨ ਉਹ ਇਹ ਦੋ ਮਹੱਤਵਪੂਰਨ ਲੇਖ ਵਾਚ ਸਕਦੇ ਹਨ।*

ਭਾਰਤੀ ਕਮਿਊਨਿਸਟਾਂ ਨੇ ਭਾਰਤ ਦੀ ਆਜ਼ਾਦੀ ਦੀ ਲਹਿਰ ਨੂੰ **ਸਮੁਚੇ ਭਾਰਤੀ ਲੋਕਾਂ** (ਸਾਰੀਆਂ ਦੱਬੀਆਂ ਜਮਾਤਾਂ, ਸਣੇ ਕੌਮੀ ਬੁਰਜੁਆਜ਼ੀ ਦੇ) ਤੇ ਸਾਮਰਾਜ ਵਿਚ ਵਿਰੋਧਤਾਈ ਦੀ ਪੈਦਾਵਾਰ ਦੇ ਤੌਰ 'ਤੇ ਵੇਖਣ ਦੀ ਬਜਾਏ ਇਸ ਨੂੰ ਬੜੇ ਹੀ ਸੌੜੇ ਢੰਗ ਨਾਲ **ਕੇਵਲ ਭਾਰਤੀ ਬੁਰਜੁਆਜ਼ੀ** ਅਤੇ ਸਾਮਰਾਜ ਦੀ ਆਪਸੀ ਵਿਰੋਧਤਾਈ ਵਿਚੋਂ ਉਦੈ ਹੁੰਦੀ ਹੀ ਵੇਖਿਆ ਹੈ। ਇੰਜ ਵੇਖਣ ਨਾਲ ਇਸ ਤੱਥ ਉਪਰ ਪਰਦਾ ਪੈਂਦਾ ਹੈ ਕਿ ਭਾਰਤੀ ਬੁਰਜੁਆਜ਼ੀ ਭਾਰਤ ਵਿਚ ਬਾਕੀ ਦੀਆਂ ਸਾਮਰਾਜ-ਵਿਰੋਧੀ ਜਮਾਤਾਂ ਵਿਚੋਂ ਕੇਵਲ ਇਕ ਜਮਾਤ ਸੀ। ਇੰਜ ਵੇਖਣ ਨਾਲ ਹੋਰ ਨਵੇਂ ਸਵਾਲ ਖੜ੍ਹੇ ਹੁੰਦੇ ਹਨ। ਜੇਕਰ ਭਾਰਤੀ ਬੁਰਜੁਆਜ਼ੀ ਬਾਕੀ ਦੀਆਂ ਸਾਮਰਾਜ-ਵਿਰੋਧੀ ਜਮਾਤਾਂ ਵਿਚੋਂ ਕੇਵਲ ਇਕ ਜਮਾਤ ਸੀ ਤਾਂ (1) ਉਸ ਦੀ ਸਾਮਰਾਜ ਵਿਰੁਧ ਸਿਆਸੀ-ਵਿਰੋਧਤਾ ਦਾ **ਰੂਪ** ਕੀ ਸੀ ਤੇ

ਉਹ ਬਾਕੀਆਂ ਦੀ ਸਿਆਸਤ ਦੇ ਰੂਪ ਤੋਂ ਕਿਵੇਂ ਭਿੰਨ ਸੀ ? (2) ਕੀ ਉਹ ਸਾਮਰਾਜ-ਵਿਰੋਧੀ ਲਹਿਰ ਦੀ ਆਗੂ ਸੀ ਜਿਵੇਂ ਕਿ ਆਮ ਤੌਰ 'ਤੇ ਕਮਿਊਨਿਸਟ ਉਸ ਨੂੰ ਸਮਝਦੇ ਸਨ ? (3) ਜੇਕਰ ਨਹੀਂ ਤਾਂ ਬਾਕੀ ਦੀਆਂ ਸਾਮਰਾਜ-ਵਿਰੋਧੀ ਜਮਾਤਾਂ ਦੀ ਸਿਆਸਤ ਵਲ ਉਨ੍ਹਾਂ ਦਾ ਕੀ ਵਤੀਰਾ ਸੀ ?

ਇਹ ਵਿਚਾਰ ਕਿ ਭਾਰਤ ਦੀ ਆਜ਼ਾਦੀ ਦੀ ਲਹਿਰ ਭਾਰਤੀ ਬੁਰਜੁਆਜ਼ੀ ਦੇ ਪੈਦਾ ਹੋਣ ਨਾਲ ਸ਼ੁਰੂ ਹੁੰਦੀ ਹੈ, ਐਮ. ਐਨ. ਰਾਏ ਅਤੇ ਭਾਰਤੀ ਕਮਿਊਨਿਸਟਾਂ ਦੀ ਸਮਝ ਪਿਛੇ ਕੰਮ ਕਰਦੀ ਮੂਲ ਧਾਰਨਾ ਰਹੀ ਹੈ। ਇਹ 'ਯੂਰਪੀ ਇਤਿਹਾਸ' ਨੂੰ ਭਾਰਤ ਦੀਆਂ ਹਾਲਤਾਂ ਉਪਰ ਅੰਨ੍ਹੇਵਾਹ ਲਾਗੂ ਕਰਨਾ ਸੀ। ਕਿਉਂਕਿ ਯੂਰਪ ਵਿਚ ਕੌਮਵਾਦ ਦੀ ਸ਼ੁਰੂਆਤ ਬੁਰਜੁਆਜ਼ੀ ਦੇ ਪੈਦਾ ਹੋਣ, ਵੱਧਣ-ਫੁੱਲਣ ਨਾਲ ਹੋਈ ਸੀ ਤੇ ਇੰਜ ਹੀ ਭਾਰਤ ਵਿਚ ਵੀ ਕੌਮਵਾਦ ਉਸੇ ਤਰ੍ਹਾਂ ਹੀ ਪੈਦਾ ਹੋਇਆ ਹੋਵੇਗਾ। ਦਲੀਲ ਸੀ : ਯੂਰਪ ਵਿਚ ਕੌਮਵਾਦ ਬੁਰਜੁਆਜ਼ੀ ਦੀ ਵਿਚਾਰਧਾਰਾ ਸੀ ਤੇ ਇੰਜ ਹੀ ਭਾਰਤ ਵਿਚ ਵੀ ਇਹ ਬੁਰਜੁਆਜ਼ੀ ਦੀ ਵਿਚਾਰਧਾਰਾ ਹੀ ਸੀ। ਬਾਕੀ ਜਮਾਤਾਂ ਜੇਕਰ ਕੌਮਵਾਦ ਦੀ ਰੰਗਣ ਵਿਚ ਰੰਗੀਆਂ ਗਈਆਂ ਸਨ ਤਾਂ ਉਹ ਬੁਰਜੁਆਜ਼ੀ ਦੀ ਵਿਚਾਰਧਾਰਾ ਦਾ 'ਸ਼ਿਕਾਰ' ਸਨ ਕਿਉਂਕਿ ਉਹ ਆਪਣੇ-ਆਪ ਕਿਵੇਂ ਕੌਮਵਾਦੀ ਹੋ ਸਕਦੀਆਂ ਸਨ !! ਪਰ ਕੌਮੀ ਆਜ਼ਾਦੀ ਦੇ ਇਤਿਹਾਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਆਜ਼ਾਦੀ ਦੀ ਲਹਿਰ ਦੌਰਾਨ, ਕਿਸੇ ਪੜਾਅ ਉਪਰ ਵੀ, ਭਾਰਤੀ ਬੁਰਜੁਆਜ਼ੀ ਇਸ ਲਹਿਰ ਪਿਛੇ ਕੰਮ ਕਰ ਰਹੀ ਮੁੱਖ ਤਾਕਤ ਨਹੀਂ ਸੀ। ਉਸ ਨੂੰ ਇਹ ਰੁਤਬਾ ਇਤਿਹਾਸਕ ਤੱਥ ਨਹੀਂ ਦਿੰਦੇ ਸਗੋਂ ਕਮਿਊਨਿਸਟ ਆਪਣੀਆਂ ਗਲਤ ਧਾਰਨਾਵਾਂ ਤੋਂ ਚੱਲ ਕੇ ਦਿੰਦੇ ਹਨ। ਉਨ੍ਹਾਂ ਅਨੁਸਾਰ ਕੌਮੀ ਬੁਰਜੁਆਜ਼ੀ ਕੌਮੀ ਲਹਿਰ ਦੀ ਆਗੂ ਸੀ। ਭਾਰਤੀ ਬੁਰਜੁਆਜ਼ੀ ਅਗੇ ਮੁਖ ਮਸਲਾ ਇਹ ਨਹੀਂ ਸੀ ਕਿ ਉਹ ਆਪਣੀ ਮਨ ਮਰਜ਼ੀ ਅਨੁਸਾਰ ਸਾਮਰਾਜ-ਵਿਰੋਧੀ ਲਹਿਰ ਖੜ੍ਹੀ ਕਰੇ ਜਾਂ ਨਾ ਕਰੇ। **ਆਜ਼ਾਦੀ ਦੀ ਲਹਿਰ ਦਾ ਉਦੈ ਕਿਉਂਕਿ ਸਮੁਚੀਆਂ ਭਾਰਤੀ ਜਮਾਤਾਂ ਦੀ ਸਾਮਰਾਜ ਨਾਲ ਵਿਰੋਧਤਾ ਵਿਚੋਂ ਹੋਇਆ**, ਇਸ ਲਈ ਭਾਰਤੀ ਬੁਰਜੁਆਜ਼ੀ ਅੱਗੇ ਕੇਵਲ ਇਹ ਹੀ ਦੋ ਰਾਹ ਸਨ : (1) ਜਾਂ ਤਾਂ ਸ਼ਰ੍ਹੇ-ਆਮ ਅੰਗਰੇਜ਼ ਅਫ਼ਸਰ-ਸ਼ਾਹੀ ਦਾ ਸਾਥ ਦੇ ਕੇ ਸਦਾ ਲਈ ਭਾਰਤੀ ਲੋਕਾਂ ਦੀ ਆਜ਼ਾਦੀ ਦੇ ਰਾਹ ਵਿਚ ਰੋੜਾ ਬਣ ਜਾਵੇ (2) ਜਾਂ ਉਸ ਦੀ ਗਤੀ ਇਸ ਗੱਲ ਵਿਚ ਸੀ ਕਿ ਭਾਰਤ ਦੀ ਆਜ਼ਾਦੀ ਲਹਿਰ ਅੰਦਰਲੀਆਂ ਜਮਾਤਾਂ ਤੇ ਉਨ੍ਹਾਂ ਦੇ ਆਗੂਆਂ ਨਾਲ, ਅਤੇ ਇਸ ਲਹਿਰ ਦੀ ਮੁੱਖ ਪਾਰਟੀ ਕਾਂਗਰਸ ਦੇ ਆਗੂਆਂ ਨਾਲ ਅਜਿਹਾ ਰਿਸ਼ਤਾ ਕਾਇਮ ਕਰੇ ਕਿ ਲੰਮੇ ਸਮੇਂ ਦੇ ਦੌਰਾਨ ਅੰਗਰੇਜ਼ਾਂ ਦਾ ਵਿਰੋਧ ਇਸ ਢੰਗ ਨਾਲ ਹੋਵੇ ਕਿ ਇਸ ਵਿਰੋਧ ਵਿਚੋਂ ਸਿਆਸੀ ਤਾਕਤ ਆਖਰ ਉਸ ਦੇ ਹੱਥ ਆਵੇ। ਭਾਰਤੀ ਬੁਰਜੁਆਜ਼ੀ ਨੇ ਪਹਿਲਾ ਨਹੀਂ ਸਗੋਂ ਦੂਸਰਾ ਰਸਤਾ ਚੁਣਿਆ। 1927 ਤੱਕ ਇਸ ਨੇ ਕੌਮੀ ਪੱਧਰ ਉਤੇ ਆਪਣੀ ਜਮਾਤੀ ਆਰਥਕ ਜਥੇਬੰਦੀ ਪੱਕੇ ਪੈਰਾਂ 'ਤੇ ਖੜ੍ਹੀ ਕਰ ਲਈ ਸੀ ਤੇ 'ਫਿਕੀ' (Federation of Indian Chambers of Commerce and Industry) ਦਾ ਨਿਰਮਾਣ ਕਰ ਲਿਆ ਸੀ। ਇਸ ਦੇ ਦੂਰ-ਅੰਦੇਸ਼ ਆਗੂਆਂ ਨੇ ਉਪਰ ਦੱਸਿਆ ਦੂਸਰਾ ਰਾਹ ਚੁਣ ਲੈਣ ਦਾ ਐਲਾਨ ਕਰ ਦਿੱਤਾ ਸੀ। ਵਾਇਸਰਾਏ ਦੀ ਹਾਜ਼ਰੀ ਵਿਚ ਪਰਸ਼ੋਤਮਦਾਸ ਠਾਕਰਦਾਸ ਨੇ ਇਸ ਰਾਹ ਦੀ ਚੋਣ ਦਾ ਐਲਾਨ ਇੰਜ ਕੀਤਾ ਸੀ :

"Indian commerce and industry are intimately associated with and are, indeed, an integral part of the national movement, growing with its growth and strengthening with its strength. They cannot,



therefore, make terms with the one or the other (foreign government or foreign commercial interests) at the expense of national interests." (President of FICCI at its second annual meeting 1928)

ਇੰਜ ਹੀ 16 ਫਰਵਰੀ 1930 ਨੂੰ ਫਿਕੀ ਦੇ ਸਾਲਾਨਾ ਇਜਲਾਸ ਨੂੰ ਸੰਬੋਧਨ ਕਰਦਿਆਂ ਹੋਇਆਂ ਜੀ. ਡੀ. ਬਿਰਲਾ ਨੇ ਕਿਹਾ :

"I am very sorry that we have not been able to influence the Government or to convert them to our views, but we never anticipated that. It is impossible in the present circumstances and in the present political condition of our country to convert the Government to our views, but I think the only solution of our present difficulties lies n every Indian businessman strengthening the hands of those who are fighting for the freedom of our country...Swaraj (freedom) is not a question of sentiment. It is a question of bread. The prosperity of the country depends entirely on the amount of political freedom which we get and I think that is not only in the interests of the country but in the interests of the capitalists, the employees and the industrialists who should try to fight and strengthen the hands of those who are fighting for Swaraj."

Report of the Proceedings of the annual general meeting of the FICCI, Vol III (1930), pp. 264-5).

ਇਥੇ ਹੁਣ ਅਗੇ ਇਹ ਸਵਾਲ ਉਠਦੇ ਹਨ :

(1) ਭਾਰਤੀ ਸਰਮਾਏਦਾਰੀ ਅਤੇ ਕਾਂਗਰਸ ਪਾਰਟੀ ਦੀ ਸੱਜੇ-ਪੱਖੀ ਲੀਡਰਸ਼ਿਪ ਵਿਚ ਕੀ ਸੰਬੰਧ ਸਨ ? (2) ਭਾਰਤੀ ਸਰਮਾਏਦਾਰੀ ਦੇ ਗਾਂਧੀ ਨਾਲ ਕਿਹੋ ਜਿਹੇ ਸੰਬੰਧ ਸਨ ?

ਜਦ ਅਸੀਂ ਕਿਸੇ ਲੀਡਰਸ਼ਿਪ (ਜਾਂ ਲੀਡਰ) ਅਤੇ ਉਸ ਨਾਲ ਕਿਸੇ ਜਮਾਤ ਦੇ ਸੰਬੰਧਾਂ ਨੂੰ ਸਮਝਣ ਦਾ ਯਤਨ ਕਰਦੇ ਹਾਂ ਤਾਂ ਇਸ ਦਾ ਇਕ ਮਹੱਤਵਪੂਰਨ ਸੰਕੇਤ ਸਾਨੂੰ ਇਥੋਂ ਮਿਲਦਾ ਹੈ ਕਿ ਉਹ ਲੀਡਰਸ਼ਿਪ ਜਾਂ ਲੀਡਰ ਜਦੋ-ਜਹਿਦ ਦੇ ਦੌਰਾਨ ਲੜਾਈ ਦੇ ਕਿਹੋ ਜਿਹੇ ਢੰਗ ਉਪਰ ਜ਼ੋਰ ਦਿੰਦਾ ਹੈ ਤੇ ਅਚੇਤ ਜਾਂ ਸੁਚੇਤ ਤੌਰ 'ਤੇ ਲੜਾਈ ਦਾ ਇਹ ਢੰਗ ਕਿਸ ਜਮਾਤ ਦੇ ਹੱਕ ਵਿਚ ਜਾਂਦਾ ਹੈ। ਇਸ ਸਵਾਲ ਨੂੰ ਇੰਜ ਵੀ ਪਾਇਆ ਜਾ ਸਕਦਾ ਹੈ : ਭਾਰਤੀ ਬੁਰਜੁਆਜ਼ੀ ਆਜ਼ਾਦੀ ਦੀ ਲੜਾਈ ਲਈ ਕਿਹੜਾ ਰਾਹ (ਢੰਗ) ਅਪਣਾਉਣਾ ਚਾਹੁੰਦੀ ਸੀ ? ਕੀ ਗਾਂਧੀ ਦਾ ਰਾਹ (ਢੰਗ) ਵੀ ਉਹੀ ਸੀ ? ਅਸਲ ਸਵਾਲ ਇਹ ਹਨ। ਸਵਾਲ ਅਹਿੰਸਾ ਜਾਂ ਹਿੰਸਾ ਦਾ ਨਹੀਂ ਜਿਵੇਂ ਕਿ ਕਮਿਊਨਿਸਟ ਉਸ ਵੇਲੇ ਸਮਝਦੇ ਸਨ ਤੇ ਕਈ ਅਜੇ ਵੀ ਸਮਝਦੇ ਹਨ। ਇਹ ਜ਼ਰੂਰੀ ਨਹੀਂ ਕਿ ਜੋ ਲਹਿਰ ਹਿੰਸਾ 'ਤੇ ਆਧਾਰਤ ਹੁੰਦੀ ਹੈ ਉਹ ਸਦਾ ਦਬੀਆਂ ਕੁਚਲੀਆਂ ਜਮਾਤਾਂ ਦੇ ਹੱਕ ਵਿਚ ਹੁੰਦੀ ਹੈ। ਤਾਂ ਫਿਰ ਇਸ ਮਾਰਕਸਵਾਦੀ ਧਾਰਨਾ ਦਾ ਕੀ ਭਾਵ ਹੈ : ਹਿੰਸਾ ਤੋਂ ਬਿਨਾਂ ਇਨਕਲਾਬ ਅਸੰਭਵ ਹੈ ਕਿਉਂਕਿ ਲੁਟੇਰੀਆਂ ਜਮਾਤਾਂ ਆਪਣੀ ਤਾਕਤ ਅਤੇ ਪੁਜ਼ੀਸ਼ਨ ਨੂੰ ਅਹਿੰਸਾ ਦੇ ਵਤੀਰੇ ਨਾਲ ਨਹੀਂ ਤਿਆਗਣ ਲੱਗੀਆਂ। ਇਸ ਧਾਰਨਾ ਦਾ ਭਾਵ ਇਹ ਨਹੀਂ ਕਿ ਲਹਿਰ ਸ਼ੁਰੂ ਤੋਂ ਹੀ ਹਿੰਸਾ 'ਤੇ ਆਧਾਰਤ ਹੋਵੇ ਤਾਂ ਹੀ ਉਹ ਲੋਕਾਂ ਦੇ ਭਲੇ ਦੀ ਲਹਿਰ ਹੋਵੇਗੀ, ਨਹੀਂ ਤਾਂ

ਨਿਰਾ ਧੋਖਾ । ਇਸ ਫਾਰਮੂਲੇਸ਼ਨ ਦਾ ਭਾਵ ਹੈ ਕਿ ਅਹਿੰਸਾ ਦੇ ਨਾਹਰੇ ਥੱਲੇ ਪੈਦਾ ਹੋਈ ਤੇ ਵਧੀ ਫੁੱਲੀ ਇਨਕਲਾਬੀ ਲਹਿਰ ਨੂੰ ਵੀ ਆਪਣੀ ਕਾਮਯਾਬੀ ਦੀ ਆਖਰੀ ਫਤਿਹ ਸਮੇਂ ਲੁਟੇਰੀਆਂ ਜਮਾਤਾਂ ਹਿੰਸਾ ਦੀ ਵਰਤੋਂ ਲਈ ਮਜਬੂਰ ਕਰ ਦੇਂਦੀਆਂ ਹਨ । ਚੌਰਾ-ਚੌਰੀ ਸਮੇਂ ਗਾਂਧੀ ਦੇ ਆਹਿੰਸਾ ਦੇ ਅਸੂਲ ਦੇ ਵਿਰੋਧੀ ਤਾਂ ਲਾਲਾ ਲਾਜਪਤ ਰਾਏ ਤੇ ਮੋਤੀ ਲਾਲ ਨਹਿਰੂ ਵੀ ਸਨ । ਇਸ ਦਾ ਭਾਵ ਇਹ ਨਹੀਂ ਕਿ ਉਨ੍ਹਾਂ ਦੀ ਵਿਚਾਰਧਾਰਾ ਬੁਰਜਵਾ ਨਹੀਂ ਸੀ । ਗਾਂਧੀ ਦੇ ਅਹਿੰਸਾ ਦੇ ਅਸੂਲ ਦਾ ਵਿਰੋਧ ਕਮਿਊਨਿਸਟਾਂ ਨਾਲੋਂ ਵੀ ਵਧੇਰੇ ਹਿੰਦੂ ਮਹਾਂ-ਸਭਾ ਦੇ ਫ਼ਿਰਕਾ-ਪ੍ਰਸਤਾਂ ਵਲੋਂ ਕੀਤਾ ਗਿਆ ਸੀ । ਉਨ੍ਹਾਂ ਦਾ ਕਹਿਣਾ ਸੀ ਕਿ ਗਾਂਧੀ ਆਹਿੰਸਾ ਦੇ ਪਰਦੇ ਹੇਠ ਹਿੰਦੂਆਂ ਨੂੰ ਨਿਪੁੰਸਕ ਬਣਾਉਣਾ ਚਾਹੁੰਦਾ ਹੈ (ਕਮਿਊਨਿਸਟ ਕਹਿੰਦੇ ਸਨ ਕਿ ਗਾਂਧੀ ਅਹਿੰਸਾ ਦੇ ਪਰਦੇ ਹੇਠ ਲੁਟੇਰੀਆਂ ਜਮਾਤਾਂ ਦੀ ਸੇਵਾ ਕਰਨਾ ਚਾਹੁੰਦਾ ਹੈ) ਜਦੋਂ ਕਿ ਲੋੜ ਤਾਂ ਉਨ੍ਹਾਂ ਨੂੰ ਮਿਲੀਟੈਂਟ ਬਣਾਉਣ ਦੀ ਸੀ । ਮਹਾਂਰਾਸ਼ਟਰਾ ਦਾ ਕੱਟੜ ਹਿੰਦੂ-ਮਹਾਂ-ਸਭਾਈ, ਮੂੰਜੇ ਲਿਖਦਾ ਹੈ (16 ਮਾਰਚ 1922) ।

"The Mahatma's policy and philosophy of love and Ahimsa...are not only highly impractical but suicidal to India...In India he is not only out of place but I honestly believe that positive and irrepairable harm is being done to Hindus on account of his teachings...In one word I have been saying to Gandhi's followers that I consider my mission in life now to do everything possible so that teaching of love and Ahimsa, of which we have been saturated since Buddha's and Jaina's times, may not take root at least in Maharashtra... I believe Gandhi's philosophy will lead to destruction and extermination of the Hindus from the face of the world." (Quoted in his paper 'Communal and Revivalist Trends in Congress' by Mushirul Hasan, Jamia Millia).

ਸੋ ਗਾਂਧੀ ਦੇ ਅਹਿੰਸਾ ਦੇ ਅਸੂਲ ਦਾ ਵਿਰੋਧ ਕੇਵਲ ਖੱਬੇ-ਪੱਖ ਵਲੋਂ ਹੀ ਨਹੀਂ, ਸਗੋਂ ਫ਼ਿਰਕਾਪ੍ਰਸਤਾਂ ਵਲੋਂ ਵੀ ਹੋ ਰਿਹਾ ਸੀ । ਇਸ ਦਾ ਕਾਰਨ ਇਹ ਹੈ ਕਿ ਅਹਿੰਸਾ ਦਾ ਅਸੂਲ ਆਪਣੇ ਆਪ ਵਿਚ ਕਿਸੇ ਖ਼ਾਸ ਜਮਾਤ ਦੇ ਉਦੇਸ਼ ਦੀ ਪੂਰਤੀ ਨਹੀਂ ਕਰਦਾ । ਅਹਿੰਸਾ ਦੇ ਅਸੂਲ ਪਿਛੇ ਕਿਹੜੀਆਂ ਜਮਾਤਾਂ ਜਥੇਬੰਦ ਹਨ, ਉਨ੍ਹਾਂ ਦੀ ਚੇਤਨਤਾ ਦਾ ਪੱਧਰ ਕੀ ਹੈ—ਫੈਸਲਾ ਉਨ੍ਹਾਂ ਨੇ ਕਰਨਾ ਹੁੰਦਾ ਹੈ । ਹਿੰਸਾ ਦਾ ਸੰਬੰਧ ਉਚੀ ਜਾਂ ਵਧੇਰੀ ਚੇਤਨਤਾ ਨਾਲ ਨਹੀਂ, ਸਗੋਂ ਕਈ ਵੇਰ ਤਾਂ ਇਹ ਚੇਤਨਤਾ ਦੇ ਨੀਵੇਂ ਪੱਧਰ ਦੀ ਵੀ ਲਖਾਇਕ ਹੁੰਦੀ ਹੈ ।

ਭਾਰਤੀ ਸਰਮਾਏਦਾਰ ਜਮਾਤ ਦੀ ਸਿਆਸਤ ਦੀ ਵਿੱਥ-ਸੂਝ (perspective) ਕੀ ਸੀ ? ਇਸ ਦਾ ਪਤਾ ਸਾਨੂੰ ਸਰਮਾਏਦਾਰ ਜਮਾਤ ਦੇ ਆਗੂਆਂ ਦੀਆਂ ਸਮੇਂ ਸਮੇਂ ਸ਼ਰ੍ਹੇ-ਆਮ ਲਈਆਂ ਸਿਆਸੀ ਪੁਜ਼ੀਸ਼ਨਾਂ ਤੇ ਉਨ੍ਹਾਂ ਦੇ ਉਸ ਵੇਲੇ ਦੇ ਆਪਸੀ ਅਤੇ ਸਿਆਸੀ ਆਗੂਆਂ ਨਾਲ ਲੁਪਤ ਖ਼ਤੋ-ਕਿਤਾਬਤ ਤੋਂ ਲੱਗਦਾ ਹੈ । ਸਿਰਕੱਢ ਸਰਮਾਏਦਾਰ ਆਗੂਆਂ ਜਿਵੇਂ ਜੀ. ਡੀ. ਬਿਰਲਾ, ਟਾਟਾ, ਪਰਸ਼ੋਤਮਦਾਸ ਠਾਕਰਦਾਸ, ਅੰਬਾਲਾਲ ਸਾਰਾਬਾਈ, ਵਾਲਚੰਦ ਹੀਰਾਚੰਦ, ਮੋਦੀ, ਸ੍ਰੀ ਰਾਮ ਆਦਿ ਦੇ ਇਹ ਖ਼ਤ 'ਪਰਸ਼ੋਤਮ ਦਾਸ ਠਾਕਰ ਦਾਸ ਪਰਾਈਵੇਟ ਪੇਪਰਜ਼' ਵਿਚੋਂ ਮਿਲਦੇ ਹਨ ਜੋ ਤੀਨ-ਮੂਰਤੀ ਲਾਇਬ੍ਰੇਰੀ (ਦਿੱਲੀ) ਵਿਚ ਸਾਂਭੇ ਹੋਏ ਹਨ । ਇਨ੍ਹਾਂ ਸਾਰੀਆਂ ਲਿਖਤਾਂ,



ਜਿਨ੍ਹਾਂ ਵਿਚੋਂ ਕੁਝ ਕੁ ਦੀ ਅਸੀਂ ਹੇਠਾਂ ਟੂਕਾਂ ਵਜੋਂ ਵਰਤੋਂ ਕਰਾਂਗੇ, ਤੋਂ ਸਰਮਾਏਦਾਰੀ ਸਿਆਸਤ ਦਾ ਹੇਠ ਲਿਖਿਆ ਖ਼ਾਕਾ ਉਭਰਦਾ ਹੈ :

| | | | | |
|---|---|---|---|---|
| ਬਸਤੀਵਾਦੀ ਸਟੇਟ | ਲਿਬਰਲਜ਼ ਸੰਵਿਧਾਨਵਾਦੀ | ਸਰਮਾਏਦਾਰ ਜਮਾਤ ਦੇ ਸੰਵਿਧਾਨਵਾਦੀ ਆਗੂ | ਸੰਵਿਧਾਨਵਾਦੀ ਕਾਂਗਰਸੀ | ਗੈਰ-ਸੰਵਿਧਾਨਵਾਦੀ ਕਾਂਗਰਸੀ |

ਸਰਮਾਏਦਾਰ ਜਮਾਤ ਦੀ ਸਿਆਸਤ, ਲਿਬਰਲ ਸੰਵਿਧਾਨਵਾਦੀ ਸਿਆਸਤ (ਸਪਰੂ, ਜੈਕਰ, ਮਾਲਵੀਆ, ਜਿਨਹਾਂ) ਅਤੇ ਕਾਂਗਰਸੀ ਸੰਵਿਧਾਨਵਾਦੀ ਸਿਆਸਤ (ਮੋਤੀ ਲਾਲ ਨਹਿਰੂ; ਦਾਸ, ਆਦਿ) ਦੀ ਸਿਆਸਤ ਦੇ ਵਿਚਕਾਰ ਸੰਤੁਲਿਤ ਸੀ । (ਇਸ ਨੂੰ ਦਰਸਾਉਣ ਲਈ ਇਹ ਬਿੰਬ ਵੀ ਵਰਤਿਆ ਜਾ ਸਕਦਾ ਹੈ । ਇਕੋ ਕਤਾਰ ਵਿਚ ਖੰਭ ਖਿਲਾਰ ਕੇ ਬੈਠੇ ਤਿੰਨ ਪੰਛੀਆਂ ਦੀ ਕਲਪਨਾ ਕਰੋ ਜਿੰਨ੍ਹਾਂ ਵਿਚੋਂ ਵਿਚਕਾਰਲੇ ਦੇ ਦੋਵੇਂ ਖੰਭ ਆਪਣੇ ਪਾਸਿਆਂ ਵਾਲਿਆਂ ਦੇ ਇਕ ਇਕ ਖੰਭ ਉਪਰ ਟਿਕੇ ਹੋਣ) ਸਰਮਾਏਦਾਰ ਜਮਾਤ ਦੀ ਸਿਆਸਤ ਲਿਬਰਲਜ਼ ਵਾਂਗ ਸੰਵਿਧਾਨਵਾਦੀ ਤਾਂ ਸੀ ਪਰ ਇਹ ਜਮਾਤ ਉਨ੍ਹਾਂ ਵਾਂਗ ਮੂਲੋਂ ਹੀ ਸੇਵਾ-ਭਗਤ (loyal) ਨਹੀਂ ਸੀ । ਦੂਸਰੇ ਪਾਸੇ,ਇਹ ਕਾਂਗਰਸੀ ਸੰਵਿਧਾਨਵਾਦੀਆਂ ਵਾਂਗ ਕੇਂਦਰ ਵਿਚ ਭਾਰਤੀਆਂ ਦੀ ਚੁਣੀ ਹੋਈ ਸਰਕਾਰ ਤਾਂ ਚਾਹੁੰਦੀ ਸੀ (ਜਿਸ ਦਾ ਲਿਬਰਲ ਸੁਪਨਾ ਵੀ ਨਹੀਂ ਸਨ ਲੈਂਦੇ) ਪਰ ਉਨ੍ਹਾਂ ਵਾਂਗ ਸਮੇਂ ਸਮੇਂ ਗਾਂਧੀ ਨਾਲ ਹੱਥ ਮਿਲਾ ਕੇ ਗੈਰ-ਸੰਵਿਧਾਨਵਾਦੀ ਲਹਿਰ ਸ਼ੁਰੂ ਕਰਨ ਤੋਂ ਉਹ ਨਾ ਕੇਵਲ ਝਿਜਕਦੀ ਹੀ ਸੀ ਸਗੋਂ ਉਸ ਦਾ ਵਿਰੋਧ ਵੀ ਕਰਦੀ ਸੀ । ਇਥੇ ਅਸੀਂ ਇਹ ਗੱਲ ਫੇਰ ਚੇਤੇ ਕਰਵਾ ਦੇਣਾ ਚਾਹੁੰਦੇ ਹਾਂ, ਜਿਸ ਉਪਰ ਅਸੀਂ ਬਾਰ ਬਾਰ ਜ਼ੋਰ ਦਿੱਤਾ ਹੈ, ਕਿ ਗਾਂਧੀ ਕਦੇ ਵੀ ਇਹ ਵਿਸ਼ਵਾਸ਼ ਨਹੀਂ ਸੀ ਕਰਦਾ ਕਿ ਸਵਰਾਜ ਸੰਵਿਧਾਨਵਾਦੀ ਤਰੀਕਿਆਂ ਨਾਲ ਮਿਲ ਸਕਦਾ ਹੈ ! ਉਹ ਲਹਿਰ ਦੇ ਉਤਰਾ ਸਮੇਂ ਹੋਰਨਾਂ ਨੂੰ ਸੰਵਿਧਾਨਵਾਦੀ ਸਰਗਰਮੀਆਂ ਵਿਚ ਭਾਗ ਲੈਣ ਦੀ ਖੁਲ੍ਹ ਦੇ ਦਿੰਦਾ ਸੀ ਪਰ ਆਪ ਗੈਰ-ਸੰਵਿਧਾਨ-ਵਾਦੀ ਲਹਿਰ ਦਾ ਰਾਹ ਪੱਧਰਾ ਕਰਨ ਵਿਚ ਰੁਝਿਆ ਰਹਿੰਦਾ ਸੀ ਤੇ ਮੌਕਾ ਮਿਲਣ 'ਤੇ ਉਸ ਦਾ ਪਹਿਲਾ ਨਾਹਰਾ ਹੁੰਦਾ ਸੀ : ਸੰਵਿਧਾਨਵਾਦੀ ਸਰਗਰਮੀਆਂ ਬੰਦ ਕਰੋ, ਕੌਂਸਿਲਾਂ 'ਚੋਂ ਬਾਹਰ ਆਓ ਤੇ ਜਨਤਕ ਜਦੋ-ਜਹਿਦ (ਗੈਰ-ਸੰਵਿਧਾਨਕ ਸਰਗਰਮੀਆਂ) ਸ਼ੁਰੂ ਕਰੋ । (ਮੋਟੇ ਤੌਰ 'ਤੇ ਸਰਮਾਏਦਾਰ ਜਮਾਤ ਦੀ ਸਿਆਸਤ ਸੰਵਿਧਾਨਵਾਦੀ ਜਦੋ-ਜਹਿਦ ਤੱਕ ਹੀ ਸੀਮਤ ਸੀ ਤੇ ਨਿਸ਼ਾਨਾ ਸੀ ਡੋਮਿਨੀਅਨ ਸਰਕਾਰ ਦੀ ਪ੍ਰਾਪਤੀ । ਦੂਸਰੇ ਸ਼ਬਦਾਂ ਵਿਚ, ਉਨ੍ਹਾਂ ਦਾ ਨਿਸ਼ਾਨਾ ਮੋਤੀ ਲਾਲ ਨਹਿਰੂ ਵਾਲਾ ਅਤੇ ਰਾਹ, (ਢੰਗ ਸਪਰੂ ਤੇ ਜੈਕਰ ਵਾਲਾ ਸੀ) ।

ਇਸ ਲਈ ਜਦ ਕਾਂਗਰਸ ਗੈਰ-ਸੰਵਿਧਾਨਕ ਲਹਿਰ ਸ਼ੁਰੂ ਕਰਦੀ ਤਾਂ ਇਹ ਜਮਾਤ ਅਸੈਂਬਲੀ ਵਿਚ ਲਿਬਰਲਜ਼ ਨਾਲ ਬਲਾਕ ਬਣਾ ਲੈਂਦੀ ਪਰ ਜਦ ਕਾਂਗਰਸ ਪਾਰਟੀ ਜਦੋ-ਜਹਿਦ ਦੇ ਉਤਰਾ ਤੋਂ ਬਾਅਦ ਕੌਂਸਿਲਾਂ ਵਿਚ ਦਾਖਲ ਹੋ ਕੇ ਸੰਵਿਧਾਨਵਾਦੀ ਰਾਹ ਅਖਤਿਆਰ ਕਰ ਲੈਂਦੀ ਤਾਂ ਹੁਣ ਇਸ ਦੀ ਸਿਆਸਤ ਤੇ ਕਾਂਗਰਸੀ ਦੀ ਸਿਆਸਤ ਦੀਆਂ ਵਿੱਥ-ਸੂਝਾਂ ਬਿਲਕੁਲ ਇਕ-ਮਿਕ ਹੋ ਜਾਂਦੀਆਂ ਤੇ ਕਾਂਗਰਸ ਦੇ ਪ੍ਰਤੀਨਿਧ ਕੌਂਸਿਲਾਂ ਅੰਦਰ ਇਸ ਜਮਾਤ ਦੀਆਂ ਮੰਗਾ ਮੰਨਵਾਉਣ ਲਈ ਲੜਦੇ ਤੇ ਜਮਹੂਰੀ ਹੱਕਾਂ ਲਈ ਲੜਨ ਦੇ ਨਾਲ ਨਾਲ ਸਾਮਰਾਜ ਦੇ ਖਿਲਾਫ ਇਸ ਜਮਾਤ ਦੇ ਆਰਥਿਕ ਹਿੱਤਾਂ ਲਈ ਬਿੱਲ ਪਾਸ ਕਰਵਾਉਣ ਲਈ ਜੂਝਦੇ ਰਹਿੰਦੇ । ਇਸ ਦੌਰ ਵਿਚ ਭਾਵ ਸੰਵਿਧਾਨਵਾਦੀ ਦੌਰ (1924-26, 1935-39) ਦੇ ਦੌਰਾਨ ਕਾਂਗਰਸ ਦਾ ਭਾਰੂ ਤੇ ਵਧੇਰੇ ਸਰਗਰਮ ਭਾਗ ਇਸ ਜਮਾਤ ਦਾ ਪ੍ਰਤੀਨਿਧ ਹੋ ਨਿਬੜਦਾ । ਕੇਵਲ ਗੈਰ-ਸੰਵਿਧਾਨਵਾਦੀ ਦੌਰਾਂ ਸਮੇਂ

(1919-23, 1927-34 1339-1945) ਇਸ ਜਮਾਤ ਨੂੰ ਇਹ ਤੌਖਲਾ ਰਹਿੰਦਾ ਸੀ ਕਿ ਉਸ ਵੇਲੇ ਕਿਧਰੇ ਕਾਂਗਰਸ ਵਿਚ ਵੱਡੀ ਗਿਣਤੀ ਵਿਚ ਰੈਡੀਕਲ ਨੌਜਵਾਨ, ਮਜ਼ਦੂਰ ਅਤੇ ਗਰੀਬ ਕਿਸਾਨ ਨਾ ਆ ਸ਼ਾਮਿਲ ਹੋਣ ਜੋ ਭਵਿਖ ਵਿਚ ਇਸ ਪਾਰਟੀ ਦਾ ਕਿਰਦਾਰ ਹੀ ਬਦਲ ਦੇਣ। ਇਸ ਲਈ ਇਨ੍ਹਾਂ ਦੌਰਾਂ ਦੇ ਸ਼ੁਰੂ ਹੋਣ ਸਮੇਂ ਹੀ ਇਸ ਜਮਾਤ ਦੇ ਆਗੂ ਜ਼ੋਰ ਪਾਉਂਦੇ ਕਿ ਗੈਰ-ਸੰਵਿਧਾਨਕ ਲਹਿਰਾਂ ਸ਼ੁਰੂ ਹੀ ਨਾ ਕੀਤੀਆਂ ਜਾਣ ਕਿਉਂਕਿ ਇੰਜ ਅਵਾਮ ਖਤਰਨਾਕ ਹਥਿਆਰ ਤੋਂ ਜਾਣੂ ਹੋ ਜਾਣਗੇ ਤੇ ਆਪ ਉਨ੍ਹਾਂ ਲਹਿਰਾਂ ਦਾ ਵਿਰੋਧ ਕਰਦੇ ਸਨ। ਇਥੇ ਅਸੀਂ ਇਸ ਦੀਆਂ ਠੋਸ ਮਸਾਲਾਂ ਦੇਣੀਆਂ ਚਾਹਾਂਗੇ।

1919-22 ਦੀ ਨਾ-ਮਿਲਵਰਤੋਂ ਦੀ ਲਹਿਰ ਦੇ ਦੌਰਾਨ ਭਾਰਤੀ ਸਰਮਾਏਦਾਰੀ ਦੇ ਆਗੂਆਂ ਨੇ ਕੌਮੀ ਲਹਿਰ ਵਿਚ ਕੋਈ ਖਾਸ ਦਿਲਚਸਪੀ ਨਹੀਂ ਦਿਖਾਈ, ਸਗੋਂ ਉਨ੍ਹਾਂ ਨੇ ਨਾ-ਮਿਲਵਰਤੋਂ ਦੀ ਲਹਿਰ ਦਾ ਵਿਰੋਧ ਕਰਨ ਲਈ ਇਕ ਕਮੇਟੀ ਨਿਯੁਕਤ ਕੀਤੀ ਜਿਸ ਦਾ ਸੈਕਟਰੀ ਪਰਸ਼ੋਤਮ ਦਾਸ ਠਾਕਰ ਦਾਸ ਸੀ। ਸਰ ਥਾਮਸ ਹੋਲੈਂਡ ਨੂੰ ਲਿਖੇ ਇਕ ਖ਼ਤ (16 ਅਕਤੂਬਰ, 1920) ਵਿਚ ਪਰਸ਼ੋਤਮ ਦਾਸ ਨੇ ਲਿਖਿਆ :

"Allow me to assure you that the responsible section having a stake in the country is not yet in sympathy with Mr. Gandhi's creed...The classes that have no stake in the country are mustering strong round about Gandhi. The commercial classes are naturally more thoughtful and more anxious about the wisdom of such action."

ਭਾਰਤ ਵਿਚ ਗੈਰ-ਸੰਵਿਧਾਨਵਾਦੀ ਲਹਿਰ ਸ਼ੁਰੂ ਕਰਨਾ ਕਿੰਨਾ ਮੁਸ਼ਕਲ ਕੰਮ ਸੀ, ਇਹ ਗੱਲ ਇਸ ਤੱਥ ਤੋਂ ਹੀ ਸਪਸ਼ਟ ਹੋ ਜਾਣੀ ਚਾਹੀਦੀ ਹੈ ਕਿ ਕਿਵੇਂ ਕਾਂਗਰਸ ਦੇ ਸਿਰਕੱਢ ਆਗੂਆਂ (ਮਾਲਵੀਆ, ਦਾਸ, ਲਾਜਪਤ ਰਾਏ) ਨੇ ਗਾਂਧੀ ਦੇ 'ਅਸੈਂਬਲੀਆਂ ਵਿਚੋਂ ਨਿਕਲ ਆਉਣ' (boycott of the legislatures) ਦੇ ਮਤੇ ਦਾ ਕਿੰਨਾ ਤਿੱਖਾ ਵਿਰੋਧ ਕੀਤਾ ਸੀ ਤੇ ਕਲਕੱਤਾ ਕਾਂਗਰਸ ਵਿਚ ਇਹ ਮਤਾ ਕੇਵਲ 7 ਵੋਟਾਂ ਦੀ ਪੇਤਲੀ ਬਹੁ-ਸੰਮਤੀ ਨਾਲ ਪਾਸ ਹੋਇਆ ਸੀ। ਕੇਵਲ ਮੋਤੀ ਲਾਲ ਨਹਿਰੂ ਨੇ ਹੀ ਡੱਟ ਕੇ ਗਾਂਧੀ ਦਾ ਸਾਥ ਦਿੱਤਾ ਸੀ। ਇਹ ਗੱਲ ਗਾਂਧੀ ਦੀ ਦੂਰ-ਅੰਦੇਸ਼ੀ ਤੇ ਮਹਾਨਤਾ ਦੀ ਲਖਾਇਕ ਹੈ ਕਿ ਕਾਂਗਰਸ ਦੇ ਸੀਨੀਅਰ ਆਗੂਆਂ ਦੀ ਇਸ ਭਾਰੀ ਵਿਰੋਧਤਾ ਦੇ ਬਾਵਜੂਦ ਉਸ ਨੇ ਭਾਰਤ ਵਿਚ ਮਾਡਰਨ ਸਿਆਸਤ ਭਾਵ ਲੋਕਾਂ ਦੀ ਗੈਰ-ਸੰਵਿਧਾਨਕ ਢੰਗ ਨਾਲ ਜਦੋ-ਜਹਿਦ ਕਰਨ ਦੀ ਸਿਆਸਤ ਦਾ ਮੁੱਢ ਬੰਨ੍ਹਿਆ।

ਡੀ. ਈ. ਵਾਚਾ ਦੀ ਪ੍ਰਧਾਨਗੀ ਹੇਠ 1929 ਵਿਚ ਲਿਬਰਲਜ਼ ਦੀ ਮੀਟਿੰਗ ਹੋਈ ਤੇ ਉਨ੍ਹਾਂ ਨੇ ਕਾਂਗਰਸ ਵਿਚੋਂ ਬਾਹਰ ਆ ਕੇ ਵਖਰੀ ਜਥੇਬੰਦੀ ਖੜ੍ਹੀ ਕਰ ਲਈ। ਇਸ ਮੀਟਿੰਗ ਵਿਚ ਉਹ ਇਸ ਨਤੀਜੇ 'ਤੇ ਪਹੁੰਚੇ ਕਿ ਗਾਂਧੀ ਦੀ ਲਹਿਰ ਜ਼ਰੂਰ ਹੀ ਹਿੰਸਾ ਦਾ ਰਾਹ ਫੜੇਗੀ ਤੇ ਹੋਰ ਗੱਲ ਇਹ ਕਿ ਇਹ ਤਾਂ ਅਹਿੰਸਾ ਦੇ ਪਰਦੇ ਹੇਠ 'ਨਿਰਾ ਲੈਨਿਨਵਾਦ' ਹੈ, ਜਿਸ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਗਾਂਧੀ ਦੀ ਲਹਿਰ ਦਾ ਵਿਰੋਧ ਕਰਨ ਲਈ ਉਨ੍ਹਾਂ ਕਈ ਪੈਮਫਲਿਟ ਕੱਢੇ। ਪਹਿਲੇ ਪੈਮਫਲਿਟ (ਜਨਵਰੀ 1922) ਦਾ ਕੁਝ ਭਾਗ ਇਸ ਪ੍ਰਕਾਰ ਹੈ :

"The last resolution of the Congress Committee called for volunteers to overthrow the state—the creed of Lenin, and the communists and Moscow International. The method of attack is defiance of the law, the object of the attack is to bring the Government. that is the state or organised society to a standstill. Stripped of all its verbiage, the creed of Gandhism, in its latest and most definite enunciation comes to nihilism, pure and simple. It will lead India to the same wretched state the Leninism has taken Russia. Because non-cooperation is Leninism. pure and unadulterated."

ਜੇਕਰ ਇਕ ਦਿਨ ਅਜਿਹਾ ਸੀ (ਜਨਵਰੀ 1922) ਜਦ ਗਾਂਧੀਵਾਦ ਉਪਰ ਇਹ ਦੋਸ਼ ਲਗ ਰਿਹਾ ਸੀ ਕਿ ਇਹ 'ਅਹਿੰਸਾ ਦੇ ਪਰਦੇ ਉਹਲੇ ਲੁੱਕਿਆ ਲੈਨਿਨਵਾਦ' ਸੀ ਤਾਂ ਇਕ ਦਿਨ ਅਜਿਹਾ ਵੀ ਆਉਣਾ ਸੀ ਜਦ ਕਮਿਊਨਿਸਟਾਂ ਨੇ ਗਾਂਧੀਵਾਦ ਸਿਰ ਇਹ ਦੋਸ਼ ਮੜ੍ਹਨਾ ਸੀ ਕਿ ਉਹ ਤਾਂ 'ਅਹਿੰਸਾ ਦੇ ਪਰਦੇ ਉਹਲੇ ਲੁਕਿਆ ਲੈਨਿਨਵਾਦ ਦਾ ਦੁਸ਼ਮਣ' ਸੀ! ਜੇਕਰ ਉਸ ਵੇਲੇ ਦੇ ਲਿਬਰਲ ਸਿਆਸਤਦਾਨ ਗਾਂਧੀਵਾਦ ਵਿਚ ਲੈਨਿਨਵਾਦ ਦੀ ਝਲਕ ਵੇਖਦੇ ਸਨ ਤਾਂ ਇਹ ਸਮਝ ਆਉਣ ਵਾਲੀ ਗੱਲ ਸੀ ਕਿਉਂਕਿ ਗਾਂਧੀ ਭਾਰਤ ਦੇ ਇਤਿਹਾਸ ਵਿਚ ਉਹ ਕੁਝ ਕਰ ਰਿਹਾ ਸੀ ਜਿਸ ਦਾ ਉਹਨਾਂ ਨੇ ਕਦੀ ਸੁਪਨਾ ਵੀ ਨਹੀਂ ਸੀ ਲਿਆ, ਮਤਲਬ ਆਮ ਲੋਕਾਂ ਨੂੰ ਸਿਆਸਤ ਵਿਚ ਸ਼ਾਮਿਲ ਕਰਨਾ ਤੇ ਸਿਆਸਤ ਦਾ ਗ਼ੈਰ-ਸੰਵਿਧਾਨਕ ਰਾਹ ਅਪਣਾਉਣਾ। ਪਰ ਇਹ ਬਦਕਿਸਮਤੀ ਹੀ ਸੀ ਜਦ 'ਵਿਗਿਆਨਕ ਵਿਚਾਰਧਾਰਾ' ਦੇ ਝੰਡਾ-ਬਰਦਾਰਾਂ ਨੂੰ ਗਾਂਧੀਵਾਦ ਵਿਚ 'ਲੈਨਿਨਵਾਦ ਦਾ ਦੁਸ਼ਮਣ' ਦਿਸਿਆ।

ਨਾ-ਮਿਲਵਰਤੋਂ ਦੀ ਲਹਿਰ ਵਿਚ ਸਰਮਾਏਦਾਰਾਂ ਨੇ ਕੋਈ ਖ਼ਾਸ ਮਾਇਆ ਵੀ ਦਾਨ ਨਹੀਂ ਸੀ ਕੀਤੀ। 1921 ਵਿਚ ਗਾਂਧੀ ਨੇ ਮਿੱਲ-ਮਾਲਕਾਂ ਨੂੰ ਸੰਬੋਧਨ ਕਰ ਕੇ ਕਿਹਾ : "Many friends tell me that the nation is not to expect anything from you. They point out the fact that you have not, with one or two honourable exceptions, paid anything for the Tilak Swaraj Fund."

ਮੋਤੀ ਲਾਲ ਦੀ ਅਗਵਾਈ ਹੇਠ ਕਾਂਗਰਸ ਦੇ ਸੰਵਿਧਾਨਵਾਦੀ ਵਿੰਗ ਦੀ 1923-27 ਵਿਚ ਬਣੀ 'ਸਵਰਾਜਿਸਟ ਪਾਰਟੀ' ਨੂੰ ਵੀ ਭਾਰਤੀ ਸਰਮਾਏਦਾਰ ਜਮਾਤ ਨੇ ਕੋਈ ਖ਼ਾਸ ਮਾਇਕ ਸਹਾਇਤਾ ਨਹੀਂ ਸੀ ਦਿੱਤੀ। ਉਹਨਾਂ ਵਲੋਂ ਮੋਤੀ ਲਾਲ ਨਹਿਰੂ ਨੂੰ ਦਿੱਤੇ ਗਏ ਪੈਸਿਆਂ ਦੇ ਹਿਸਾਬ ਦੀ ਜੋ ਫਰਦ ਲੇਖਕ ਨੂੰ ਪਰਾਪਤ ਹੋਈ ਹੈ ਉਸ ਅਨੁਸਾਰ ਸਵਰਾਜ ਪਾਰਟੀ ਨੂੰ 102,500 ਰੁਪੈ ਦਿੱਤੇ ਗਏ। ਇਸ ਰਕਮ ਵਿਚੋਂ 80,000 ਰੁਪਏ ਤਾਂ ਮੋਤੀ ਲਾਲ ਨਹਿਰੂ ਨੇ ਕਾਂਗਰਸ ਅਖਬਾਰ ਖ਼ਰੀਦਣ ਉਪਰ ਹੀ ਖ਼ਰਚ ਕਰ ਦਿਤੇ। ਹੋ ਸਕਦਾ ਹੈ ਇਸ ਤੋਂ ਇਲਾਵਾ ਕੁਝ ਹੋਰ ਪੈਸੇ ਵੀ ਦਿਤੇ ਗਏ ਹੋਣ, ਪਰ ਇਹ ਸੰਭਵ ਨਹੀਂ ਲਗਦਾ ਕਿਉਂਕਿ ਮੋਤੀ ਲਾਲ ਨਹਿਰੂ ਭਾਰਤੀ ਸਰਮਾਏਦਾਰ ਜਮਾਤ ਦੀ ਕੰਜੂਸੀ ਤੋਂ ਬਹੁਤ ਦੁਖੀ ਸੀ। ਗੁੱਸੇ ਨਾਲ ਲਾਲ ਪੀਲੇ ਹੁੰਦਿਆਂ ਮੋਤੀ ਲਾਲ ਨਹਿਰੂ ਨੇ ਲਾਲਜੀ ਨਰਾਇਣ ਜੀ ਨੂੰ ਇਕ ਖ਼ਤ ਵਿਚ ਲਿਖਿਆ (ਅਪ੍ਰੈਲ 21, 1928) : "I have been thinking over the matter ever since I received your telegram and it is now my considered opinion that the Congress should welcome this change in the attitude of the millowners. An alliance between the Congress and capitalists who are bent on profiting by the sufferings of the nation is an impossible one. The more suitable field of work

for the Congress is among workers and not in the owners of the mills. But I was misled by the patriotic talk of some of my personal friends among the millowners. Mahatmaji never believed in an alliance with the latter, and I have now told him that he was right and I was wrong. Our line of action is now clear. We have to deal with the enemy within and guard ourselves against it before we can offer battle to the enemy from without."

ਇਹ ਖ਼ਤ ਜਦ ਲਾਲਜੀ ਨਰਾਇਣ ਜੀ ਨੇ ਪੁਰਸ਼ੋਤਮ ਦਾਸ ਨੂੰ ਪੜ੍ਹਾਇਆ ਤਾਂ ਉਸ ਨੇ ਮੋਤੀ ਲਾਲ ਨਹਿਰੂ ਨੂੰ ਸਰਮਾਏਦਾਰ ਜਮਾਤ ਬਾਰੇ ਆਪਣੀ ਰਾਏ ਬਦਲਣ ਲਈ ਅਫ਼ਸੋਸ-ਭਰਿਆ ਖ਼ਤ ਲਿਖਿਆ। ਇਸ ਖ਼ਤ ਦਾ ਜਵਾਬ (ਅਪ੍ਰੈਲ 28, 1928) ਮੋਤੀ ਲਾਲ ਨਹਿਰੂ ਨੇ ਇਹ ਦਿੱਤਾ :

My opinion about the millowners as a class was not formed in a hurry but is the result of several years of experience of them. There are of course honourable exceptions in every class. In fact it is these very exceptions which prove the law."

ਅਸਲ ਵਿਚ ਇਸ ਸਮੇਂ (1928-29) ਮੰਦਵਾੜੇ ਕਾਰਨ ਤੇ ਵਧ ਰਹੀ ਮਜ਼ਦੂਰ ਜਮਾਤ ਦੀ ਲਹਿਰ ਕਾਰਨ ਸਰਮਾਏਦਾਰ ਜਮਾਤ ਕਾਂਗਰਸ ਵਲੋਂ ਮੂੰਹ ਮੋੜ ਕੇ ਮਦਦ ਲਈ ਬਸਤੀਵਾਦੀ ਸਰਕਾਰ ਵਲ ਵੇਖ ਰਹੀ ਸੀ। ਜਵਾਹਰ ਲਾਲ ਨਹਿਰੂ ਏਟਕ ਦਾ ਪ੍ਰਧਾਨ ਚੁਣਿਆ ਗਿਆ ਸੀ ਤੇ ਉਹ ਮਜ਼ਦੂਰ ਜਮਾਤ ਨੂੰ ਕਾਂਗਰਸ ਅੰਦਰ ਵੱਡੀ ਪੱਧਰ 'ਤੇ ਦਾਖ਼ਲ ਹੋ ਕੇ ਉਸ ਨੂੰ ਆਪਣੇ ਹੱਕ ਦੀ ਜਥੇਬੰਦੀ ਵਿਚ ਤਬਦੀਲ ਕਰਨ ਲਈ ਹਲਾਸ਼ੇਰੀ ਦੇ ਰਿਹਾ ਸੀ। ਨਹਿਰੂ ਉਸ ਸਮੇਂ ਕਾਂਗਰਸ ਦਾ ਵੀ ਪ੍ਰਧਾਨ ਸੀ। ਭਵਿਖ ਵਿਚ ਕਾਂਗਰਸ ਉਨ੍ਹਾਂ ਸਰਮਾਏਦਾਰਾਂ ਨੂੰ ਮਜ਼ਦੂਰਾਂ ਦੀ ਜਮਾਤ ਵਜੋਂ ਨਜ਼ਰ ਆ ਰਹੀ ਸੀ ਤੇ ਉਹ ਕਾਂਗਰਸ ਤੋਂ ਵਖਰੀ ਆਪਣੀ ਜਮਾਤੀ ਜਥੇਬੰਦੀ ਬਣਾਉਣ ਬਾਰੇ ਵੀ ਸੋਚ ਵਿਚਾਰ ਕਰ ਰਹੇ ਸਨ। ਕੋਜ਼ੀ ਜਹਾਂਗੀਰ ਅਤੇ ਟਾਟਾ ਨੇ ਤਾਂ ਇਸ ਜਥੇਬੰਦੀ ਦੀ ਹੋਂਦ ਦਾ ਐਲਾਨ ਵੀ ਕਰ ਦਿੱਤਾ ਸੀ। ਇੰਡੀਅਨ ਮਰਚੈਂਟ ਚੈਂਬਰ ਦੇ ਸਕੱਤਰ ਜੇ. ਕੇ. ਮਹਿਤਾ ਨੇ ਪੁਰਸ਼ੋਤਮਦਾਸ ਨੂੰ ਲਿਖਿਆ (ਫ਼ਰਵਰੀ 3, 1930) :

"I may also add that Congress is fast becoming a party organisation. As constituted formerly it had room in it for men of all shades of political opinion and economic views. Rightly or wrongly it is becoming a labour organisation. We need not attack the Congress or try to undermine its position, but we must now recognise that the Congress is also a party organisation and its policies and principles need not be deemed as above criticism."

ਜਦ ਸਰਮਾਏਦਾਰ, ਕਾਂਗਰਸ ਨੂੰ ਆਪਣੀਆਂ ਅੱਖਾਂ ਦੇ ਸਾਹਵੇਂ ਮਜ਼ਦੂਰਾਂ ਦੀ ਜਥੇਬੰਦੀ ਵਿਚ ਤਬਦੀਲ ਹੁੰਦਿਆਂ ਦੇਖ ਰਹੇ ਸਨ, ਇਸ ਨੂੰ ਛੱਡ ਕੇ ਆਪਣੀ ਜਮਾਤ ਦੀ ਵੱਖਰੀ ਜਥੇਬੰਦੀ ਖੜ੍ਹੀ ਕਰਨ ਬਾਰੇ ਸੋਚ ਰਹੇ ਸਨ ਅਤੇ ਇਸ ਦੀਆਂ ਪਾਲਸੀਆਂ ਅਤੇ ਅਸੂਲਾਂ ਦੀ ਆਲੋਚਨਾ ਕਰਨ ਦਾ ਇਰਾਦਾ ਪਕਾ ਰਹੇ ਸਨ,ਐਨ ਉਸੇ ਵੇਲੇ,'ਵਿਗਿਆਨਕ ਵਿਚਾਰਧਾਰਾ' (ਕਮਿਊਨਿਸਟਾਂ) ਨੇ ਐਲਾਨ ਕਰ ਦਿੱਤਾ



ਕਿ ਕਾਂਗਰਸ ਤਾਂ ਸਰਮਾਏਦਾਰਾਂ ਦੀ ਜਥੇਬੰਦੀ ਹੈ, ਗਾਂਧੀ ਸਤਮਾਏਦਾਰਾਂ ਦਾ ਏਜੰਟ ਹੈ, ਨਹਿਰੂ ਭਾਰਤੀ ਬੁਰਜੁਆਜ਼ੀ ਦਾ 'ਲਾਲ-ਚਿਹਰਾ' ਹੈ ਤੇ ਮਜ਼ਦੂਰਾਂ ਕਿਸਾਨਾਂ ਨੂੰ ਕਾਂਗਰਸ ਛੱਡ ਕੇ ਆਪਣੀ ਵੱਖਰੀ ਆਜ਼ਾਦ ਪਾਰਟੀ ਖੜ੍ਹੀ ਕਰਨੀ ਚਾਹੀਦੀ ਹੈ। ਐਨ ਉਸ ਵਕਤ ਜਦ ਭਾਰਤ ਦੀ ਕੌਮੀ ਸਰਮਾਏਦਾਰੀ ਕੁੜਿੱਕੀ ਵਿਚ ਫਸੀ ਹੋਈ ਸੀ, ਕਮਿਊਨਿਸਟਾਂ ਨੇ ਮੌਕੇ 'ਤੇ ਬੌਹੜ ਕੇ ਉਸ ਨੂੰ ਬਚਾ ਲਿਆ।

ਕਮਿਊਨਿਸਟਾਂ ਦੀ ਮਦਦ ਦੇ ਬਾਵਜੂਦ ਆਫ਼ਤ ਅਜੇ ਟਲੀ ਨਹੀਂ ਸੀ। ਉਧਰ ਗਾਂਧੀ ਸਿਵਲ-ਨਾ-ਫ਼ੁਰਮਾਨੀ ਦੀ ਲਹਿਰ ਸ਼ੁਰੂ ਕਰਨ ਵਾਲਾ ਸੀ। ਹਜ਼ਾਰਾਂ ਲੋਕਾਂ, ਮਜ਼ਦੂਰਾਂ, ਕਿਸਾਨਾਂ, ਮੱਧ-ਸ਼੍ਰੇਣੀ ਦੇ ਨੌਜਵਾਨਾਂ ਨੂੰ ਉਹ ਸਾਮਰਾਜ ਦੇ ਵਿਰੁੱਧ ਲਹਿਰ ਵਿਚ ਸ਼ਾਮਿਲ ਕਰਨ ਦਾ ਮਨ ਬਣਾ ਰਿਹਾ ਸੀ। ਪੁਰਸ਼ੋਤਮਦਾਸ ਠਾਕਰ ਦਾਸ ਨੇ ਆਪਣਾ ਡਰ ਜ਼ਾਹਿਰ ਕੀਤਾ :

"I myself believe that the Civil disobedience movement may not be unconstitutional, but it certainly is a very dangerous weapon in the hands of a population, the majority of whom are illiterate...It may be suitable to us at the moment, but it might teach people an extremeely dangerous lesson, which may greatly inconvenience even a Swaraj Government."

ਉਧਰ ਜੀ. ਡੀ. ਬਿਰਲਾ ਬਹੁਤ ਚਿੰਤਾਤੁਰ ਸੀ। ਮਹਾਤਮਾ ਗਾਂਧੀ ਨੇ 'ਡੋਮੀਨੀਅਨ ਸਟੇਟਸ' ਦੀ ਫੌਰੀ ਮੰਗ ਰੱਖ ਦਿੱਤੀ ਸੀ ਜਿਸ ਦੇ ਮੰਨੇ ਬਗ਼ੈਰ ਉਹ ਗੋਲ-ਮੇਜ਼ ਕਾਨਫਰੰਸ ਲਈ ਲੰਡਨ ਜਾਣ ਵਾਸਤੇ ਤਿਆਰ ਨਹੀਂ ਸੀ। ਗਾਂਧੀ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਹੁਣੇ 'ਡੋਮਿਨੀਅਨ ਸਟੇਟਸ' ਦਿਉ ਤਾਂ ਗੋਲ-ਮੇਜ਼ ਕਾਨਫਰੰਸ ਵਿਚ ਸ਼ਾਮਿਲ ਹੋ ਸਕਾਂਗਾ, ਨਹੀਂ ਤਾਂ ਪੂਰਨ ਆਜ਼ਾਦੀ ਲਈ ਸੰਗਰਾਮ ਛੇੜ ਦੇਵਾਂਗਾ। ਪਰ ਜੀ. ਡੀ. ਬਿਰਲਾ ਦੀ ਦਿਲਚਸਪੀ ਤਾਂ ਗਾਂਧੀ ਨੂੰ ਲੰਡਨ ਲੈ ਜਾਣ ਦੀ ਸੀ ਤੇ ਉਸ ਨੇ ਜ਼ੋਰ ਪਾਇਆ ਕਿ ਗਾਂਧੀ ਆਪਣੀ ਮੰਗ ਨੂੰ ਜੇਕਰ 'ਡੋਮਿਨੀਅਨ ਸਟੇਟਸ' ਤੋਂ ਕੁਝ ਕੁ ਘਟ ਕਰ ਲਵੇ ਤਾਂ ਮੰਗ, ਲਹਿਰ ਸ਼ੁਰੂ ਕਰਨ ਤੋਂ ਬਿਨਾਂ ਹੀ ਲੰਡਨ ਗੋਲ-ਮੇਜ਼ ਕਾਨਫਰੰਸ (ਭਾਵ ਸੰਵਿਧਾਨਕ ਢੰਗ) ਰਾਹੀਂ ਮੰਨੀ ਜਾ ਸਕਦੀ ਹੈ। ਜ਼ਿੰਦਗੀ ਵਿਚ ਪਹਿਲੀ ਵੇਰ ਮਹਾਤਮਾ ਨੂੰ ਉਸ ਦੀ ਇਹ ਸਿਆਸੀ ਸਲਾਹ ਸੀ। 11 ਨਵੰਬਰ, 1929 ਨੂੰ ਉਸ ਨੇ ਇਕ ਖ਼ਤ ਵਿਚ ਲਿਖਿਆ :

"I have never taken the liberty of making any suggestion in political matters but the circumstances left me with no option. You know better than I do about the country's weakness along with its strength, but at times all this makes me feel despondent and it seems to me that if we are going to reap the fruits of your Herculean labour—not our strength—we should get ready to do so. If we get full Dominion Status you would readily accept it, though I do not hope we would get it. The most we can honourably hope for at this juncture, and that only through your co-operation, is the thing itself minus the army. I am sanguine about that much...The sum and substance of my submission is that your meeting with the British Cabinet will be highly beneficial to us. We should, therefore, not allow

**this opportunity to slip through our fingers, even if the conference fails ultimately."** (G.D.Birla, A Unique Association; 1977, P 130-31).

ਜਦ ਪੁਰਸ਼ੋਤਮ ਦਾਸ ਨੇ ਲਾਹੌਰ ਕਾਂਗਰਸ ਦੇ ਕੁਝ ਕੁ ਮਤਿਆਂ ਉਪਰ ਨੁਕਤਾਚੀਨੀ ਕੀਤੀ ਤਾਂ ਗਾਂਧੀ ਨੇ ਉਸ ਨੂੰ ਇਕ ਤਿੱਖਾ ਖ਼ਤ ਲਿਖਿਆ (ਫ਼ਰਵਰੀ 2, 1930) :

**"I hope you are not among those who believe that by a mere change of the constitution the starving ryots will find themselves in a position to pay a larger revenue than they are paying today...This cannot happen until we, who are partners with the British administrators in the game of the exploitation of the masses, are prepared to change the angle of our vision even as we expect the former to do so."**

ਪੁਰਸ਼ੋਤਮ ਦਾਸ ਨੇ ਮਹਾਤਮਾ ਨੂੰ ਲਿਖਿਆ ਕਿ ਅਜਿਹੀਆਂ ਗੱਲਾਂ ਕਰ ਕੇ ਤਾਂ ਉਹ ਇਨਕਲਾਬ ਦੀ ਗੱਲ ਕਹਿ ਰਿਹਾ ਹੈ ਤੇ ਇਨਕਲਾਬ ਨਾਲ ਭਾਰਤ ਨੂੰ ਕੁਝ 'ਲਾਭ' ਨਹੀਂ ਹੋਵੇਗਾ । 6 ਫ਼ਰਵਰੀ 1930 ਨੂੰ ਉਸ ਨੇ ਮਹਾਤਮਾ ਨੂੰ ਸਪੱਸ਼ਟ ਤੌਰ 'ਤੇ ਲਹਿਰ ਸ਼ੁਰੂ ਨਾ ਕਰਨ ਦੀ ਸਲਾਹ ਦਿੱਤੀ ਤੇ ਕਿਹਾ ਕਿ ਉਸ ਨੂੰ 'ਕਾਹਲੀ' ਨਹੀਂ ਕਰਨੀ ਚਾਹੀਦੀ ਸਗੋਂ ਗੋਲ-ਮੇਜ਼ ਕਾਨਫ਼ਰੰਸ ਦੀਆਂ ਸੰਭਾਵਨਾਵਾਂ ਪਹਿਲਾਂ ਫਰੋਲ ਲੈਣੀਆਂ ਚਾਹੀਦੀਆਂ ਹਨ :

**"If the constitution is not sufficiently changed after the conference in London as to make us masters in our own house i.e. to give Indians complete control over their domestic affairs, I can understand your impatience. But to resort to civil disobedience during the brief intervening period does strike me as being a hasty step. I, therefore, submit that the Programme which the Indian National Congress resolved upon at Lahore is not conducive to the interests of India, especially in view of the present circumstances in which we are placed."**

ਗਾਂਧੀ ਦਾ ਜਵਾਬ ਬਹੁਤ ਛੋਟਾ ਸੀ । ਫ਼ਰਵਰੀ 9, 1930 ਦਾ ਖ਼ਤ :

**"I must not enter into argument with you, for argument is useless when conviction on either side is deep-seated. I can only give you my assurance that I shall take no hasty step. A risky step need not necessarily be a hasty step."**

ਸਰਮਾਏਦਾਰ ਜਮਾਤ ਦੇ ਆਗੂਆਂ ਦੇ ਦਬਾਅ ਪਾਉਣ ਦੇ ਬਾਵਜੂਦ ਮਾਲਵੀਆ, ਕੈਲਕਰ, ਸਰੋਜਨੀ ਨਾਇਡੋ ਅਤੇ ਡਾ: ਅਨਸਾਰੀ ਦੇ ਵਿਰੋਧ ਦੇ ਬਾਵਜੂਦ, ਮਹਾਤਮਾ ਆਪਣੀ ਗੱਲ ਉਪਰ ਡੱਟਿਆ ਰਿਹਾ ਤੇ ਕੁਝ ਦਿਨਾਂ ਬਾਅਦ ਹੀ ਉਸ ਨੇ ਸਿਵਲ-ਨਾ-ਫ਼ੁਰਮਾਨੀ ਦੀ ਲਹਿਰ ਸ਼ੁਰੂ ਕਰ ਦਿੱਤੀ । ਬਦਕਿਸਮਤੀ ਵੇਖੋ, ਕਮਿਊਨਿਸਟਾਂ ਨੇ ਇਸ ਸਾਮਰਾਜ-ਵਿਰੋਧੀ ਲਹਿਰ ਵਿਚ ਕੋਈ ਭਾਗ ਨਹੀਂ ਲਿਆ ਸਗੋਂ ਕਈ ਥਾਂਈ ਕਾਂਗਰਸ ਦੀ ਵਿਰੋਧਤਾ ਕੀਤੀ ।

ਉਪਰਲੀ ਚਰਚਾ ਤੋਂ ਅਸੀਂ ਕਿਸ ਨਤੀਜੇ ਉਪਰ ਪਹੁੰਚਦੇ ਹਾਂ ? ਉਪਰਲੇ ਤੱਥਾਂ ਅਤੇ ਉਨ੍ਹਾਂ ਦੀ ਵਿਆਖਿਆ ਦੀ ਰੌਸ਼ਨੀ ਵਿਚ ਅਸੀਂ ਹੁਣ ਇਸ ਸਵਾਲ ਦਾ ਕਿਵੇਂ ਸਾਹਮਣਾ ਕਰਦੇ ਹਾਂ :



ਗਾਂਧੀਵਾਦ ਦਾ ਜਮਾਤੀ ਤੱਤ ਕੀ ਸੀ ?

ਜਿਵੇਂ ਅਸੀਂ ਪਿਛੇ ਪ੍ਰੀਤਮ ਸਿੰਘ ਦੇ ਵਿਚਾਰਾਂ ਉਪਰ ਟਿੱਪਣੀ ਕਰਦੇ ਦੱਸਿਆ ਸੀ ਕਿ ਗਾਂਧੀ ਦੇ ਠੋਸ ਇਤਿਹਾਸਕ ਰੋਲ ਨੂੰ ਸਮਝਣ ਲਈ ਉਸ ਦੀਆਂ ਲੋਕਾਂ ਨੂੰ ਸਾਮਰਾਜ-ਵਿਰੋਧੀ ਲਹਿਰ ਵਿਚ ਸ਼ਾਮਿਲ ਕਰਨ ਲਈ ਛੇੜੀਆਂ ਲਹਿਰਾਂ ਤੇ ਉਨ੍ਹਾਂ ਦੇ ਸਿਧਾਂਤੀਕਰਨ ਦੇ ਭਾਸ਼ਾਈ ਉਛਾੜ ਵਿਚ ਅਤਰ ਕਰਨਾ ਬਹੁਤ ਜ਼ਰੂਰੀ ਹੈ । ਅਜਿਹਾ ਨਾ ਕਰਨ ਕਾਰਨ ਅਸੀਂ ਇਸ ਬਾਹਰੀ ਭਾਸ਼ਾਈ ਪ੍ਰਬੰਧ ਵਿਚ ਹੀ ਉਲਝ ਜਾਵਾਂਗੇ । ਅਸੀਂ ਪਿਛੇ ਕੌਮੀ ਵਿਚਾਰਧਾਰਾ ਅਤੇ ਜਮਾਤੀ ਵਿਚਾਰਧਾਰਾ ਦੇ ਦੋ ਪੱਧਰਾਂ ਦਾ ਨਿਖੇੜਾ ਕੀਤਾ ਸੀ ਤੇ ਉਨ੍ਹਾਂ ਦੇ ਆਪਸੀ ਸੰਬੰਧ ਦਾ ਜ਼ਿਕਰ ਵੀ ਕੀਤਾ ਸੀ । ਅਸੀਂ ਸਾਮਰਾਜ-ਵਿਰੁਧ ਵਿਰੋਧਤਾਈ ਨੂੰ ਪਹਿਲੇ ਦਰਜੇ ਦੀ ਅਤੇ ਜਮਾਤੀ ਵਿਰੋਧਤਾਈ ਨੂੰ ਦੂਸਰੇ ਦਰਜੇ ਦੀ ਵਿਰੋਧਤਾਈ ਕਰਾਰ ਦਿੱਤਾ ਸੀ । ਇੰਜ ਵੇਖਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਗਾਂਧੀ ਨੇ ਕੇਵਲ ਮੁਖ ਵਿਰੋਧਤਾਈ ਨੂੰ ਹੀ ਹੱਲ ਕਰਨ ਉਪਰ ਜ਼ੋਰ ਦਿੱਤਾ । ਪਰ ਉਹ ਇਸ ਵਿਰੋਧਤਾਈ ਨੂੰ ਭਾਰਤੀ ਸਰਮਾਏਦਾਰ ਜਮਾਤ ਵਾਂਗ ਸੰਵਿਧਾਨਵਾਦੀ ਢੰਗ ਨਾਲ ਹੱਲ ਨਹੀਂ ਸੀ ਕਰਨਾ ਚਾਹੁੰਦਾ ਸਗੋਂ ਜਨਤਕ ਲਹਿਰ ਰਾਹੀਂ ਹਲ ਕਰਨਾ ਚਾਹੁੰਦਾ ਸੀ । ਇਹ ਗੱਲ ਸਰਮਾਏਦਾਰ ਜਮਾਤ ਲਈ ਖ਼ਤਰਨਾਕ ਸੰਭਾਵਨਾਵਾਂ ਨਾਲ ਭਰਪੂਰ ਸੀ ।

ਆਪਣੀ ਉਪਰਲੀ ਸਮਝ ਅਨੁਸਾਰ ਗਾਂਧੀ, ਭਾਰਤੀ ਸਮਾਜ ਨੂੰ ਇਕ ਪਰਵਾਰ ਵਾਂਗ ਸਮਝਦਾ ਸੀ ਜਿਵੇਂ ਕਿ ਇਸ ਵਿਚਲੀਆਂ ਜਮਾਤਾਂ ਇਕ ਦੂਸਰੇ ਦੇ ਹੀ ਭੈਣ ਭਰਾ ਹੋਣ । ਇਸ ਸੰਕਲਪ ਅਨੁਸਾਰ ਉਹ ਬਾਰ ਬਾਰ ਇਸ ਗੱਲ ਉਪਰ ਜ਼ੋਰ ਦਿੰਦਾ ਸੀ ਕਿ ਉਹ ਆਪਣੇ ਅੰਦਰੂਨੀ ਵਿਰੋਧਾਂ ਨੂੰ ਭੁੱਲ ਜਾਣ । ਇਥੋਂ ਹੀ ਉਸ ਦੇ ਜਮਾਤਾਂ ਦੇ ਆਪਸ ਵਿਚ ਪਿਆਰ ਨਾਲ ਰਹਿਣ ਦੇ ਪ੍ਰਚਾਰ ਜਾਂ ਜਮਾਤੀ ਜਦੋ-ਜਹਿਦ ਦੀ ਵਿਰੋਧਤਾ ਦੇ ਸੰਕਲਪ ਦਾ ਨਿਕਾਸ ਹੁੰਦਾ ਹੈ । ਉਸ ਅਨੁਸਾਰ ਭਾਰਤੀ ਸਮਾਜ ਵਿਚ ਪਹਿਲਾਂ ਹੀ ਜਾਤ-ਪਾਤ, ਇਲਾਕਾਈ ਅਤੇ ਧਰਮ ਆਦਿ ਦੇ ਤਣਾਓ ਮੌਜੂਦ ਹਨ ਜਿਨ੍ਹਾਂ ਨੂੰ ਵਰਤ ਕੇ ਅੰਗਰੇਜ਼ ਅਫ਼ਸਰਸ਼ਾਹੀ ਸਾਮਰਾਜ-ਵਿਰੋਧੀ ਲਹਿਰ ਦੀ ਏਕਤਾ ਨੂੰ ਕਮਜ਼ੋਰ ਕਰਨ ਦੇ ਯਤਨ ਵਿਚ ਰਹਿੰਦੀ ਸੀ । ਬਿਨਾਂ ਸ਼ੱਕ ਤੋਂ ਗਾਂਧੀ ਦਾ ਭਾਰਤੀ ਸਮਾਜ ਦਾ 'ਵਿਰੋਧਾਂ ਤੋਂ ਮੁਕਤ ਪਰਵਾਰਿਕ ਸੰਕਲਪ' ਗ਼ਲਤ ਸੰਕਲਪ ਸੀ । ਆਪਣੀ ਅਜਿਹੀ ਸਮਝ ਕਾਰਨ ਹੀ ਉਹ ਕੌਮੀ ਆਜ਼ਾਦੀ ਦੇ ਨਾਹਰੇ ਦੇ ਨਾਲ ਨਾਲ ਕੇਵਲ ਸਰਕਾਰ ਦੇ ਖ਼ਿਲਾਫ਼ ਹੀ ਵੱਖ ਵੱਖ ਜਮਾਤਾਂ ਦਾ ਪ੍ਰੋਗਰਾਮ ਪ੍ਰਚਾਰਨ ਦੇ ਹੱਕ ਵਿਚ ਸੀ । ਇਸ ਸਾਮਰਾਜ-ਵਿਰੋਧੀ ਦ੍ਰਿਸ਼ਟੀਕੋਨ ਤੋਂ ਉਸ ਨੇ ਸਾਮਰਾਜ ਵਿਰੁਧ ਲੜ ਰਹੀ (ਭਾਵੇਂ ਸੰਵਿਧਾਨਕ) ਭਾਰਤੀ ਸਰਮਾਏਦਾਰ ਜਮਾਤ ਲਈ ਰਿਆਇਤਾਂ ਮੰਗੀਆਂ ਅਤੇ ਛੋਟੀ ਕਿਸਾਨੀ ਦੇ ਮਾਮਲੇ ਅਤੇ ਟੈਕਸ ਦੇ ਮਸਲੇ ਨੂੰ ਉਠਾਇਆ । ਪਰ ਉਸ ਨੇ ਕਿਸੇ ਵੀ ਐਸੇ ਪ੍ਰੋਗਰਾਮ ਨੂੰ ਉਠਾਉਣ ਜਾਂ ਹਵਾ ਦੇਣ ਤੋਂ ਨਾਂਹ ਕਰ ਦਿੱਤੀ ਜੋ ਭਾਰਤੀ ਸਮਾਜ ਦੇ ਅੰਦਰੂਨੀ ਵਿਰੋਧਾਂ ਦੀ ਆਵਾਜ਼ ਨੂੰ ਬੁਲੰਦ ਕਰਦਾ ਹੋਵੇ । ਪਰ ਇਥੇ ਜੋ ਮਹੱਤਵਪੂਰਨ ਗੱਲ ਹੈ ਉਹ ਆਰਥਕ ਪ੍ਰੋਗਰਾਮ ਦੀ ਨਹੀਂ, ਸਗੋਂ ਉਹ ਹੈ ਉਸ ਦੀ ਸਿਆਸਤ ਦਾ ਰਾਹ (ਢੰਗ) । ਜਿਵੇਂ ਕਿ ਉਪਰਲੀ ਚਰਚਾ ਤੋਂ ਸਪੱਸ਼ਟ ਹੈ, ਇਹ ਰਾਹ ਸਰਮਾਏਦਾਰ ਜਮਾਤ ਦੀ ਸਿਆਸਤ ਦੇ ਰਾਹ (ਢੰਗ) ਦੇ ਵਿਰੁਧ ਖੜ੍ਹਦਾ ਸੀ । ਸਰਮਾਏਦਾਰ ਜਮਾਤ ਲਈ ਖ਼ਤਰੇ ਦੀਆਂ ਸੰਭਾਵਨਾਵਾਂ ਨਾਲ ਭਰਪੂਰ ਸੀ । ਭਾਰਤੀ ਸਰਮਾਏਦਾਰ ਜਮਾਤ ਦੇ ਆਗੂ ਇਸ ਤੱਥ ਨੂੰ ਚੰਗੀ ਤਰ੍ਹਾਂ ਸਮਝ ਗਏ ਸਨ ਕਿ ਗਾਂਧੀ ਦੀ ਇਸ ਸਿਆਸਤ ਨਾਲ ਸਾਮਰਾਜ-ਵਿਰੋਧੀ ਲਹਿਰ ਵਿਚ ਜੋ ਹਜ਼ਾਰਾਂ ਲੋਕ ਖਿੱਚੇ ਜਾਣਗੇ, ਉਹ ਕੌਮੀ ਚੇਤਨਤਾ ਗ੍ਰਹਿਣ ਕਰਨ ਤੋਂ ਬਾਅਦ ਤੇ ਇਸ ਦੀ ਰੌਸ਼ਨੀ ਵਿਚ

ਜ਼ਰੂਰ ਹੀ ਆਪਣੇ ਹਿੱਤਾਂ ਦਾ ਆਰਥਕ ਪ੍ਰੋਗਰਾਮ ਅਪਣਾ ਲੈਣਗੇ ਤੇ ਗਾਂਧੀ ਦੇ 'ਪ੍ਰੇਮ ਸੰਦੇਸ਼' ਨੂੰ ਤਿਆਗ ਉਨ੍ਹਾਂ ਸ਼ਕਤੀਆਂ ਅਤੇ ਵਿਚਾਰਧਾਰਾਵਾਂ ਦੇ ਮਗਰ ਜਾ ਖੜ੍ਹਨਗੇ ਜੋ ਉਨ੍ਹਾਂ ਦੇ ਜਮਾਤੀ ਤੇ ਕੌਮੀ ਹਿੱਤਾਂ ਦੀ ਏਕਤਾ ਨੂੰ ਪ੍ਰਗਟਾਉਣਗੀਆਂ । ਇੰਜ ਉਨ੍ਹਾਂ ਨੇ ਇਸ ਤੱਥ ਨੂੰ ਵੀ ਭਾਂਪ ਲਿਆ ਸੀ, ਜਿਸ ਨੂੰ ਅੰਗਰੇਜ਼ ਸੀ. ਆਈ. ਡੀ. ਨੇ ਵੀ ਲਾਹੌਰ ਕਾਂਗਰਸ ਤੋਂ ਬਾਅਦ ਚੰਗੀ ਤਰ੍ਹਾਂ ਸਮਝ ਲਿਆ ਸੀ, ਕਿ ਠੀਕ ਹੈ ਗਾਂਧੀ ਕਮਿਊਨਿਸਟ ਨਹੀਂ ਹੈ ਤੇ ਉਨ੍ਹਾਂ ਦੇ ਵਿਚਾਰਾਂ ਨੂੰ ਵੀ ਨਹੀਂ ਮੰਨਦਾ ਤੇ ਉਹਨਾਂ ਦਾ ਵਿਰੋਧ ਵੀ ਕਰਦਾ ਹੈ ਪਰ ਉਸ ਦੀ ਠੋਸ ਸਿਆਸਤ ਦਾ ਰੂਪ ਅਜਿਹਾ ਹੈ ਜੋ ਲੱਖਾਂ ਲੋਕਾਂ ਨੂੰ ਗ਼ੈਰ-ਸੰਵਿਧਾਨਕ ਢੰਗ ਦੀ ਸਿਆਸਤ ਦਾ ਪਾਠ ਪੜ੍ਹਾਉਂਦਾ ਹੈ, ਜੋ ਕਮਿਊਨਿਸਟਾਂ ਨੂੰ ਲੋਕਾਂ ਤਕ ਪੁੱਜ ਜਾਣ ਦੇ ਦਰ ਖੋਲ੍ਹਦਾ ਹੈ । ਗਾਂਧੀ ਲੋਕਾਂ ਨੂੰ ਭਾਵੇਂ ਜਮਾਤੀ ਪੱਧਰ ਦੀ ਚੇਤਨਤਾ ਤਕ ਨਹੀਂ ਸੀ ਉਠਾਉਂਦਾ ਬਲਕਿ ਕੇਵਲ ਕੌਮੀ ਪੱਧਰ ਦੀ ਚੇਤਨਤਾ ਤਕ ਹੀ ਉਠਾਉਂਦਾ ਸੀ, ਪਰ ਇੰਜ ਸਿਆਸਤ ਵਿਚ ਨਿਕਲ ਪੈਣ ਕਾਰਨ ਹੁਣ ਲੋਕ ਅੱਗੇ ਆਪਣੇ ਜਮਾਤੀ ਹਿੱਤਾਂ ਨੂੰ ਸਮਝਣ ਦੇ ਸਮਰੱਥ ਹੋ ਜਾਂਦੇ ਸਨ ।

ਕੌਮੀ ਚੇਤਨਤਾ ਉਭਾਰ ਕੇ ਗਾਂਧੀ ਲੋਕਾਂ ਨੂੰ ਉਨ੍ਹਾਂ ਦੀਆਂ ਤੰਗ, ਇਲਾਕਾਈ, ਭਾਸ਼ਾਈ ਅਤੇ ਧਾਰਮਿਕ ਪਛਾਣਾਂ ਤੋਂ ਉਪਰ ਚੁੱਕ ਕੇ ਕੌਮੀ ਪੱਧਰ 'ਤੇ ਸੋਚਣ ਲਈ ਮਜਬੂਰ ਕਰਦਾ ਸੀ । ਇਹ ਚੇਤਨਤਾ ਦੇ ਉਹ ਪਹਿਲੇ ਪਰ ਬਹੁਤ ਜ਼ਰੂਰੀ ਕਦਮ ਸਨ ਜਿਨ੍ਹਾਂ ਤੋਂ ਬਿਨਾਂ ਭਾਰਤ ਵਿਚ ਸਮਾਜਵਾਦੀ ਵਿਚਾਰਧਾਰਾ ਨੂੰ ਗ੍ਰਹਿਣ ਕਰ ਸਕਣਾ ਲੋਕਾਂ ਲਈ ਅਸੰਭਵ ਸੀ ਤੇ ਅੱਜ ਵੀ ਹੈ । ਇਲਾਕਾਈ, ਭਾਸ਼ਾਈ, ਜਾਤ ਪਾਤ ਅਤੇ ਫ਼ਿਰਕਾਪ੍ਰਸਤੀ ਦੀਆਂ ਤੰਗ ਪਛਾਣਾਂ ਵਿਚ ਗ੍ਰੱਸੇ ਲੋਕ ਸਮਾਜਵਾਦੀ ਚੇਤਨਤਾ ਨੂੰ ਨਹੀਂ ਗ੍ਰਹਿਣ ਕਰ ਸਕਦੇ । ਗਾਂਧੀ ਸਰਮਾਏਦਾਰ ਜਮਾਤ ਦਾ ਪ੍ਰਤੀਨਿਧ ਹਰਗਿਜ਼ ਨਹੀਂ ਸੀ । ਤੁਲਨਾ ਦੀਆਂ ਆਪਣੀਆਂ ਸੀਮਾਵਾਂ ਹੁੰਦੀਆਂ ਹਨ ਪਰ ਤਾਂ ਵੀ ਇਹ ਸੰਕੇਤ ਕਰ ਦੇਣਾ ਜ਼ਰੂਰੀ ਹੈ ਕਿ ਉਸ ਦੀ ਪੁਜ਼ੀਸ਼ਨ ਭਾਰਤੀ ਇਤਿਹਾਸ ਵਿਚ ਉਹੀ ਹੈ ਜੋ ਚੀਨੀ ਇਤਿਹਾਸ ਵਿਚ ਸਨ-ਯੇਤ-ਸਿਨ ਦੀ । ਫ਼ਰਕ ਕੇਵਲ ਇਤਨਾ ਹੈ ਕਿ ਭਾਰਤ ਦੇ ਕਮਿਊਨਿਸਟਾਂ ਨੇ ਚੀਨ ਦੇ ਕਮਿਊਨਿਸਟਾਂ ਵਾਂਗ ਨਾ ਤਾਂ ਆਪ ਹੀ ਉਹ ਰੋਲ ਅਦਾ ਕੀਤਾ ਤੇ ਨਾ ਹੀ ਗਾਂਧੀ ਨਾਲ ਉਹ ਰਿਸ਼ਤਾ ਕਾਇਮ ਕੀਤਾ ਜੋ ਚੀਨ ਦੀ ਪਾਰਟੀ ਨੇ ਸਨ-ਯੇਤ-ਸਿਨ ਨਾਲ ਕੀਤਾ ਸੀ । (ਚਲਦਾ)

---

* **Bipan-Chandra, 'The Indian Capitalist Class and Imperialism before 1947' in his book 'Nationalism and Colonialism in Modern India', 1979.**

**Aditya Mukherjee 'The Indian Capitalist Class and Foreign Capital, 1927-47', Studies in History, Jan-June 1979 Journal of the Centre for Historical Studies; Jawaharlal Nehru University, Published by Vikas.**


### ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ

1978 ਤੇ 1979 ਦੀਆਂ ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ ਲਈ ਸਾਨੂੰ ਸਿਧਿਆਂ ਲਿਖੋ । ਕੀਮਤ ਫੀ ਫਾਈਲ ਵੀਹ ਰੁਪੈ । ਰਕਮ ਮਨੀਆਰਡਰ ਦੁਆਰਾ ਭੇਜੋ । ਡਾਕਖ਼ਰਚ ਸਾਡਾ ਹੋਵੇਗਾ ।




## ਸਾਮਰਾਜਵਾਦ : ਨਵਸਾਮਰਾਜਵਾਦ ਅਤੇ ਭਾਰਤ-7

ਸੁੱਚਾ ਸਿੰਘ ਗਿੱਲ

# ਵਿਦਿਅਕ ਤੇ ਸਿਆਸੀ ਖੇਤਰਾਂ ਵਿਚ ਵਿਦੇਸ਼ੀ ਦਖਲ

1947 ਤੋਂ ਪਹਿਲਾਂ ਭਾਰਤ ਦੀ ਵਿਦਿਅਕ ਪ੍ਰਣਾਲੀ ਉਪਰ ਅੰਗ੍ਰੇਜ਼ਾਂ ਦਾ ਪੂਰਾ ਪੂਰਾ ਕੰਟਰੋਲ ਸੀ । ਭਾਰਤ ਦੇ ਲੋਕਾਂ ਨੂੰ ਕਿਸ ਕਿਸਮ ਦੀ ਸਿਖਿਆ ਦਿੱਤੀ ਜਾਵੇ, ਉਸ ਵਾਸਤੇ ਕਿਹੜੀਆਂ ਕਿਹੜੀਆਂ ਕਿਤਾਬਾਂ ਵਰਤੀਆਂ ਜਾਣ ਅਤੇ ਉਨ੍ਹਾਂ ਕਿਤਾਬਾਂ ਨੂੰ ਕੌਣ ਲਿਖੇ ਅਤੇ ਛਾਪੇ—ਇਹ ਸਾਰੇ ਫ਼ੈਸਲੇ ਅੰਗ੍ਰੇਜ਼ਾਂ ਦੁਆਰਾ ਹੀ ਲਏ ਜਾਂਦੇ ਸਨ ਅਤੇ ਵਿਦਿਅਕ ਖੇਤਰ ਦੇ ਅਹਿਮ ਅਹੁਦਿਆਂ ਉਪਰ ਵੀ ਅੰਗ੍ਰੇਜ਼ ਹੀ ਸਨ । ਜਿਹੜੇ ਕੁਝ ਭਾਰਤੀ ਵਿਦਿਅਕ ਖੇਤਰ ਦੇ ਇਨ੍ਹਾਂ ਅਹੁਦਿਆਂ ਉਪਰ ਹੁੰਦੇ ਸਨ, ਉਹ ਵੀ ਅਗ੍ਰੇਜ਼ਾਂ ਦੁਆਰਾ ਹੀ ਪੜ੍ਹਾਏ ਗਏ ਹੁੰਦੇ ਸਨ । ਉਨ੍ਹਾਂ ਦੀ ਕੋਸ਼ਿਸ਼ ਇਹ ਸੀ ਕਿ ਭਾਰਤੀ ਲੋਕਾਂ ਦੇ ਦਿਮਾਗ਼ ਵਿਚ ਅੰਗਰੇਜ਼ਾਂ ਦੇ ਖ਼ਿਆਲ ਹੀ ਭਰੇ ਜਾਣ । ਉਨ੍ਹਾਂ ਲਈ ਇਥੋਂ ਦੇ ਇਤਿਹਾਸ, ਸਭਿਅਤਾ, ਆਰਥਕਤਾ ਅਤੇ ਸਿਆਸਤ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਜਾਵੇ ਜਿਸ ਨਾਲ ਬਰਤਾਨਵੀ ਹਿੱਤਾਂ ਦੀ ਹਿਮਾਇਤ ਹੁੰਦੀ ਰਵ੍ਹੇ ।

ਸਿਆਸੀ ਆਜ਼ਾਦੀ ਤੋਂ ਬਾਅਦ ਭਾਰਤ ਦੇ ਵਿਦਿਅਕ ਢਾਂਚੇ ਵਿਚ ਕੋਈ ਬੁਨਿਆਦੀ ਤਬਦੀਲੀ ਨਹੀਂ ਲਿਆਂਦੀ ਗਈ ਅਤੇ ਪੁਰਾਣੇ ਵਿਰਸੇ ਨੂੰ ਕਾਇਮ ਰਖਿਆ ਗਿਆ । ਪਰ ਬਰਤਾਨਵੀ ਸਾਮਰਾਜ ਦੇ ਕਮਜ਼ੋਰ ਹੋਣ ਨਾਲ ਇਸ ਦੀ ਜਗ੍ਹਾ ਅਮਰੀਕਾ ਨੇ ਲੈ ਲਈ ਅਤੇ ਉਸ ਨੇ ਭਾਰਤ ਦੇ ਵਿਦਿਅਕ ਅਦਾਰਿਆਂ ਵਿਚ ਦਖਲ ਦੇਣਾ ਸ਼ੁਰੂ ਕਰ ਦਿਤਾ । ਅਮਰੀਕਨ ਵਿਚਾਰ ਮੁਤਾਬਿਕ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ "ਇਨਕਲਾਬੀ ਗੜਬੜ" ਦੇ ਬੀਜ ਪੁੰਗਰਦੇ ਹਨ । ਇਸ ਕਰਕੇ ਇਨ੍ਹਾਂ ਵਲ ਪੂਰਾ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਅਮਰੀਕੀ ਖਿਆਲਾਂ, ਜ਼ਿੰਦਗੀ ਦੇ ਤੌਰ ਤਰੀਕਿਆਂ ਅਤੇ (ਅਮਰੀਕੀ) ਸਰਕਾਰੀ ਨੀਤੀਆਂ ਦੀ ਮਦਦ ਕੀਤੀ ਜਾ ਸਕੇ । ਘਟ-ਵਿਕਸਿਤ ਦੇਸ਼ਾਂ ਦੇ ਵਿਦਿਅਕ ਅਦਾਰਿਆਂ ਨੂੰ ਵਿਚਾਰਾਂ ਅਤੇ ਲੀਡਰਸ਼ਿੱਪ ਦੇ ਕੇਂਦਰ ਮੰਨ ਕੇ ਇਨ੍ਹਾਂ ਉਪਰ ਦਬਦਬਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ।[1] ਇਸ ਕੋਸ਼ਿਸ਼ ਵਿਚ ਅਮਰੀਕਾ ਦੀ ਖੁਫ਼ੀਆ ਏਜੰਸੀ ਸੀ. ਆਈ. ਏ. (C.I.A.), ਨਿਜੀ ਸੰਸਥਾਵਾਂ (Foundations) ਮੁੱਖ ਰੂਪ ਵਿਚ ਫੋਰਡ, ਰੌਕਫੈਲਰ ਅਤੇ ਏਸ਼ੀਆ

ਫੌਂਡੇਸ਼ਨਾਂ, ਅਮਰੀਕਨ ਪਬਲਿਸ਼ਰਜ਼, ਭਾਰਤ ਵਿਚ ਅਮਰੀਕੀ ਦੂਤਾਵਾਸ ਅਤੇ ਉਸ ਨਾਲ ਸਬੰਧਤ ਸੂਚਨਾ ਸੇਵਾ, ਅਮਰੀਕਨ ਵਿਦਿਅਕ ਸੰਸਥਾਵਾਂ ਅਤੇ ਬੁਧੀਜੀਵੀ ਸ਼ਾਮਲ ਹਨ। ਇਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਸਫਲ ਬਣਾਉਣ ਵਿਚ ਅਮਰੀਕਨ ਸਰਕਾਰ ਅਤੇ ਸੰਸਾਰ ਬੈਂਕ ਨੇ ਵੀ ਹਿੱਸਾ ਪਾਇਆ ਹੈ। ਇਨ੍ਹਾਂ ਸਾਰਿਆਂ ਨੇ ਰਲ ਕੇ ਆਪਣੇ ਸਰਮਾਏ ਅਤੇ ਵਿਕਸਤ ਤਕਨੀਕ ਨਾਲ ਭਾਰਤ ਦੇ ਵਿਦਿਅਕ ਅਦਾਰਿਆਂ ਉਪਰ ਧਾਵਾ ਬੋਲਿਆ ਅਤੇ ਅਹਿਮ ਸਸਥਾਵਾਂ ਦੀਆਂ ਨੀਤੀਆਂ ਉਪਰ ਹਾਵੀ ਹੋ ਗਏ।

ਆਜ਼ਾਦੀ ਤੋਂ ਬਾਅਦ ਵਿਦਿਆ ਦੇ ਵਿਕਾਸ ਦੇ ਨਾਲ ਇਹ ਮਹਿਸੂਸ ਕੀਤਾ ਗਿਆ ਕਿ ਪੁਰਾਣੀਆਂ (ਬਰਤਾਨਵੀ ਲਿਖਾਰੀਆਂ ਅਤੇ ਪ੍ਰਕਾਸ਼ਕਾਂ ਦੀਆਂ) ਕੋਰਸਾਂ ਦੀਆਂ ਕਿਤਾਬਾਂ ਵਿਚ ਅਹਿਮ ਤਰੁਟੀਆਂ ਹਨ। ਦੂਜੇ ਦੇਸ਼ਾਂ, ਖਾਸ ਕਰਕੇ ਅਮਰੀਕਾ ਅਤੇ ਰੂਸ, ਵਿਚ ਗਿਆਨ ਦਾ ਵਿਕਾਸ ਅੱਗੇ ਲੰਘ ਚੁੱਕਾ ਹੈ। ਇਸ ਕਰਕੇ ਇਕ-ਦਮ ਸਸਤੀਆਂ ਕੋਰਸਾਂ ਦੀਆਂ ਕਿਤਾਬਾਂ ਦੀ ਘਾਟ ਮਹਿਸੂਸ ਹੋਈ। ਇਸ ਘਾਟ ਨੂੰ ਪੂਰਾ ਕਰਨ ਵਾਸਤੇ ਭਾਰਤ ਸਰਕਾਰ ਨੇ ਅਮਰੀਕਨ ਸਰਕਾਰ ਨਾਲ ਕਈ ਸਮਝੌਤੇ ਕੀਤੇ। ਇਨ੍ਹਾਂ ਸਮਝੌਤਿਆਂ ਦਾ ਮੁਖ ਮੁੱਦਾ ਸਸਤੀਆਂ ਕੋਰਸਾਂ ਦੀਆਂ ਕਿਤਾਬਾਂ ਪੈਦਾ ਕਰਨਾ ਸੀ। ਐਸੇ ਇਕ ਸਮਝੌਤੇ ਦੇ ਤਹਿਤ 1961 ਵਿਚ ਸਾਂਝਾ ਭਾਰਤ-ਅਮਰੀਕੀ ਕੋਰਸ ਕਿਤਾਬਾਂ ਦਾ ਪ੍ਰੋਗਰਾਮ (Joint Indian-American Text Book Programme) ਬਣਿਆ। ਇਸ ਪ੍ਰੋਗਰਾਮ ਦਾ ਪ੍ਰਬੰਧ 14-ਮੈਂਬਰੀ ਬੋਰਡ ਕਰਦਾ ਹੈ, ਜਿਸ ਵਿਚ 7 ਭਾਰਤੀ ਅਤੇ 7 ਅਮਰੀਕੀ ਨੁਮਾਇੰਦੇ ਹੁੰਦੇ ਹਨ। ਭਾਰਤ ਦਾ ਕੇਂਦਰੀ ਵਿਦਿਆ ਸਕੱਤਰ ਇਸ ਦਾ ਚੇਅਰਮੈਨ ਅਤੇ ਅਮਰੀਕੀ ਨੁਮਾਇੰਦਾ ਇਸ ਦਾ ਸਕੱਤਰ ਹੁੰਦਾ ਹੈ। ਇਸ ਪ੍ਰੋਗਰਾਮ ਨੂੰ ਮਾਲੀ ਸਹਾਇਤਾ ਪੀ. ਐਲ. 480 ਦੇ ਰੁਪਿਆ ਫੰਡ ਤੋਂ ਮਿਲਦੀ ਹੈ ਅਤੇ ਸਾਰਾ ਪ੍ਰੋਗਰਾਮ ਅਮਰੀਕੀ ਨੁਮਾਇੰਦੇ ਚਲਾਉਂਦੇ ਹਨ ਅਤੇ ਭਾਰਤੀ ਸਿਰਫ ਸਲਾਹ ਦੇਣ ਦਾ ਹੀ ਕੰਮ ਕਰਦੇ ਹਨ। ਇਸ ਮਾਮਲੇ ਵਿਚ ਵੀ ਜਿਹੜੇ ਮਾਹਰਾਂ ਨੂੰ ਇਸ ਕੰਮ ਲਈ ਲਗਾਇਆ ਜਾਂਦਾ ਹੈ ਉਨ੍ਹਾਂ ਦੀ ਸਲਾਹ ਆਮ ਤੌਰ 'ਤੇ ਅਮਰੀਕੀ ਨੁਮਾਇੰਦੇ ਪ੍ਰਭਾਵਤ ਕਰ ਲੈਂਦੇ ਹਨ। ਇਸ ਪ੍ਰੋਗਰਾਮ ਰਾਹੀਂ ਜਿਹੜੀਆਂ ਕਿਤਾਬਾਂ ਦੀ ਚੋਣ ਕੀਤੀ ਜਾਂਦੀ ਹੈ ਉਨ੍ਹਾਂ ਨੂੰ ਪ੍ਰਕਾਸ਼ਤ ਕਰਨ ਦਾ ਕੰਮ ਅਮਰੀਕਨ ਕੰਪਨੀਆਂ ਜਾਂ ਉਨ੍ਹਾਂ ਦੀਆਂ ਸਹਾਇਕ ਕੰਪਨੀਆਂ ਨੂੰ ਦਿੱਤਾ ਜਾਂਦਾ ਹੈ। ਇਸ ਦੇ ਇਲਾਵਾ ਇਨ੍ਹਾਂ ਕਿਤਾਬਾਂ ਨੂੰ ਪ੍ਰਕਾਸ਼ਤ ਕਰਨ ਲਈ ਮੁਢਲੇ ਪ੍ਰਕਾਸ਼ਕਾਂ ਨੂੰ ਮੁਢਲੀ ਕੀਮਤ ਦਾ 10 ਫੀ ਸਦੀ (Royalty) ਡਾਲਰ ਵਿਚ ਦੇਣਾ ਪੈਂਦਾ ਹੈ। ਇਸ ਨਾਲ ਪੀ. ਐਲ. 480 ਅਧੀਨ ਰੁਪਏ ਨੂੰ ਡਾਲਰ ਵਿਚ ਬਦਲ ਲਿਆ ਜਾਂਦਾ ਹੈ। ਇਸ ਪ੍ਰੋਗਰਾਮ ਵਿਚ 35 ਮੁੱਖ ਵਿਸ਼ੇ ਸ਼ਾਮਲ ਹਨ। ਇਨ੍ਹਾਂ ਵਿਸ਼ਿਆਂ ਉਪਰ ਭਾਰਤ ਵਿਚ ਅਮਰੀਕਨ, ਕੋਰਸਾਂ ਦੀਆਂ ਕਿਤਾਬਾਂ ਸਸਤੀਆਂ ਵੇਚੀਆਂ ਜਾ ਰਹੀਆਂ ਹਨ। ਵਿਦੇਸ਼ੀ ਕਿਤਾਬਾਂ ਸਸਤੀਆਂ ਮਿਲਣ ਕਰਕੇ ਭਾਰਤੀ ਲੇਖਕਾਂ ਦਾ ਭਾਰਤ ਦੇ ਦ੍ਰਿਸ਼ਟੀਕੋਣ ਤੋਂ ਕਿਤਾਬਾਂ ਲਿਖਣ ਦਾ ਉਤਸ਼ਾਹ ਵੀ ਘਟ ਜਾਂਦਾ ਹੈ ਅਤੇ ਭਾਰਤੀ ਪ੍ਰਕਾਸ਼ਕ ਇਹਨਾਂ ਦੇ ਮੁਕਾਬਲੇ ਵਿਚ ਸਸਤੀਆਂ ਕਿਤਾਬਾਂ ਪੈਦਾ ਕਰਨ ਵਿਚ ਅਸਮਰਥ ਰਹਿੰਦੇ ਹਨ। ਕੋਰਸਾਂ ਦੀਆਂ ਸਸਤੀਆਂ ਭਾਰਤੀ ਕਿਤਾਬਾਂ ਦੀ ਅਣਹੋਂਦ ਕਰਕੇ ਇਹੀ ਕਿਤਾਬਾਂ ਜ਼ਿਆਦਾਤਰ (ਖਾਸ ਕਰਕੇ ਯੂਨੀਵਰਸਿਟੀ ਪੱਧਰ 'ਤੇ) ਵਿਦਿਆਰਥੀਆਂ ਨੂੰ ਦੱਸੀਆਂ ਜਾਂਦੀਆਂ ਹਨ। ਇਹ ਕਿਤਾਬਾਂ ਅਮਰੀਕਨ ਹਾਲਤਾਂ ਵਿਚ ਲਿਖੀਆਂ, ਅਮਰੀਕਨ ਵਿਚਾਰਾਂ ਨੂੰ ਭਾਰਤ ਵਿਚ ਲੈ ਆਉਂਦੀਆਂ ਹਨ ਅਤੇ ਭਾਰਤੀ ਵਿਦਿਆਰਥੀਆਂ ਨੂੰ ਅਮਰੀਕਨ ਵਿਚਾਰਾਂ ਨਾਲ ਲੈਸ ਕਰ ਦਿੰਦੀਆਂ ਹਨ। ਇਨ੍ਹਾਂ ਕਿਤਾਬਾਂ ਦੀ ਚੋਣ ਬਾਰੇ ਇਸ ਗਲ ਦਾ ਖਿਆਲ ਰਖਿਆ ਜਾਂਦਾ ਹੈ ਕਿ ਇਹ ਅਮਰੀਕਨ ਸਮਾਜ ਦਾ ਵਧੀਆਂ ਨਮੂਨਾ ਹੀ ਪੇਸ਼ ਕਰਨ। ਇਨ੍ਹਾਂ ਕਿਤਾਬਾਂ ਦੀ ਪੜ੍ਹਾਈ ਨਾਲ ਵਿਦਿਆਰਥੀਆਂ ਦੇ ਮਨਾਂ



ਵਿਚ ਇਹ ਖਾਕਾ ਬਣਾਇਆ ਜਾਂਦਾ ਹੈ ਕਿ ਅਮਰੀਕਨ ਸਭ ਕੁਝ ਵਧੀਆ ਹੈ ਅਤੇ ਭਾਰਤ ਵਿਚ ਇਸ ਦੇ ਮੁਕਾਬਲੇ ਸਭ ਕੁਝ ਘਟੀਆ ਹੈ। ਅਖੀਰ ਵਿਚ ਉਨ੍ਹਾਂ ਦੇ ਮਨਾਂ ਵਿਚ ਇਹ ਖਾਹਿਸ਼ ਪੈਦਾ ਹੋ ਜਾਂਦੀ ਹੈ ਕਿ ਉਨ੍ਹਾਂ ਨੂੰ ਨਕਲ ਜ਼ਰੂਰ ਕਰਨੀ ਚਾਹੀਦੀ ਹੈ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਉਹ ਦੇਸ਼ ਦੇ ਹਿੱਤਾਂ ਨਾਲ ਆਪਣੇ ਆਪ ਨੂੰ ਜੋੜਦੇ ਨਹੀਂ ਅਤੇ ਉਨ੍ਹਾਂ ਵਿਚ ਕੌਮੀ ਭਾਵਨਾਵਾਂ ਵੀ ਜਾਗਦੀਆਂ ਨਹੀਂ। ਇਸ ਤਰ੍ਹਾਂ ਵਿਦੇਸ਼ੀ ਕਿਤਾਬਾਂ ਦੇ ਆਧਾਰ 'ਤੇ ਵਿਦਿਆ ਦਾ ਖਾਸਾ ਨਵਬਸਤੀ-ਵਾਦੀ ਬਣ ਜਾਂਦਾ ਹੈ।

ਅਮਰੀਕਨ ਵਿਚਾਰ ਭਾਰਤ ਵਿਚ ਭੇਜਣ ਵਾਸਤੇ ਭਾਰਤ ਦੀਆਂ ਵੱਡੀਆਂ ਵੱਡੀਆਂ ਵਿਦਿਅਕ ਸੰਸਥਾਵਾਂ ਜਿਵੇਂ ਯੂਨੀਵਰਸਿਟੀਆਂ, ਕਾਲਜਾਂ ਅਤੇ ਇਨਸਟੀਚਿਊਟਾਂ ਆਦਿ ਦੀ ਅਮਰੀਕਨ ਨਿਜੀ ਸੰਸਥਾਵਾਂ ਮਦਦ ਕਰਦੀਆਂ ਹਨ। ਫੋਰਡ ਫੌਂਡੇਸ਼ਨ ਵਲੋਂ ਭਾਰਤ ਵਿਚ ਦਿੱਲੀ, ਰਾਜਸਥਾਨ, ਕੇਰਲਾ ਯੂਨੀਵਰਸਿਟੀਆਂ, ਐਗਰੀਕਲਚਰ ਸਾਇੰਸ ਯੂਨੀਵਰਸਿਟੀ ਬੰਗਲੌਰ, ਬਿਰਲਾ ਇੰਸਟੀਚਿਉਟ ਆਫ਼ ਟੈਕਨਾਲੋਜੀ ਐਂਡ ਸਾਇੰਸ, ਪਿਲਾਨੀ ਆਦਿ ਨੂੰ ਗਰਾਂਟਾਂ ਦਿਤੀਆਂ ਗਈਆਂ ਹਨ। ਇਨ੍ਹਾਂ ਤੋਂ ਇਲਾਵਾ ਹੋਰ ਕਈ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਭਾਗਾਂ ਨੂੰ ਕਈ ਕਿਸਮ ਦੇ ਪ੍ਰਾਜੈਕਟ ਦਿਤੇ ਗਏ ਹਨ। ਮਾਰਚ 1973 ਤੱਕ ਇਕੱਲੀ ਫੋਰਡ ਫਾਊਂਡੇਸ਼ਨ ਵਲੋਂ ਭਾਰਤ ਵਿਚ ਵਿਦਿਆ ਉਪਰ 28.2 ਲਖ ਡਾਲਰ ਖਰਚ ਕੀਤੇ ਗਏ। ਇਸੇ ਤਰ੍ਹਾਂ ਰੋਕਫੈਲਰ ਫਾਉਂਡੇਸ਼ਨ ਵਲੋਂ 1972 ਤੱਕ 2,149 ਲਖ ਡਾਲਰ ਭਾਰਤ ਵਿਚ ਵਿਦਿਅਕ ਪ੍ਰੋਗਰਾਮਾਂ ਵਾਸਤੇ ਲਗਾਏ ਗਏ। ਇਸ ਫਾਊਂਡੇਸ਼ਨ ਵਲੋਂ ਧਾਨ ਖੋਜ ਸੰਸਥਾ (Rice Research Institute), ਭਾਰਤੀ ਮੈਡੀਕਲ ਖੋਜ ਕੌਂਸਲ (Indian Council of Medical Research) ਅਤੇ ਖੇਤੀ ਪ੍ਰੋਗਰਾਮਾਂ ਵਿਚ ਪੈਸਾ ਲਾਇਆ ਗਿਆ। ਇਨ੍ਹਾਂ ਫਾਊਂਡੇਸ਼ਨਾਂ ਦੁਆਰਾ ਭਾਰਤ ਵਿਚ ਵਿਦਿਅਕ ਅਦਾਰਿਆਂ ਨੂੰ ਹੀ ਨਹੀਂ, ਸਗੋਂ ਵਿਦਿਆਰਥੀਆਂ ਅਤੇ ਖੋਜ ਮਾਹਿਰਾਂ ਨੂੰ ਵੀ ਵਜ਼ੀਫ਼ੇ ਤੇ ਸਫ਼ਰ ਗਰਾਂਟਾਂ ਆਦਿ ਦਿਤੀਆਂ ਗਈਆਂ।[2] ਇਸ ਦੇ ਇਲਾਵਾ ਇਨ੍ਹਾਂ ਵਲੋਂ ਭਾਰਤੀ ਯੋਜਨਾ ਕਮਿਸ਼ਨ, ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੂੰ ਵੀ ਗਰਾਂਟਾਂ ਦਿਤੀਆਂ ਗਈਆਂ ਹਨ।

ਇਨ੍ਹਾਂ ਫਾਊਂਡੇਸ਼ਨਾਂ ਦੇ ਇਕ ਪਾਸੇ ਤਾਂ ਸਬੰਧ ਅਮਰੀਕਾ ਦੇ ਵੱਡੇ ਵੱਡੇ ਇਜਾਰੇਦਾਰਾਂ ਨਾਲ ਹਨ। (ਇਹ ਸੰਸਥਾਵਾਂ ਉਨ੍ਹਾਂ ਦੁਆਰਾ ਹੀ ਸਥਾਪਤ ਕੀਤੀਆਂ ਗਈਆਂ ਹਨ) ਅਤੇ ਦੂਜੇ ਪਾਸੇ ਇਨ੍ਹਾਂ ਦੇ ਸਬੰਧ ਅਮਰੀਕਾ ਦੀ ਖੁਫੀਆ ਏਜੰਸੀ ਸੀ. ਆਈ. ਏ. ਅਤੇ ਅਮਰੀਕਨ ਸਰਕਾਰ ਦੇ ਵਿਦੇਸ਼ੀ ਵਿਭਾਗਾਂ ਅਤੇ ਵੱਖ ਵੱਖ ਦੇਸ਼ਾਂ ਦੇ ਸਿਫ਼ਾਰਤਖਾਨਿਆਂ ਨਾਲ ਵੀ ਹਨ। ਇਹ ਸੰਸਥਾਵਾਂ ਵਿਦੇਸ਼ਾਂ ਵਿਚ ਸਰਕਾਰ ਅਤੇ ਅਮਰੀਕਨ ਸੰਸਥਾਵਾਂ ਦੇ ਉਨ੍ਹਾਂ ਦੇਸ਼ਾਂ ਦੇ ਵਿਦਿਅਕ ਅਦਾਰਿਆਂ ਨਾਲ ਸਬੰਧਾਂ ਵਿਚ ਇਕ ਕੜੀ ਦਾ ਕੰਮ ਕਰਦੀਆਂ ਹਨ। ਇਹ ਸੰਸਥਾਵਾਂ ਆਪਣੇ ਕੰਮ ਕਾਰ ਵਿਚ ਅਮਰੀਕਨ ਵਿਚਾਰਧਾਰਾ ਦੇ ਪਿਛਲੱਗ ਪੈਦਾ ਕਰਦੀਆਂ ਹਨ ਅਤੇ ਅਮਰੀਕਨ ਸਰਕਾਰ ਅਤੇ ਖੁਫੀਆ ਏਜੰਸੀ ਦੇ ਏਜੰਟ ਵੀ ਪੈਦਾ ਕਰਦੀਆਂ ਹਨ। ਇਸ ਦੇ ਇਲਾਵਾ ਇਨ੍ਹਾਂ ਦੇਸ਼ਾਂ ਵਿਚ ਆਰਥਕ ਵਿਕਾਸ ਦੀਆਂ ਨੀਤੀਆਂ ਘੜਨ ਅਤੇ ਉਨ੍ਹਾਂ ਨੂੰ ਲਾਗੂ ਕਰਵਾਉਣ ਵਿਚ ਵੀ ਅਹਿਮ ਹਿੱਸਾ ਪਾਉਂਦੀਆਂ ਹਨ।

ਭਾਰਤ ਵਿਚ ਇਨ੍ਹਾਂ ਫਾਊਂਡੇਸ਼ਨਾਂ ਨੇ ਵੱਡੀਆਂ ਵੱਡੀਆਂ ਵਿਦਿਅਕ ਸੰਸਥਾਵਾਂ ਨੂੰ ਗਰਾਂਟਾਂ ਦੇ ਕੇ ਉਹ ਵਿਭਾਗ ਵਿਕਸਤ ਕਰਵਾਏ ਹਨ ਜਿਨ੍ਹਾਂ ਵਿਚ ਇਨ੍ਹਾਂ ਦੀ ਦਿਲਚਸਪੀ ਰਹੀ ਹੈ। ਇਸ ਤੋਂ ਇਲਾਵਾ ਇਹ ਵੱਡੀਆਂ ਵੱਡੀਆਂ ਕਾਨਫਰੰਸਾਂ ਕਰ ਕੇ ਭਾਰਤ ਦੇ ਵੱਡੇ ਵੱਡੇ ਬੁਧੀਜੀਵੀਆਂ ਨਾਲ ਨਾਤਾ ਪੈਦਾ ਕਰਦੀਆਂ ਹਨ। ਬਹੁਤ ਸਾਰਿਆਂ ਨੂੰ ਵਿਦੇਸ਼ਾਂ ਵਿਚ ਥੋੜੇ ਸਮੇਂ ਵਾਸਤੇ ਪ੍ਰੋਫੈਸਰ (Visiting Professor) ਦੇ ਤੌਰ 'ਤੇ ਬੁਲਵਾਉਣਾ, ਸਫਰ ਭੱਤੇ ਰਾਹੀਂ ਵੱਡੀ ਰਕਮਾ ਦੇਣ ਜਾਂ ਹੋਰ

ਐਸੇ ਤਰੀਕੇ ਹਾਸਲ ਕਰਵਾਉਣਾ ਜਿਸ ਨਾਲ ਉਹ ਵੱਧ ਪੈਸੇ ਕਮਾ ਸਕਣ—ਇਹ ਇਹਨਾਂ ਫ਼ਾਊਂਡੇਸ਼ਨਾਂ ਦੇ ਕੰਮ ਹਨ। ਭਾਰਤ ਦੇ ਬੁਧੀਜੀਵੀਆਂ (ਜਿਨ੍ਹਾਂ ਵਿਚੋਂ ਬਹੁਤੇ ਮਧ ਵਰਗ ਵਿਚੋਂ ਆਉਂਦੇ ਹਨ) ਵਿਚੋਂ ਬਹੁਤੇ, ਪੈਸੇ ਕਮਾਉਣ ਖਾਤਰ ਇਨ੍ਹਾਂ ਫਾਊਂਡੇਸ਼ਨਾਂ ਦੇ ਜਾਲ ਵਿਚ ਫਸ ਜਾਂਦੇ ਹਨ ਅਤੇ ਅੰਤ ਵਿਚ ਅਚੇਤ ਜਾਂ ਸੁਚੇਤ ਇਨ੍ਹਾਂ ਵਿਦੇਸ਼ੀਆਂ ਦੇ ਬਣ ਕੇ ਕੰਮ ਕਰਨ ਲਗ ਪੈਂਦੇ ਹਨ। ਉਹ ਵਿਦੇਸ਼ੀ ਖਿਆਲਾਂ ਨੂੰ ਪ੍ਰਚਾਰਨ, ਵਿਦੇਸ਼ੀ ਸਰਮਾਏ ਦੇ ਭਾਰਤ ਵਿਚ ਆਉਣ ਦੀ ਸਿਫਾਰਸ਼ ਕਰਨ ਅਤੇ ਵਿਦੇਸ਼ੀ ਜੀਵਨ ਢੰਗ ਨੂੰ ਅਪਣਾ ਕੇ ਆਪਣੇ ਆਪ ਨੂੰ ਦੇਸ਼ ਨਾਲੋਂ, ਵਿਦੇਸ਼ ਨਾਲ ਵਧੇਰੇ ਜੋੜਨ ਲਗ ਪੈਂਦੇ ਹਨ।

ਇਸ ਦੇ ਇਲਾਵਾ ਇਹ ਫਾਊਂਡੇਸ਼ਨਾਂ ਭਾਰਤ ਦੇ ਵਿਦਿਅਕ ਅਦਾਰਿਆਂ ਦੇ ਮੇਲਜੋਲ ਰਾਹੀਂ ਉਨ੍ਹਾਂ ਭਾਰਤੀ ਮਾਹਿਰਾਂ ਨੂੰ ਵੱਡੇ ਵੱਡੇ ਪ੍ਰਾਜੈਕਟ ਦਿੰਦੀਆਂ ਹਨ ਜੋ ਇਨ੍ਹਾਂ (ਫਾਊਂਡੇਸ਼ਨਾਂ) ਦੀ ਵਿਚਾਰਧਾਰਾ ਨੂੰ ਕਬੂਲਦੇ ਹੋਣ ਤੇ ਜਾਂ ਇਨ੍ਹਾਂ ਦੀ ਭਾਈਬੰਦੀ ਵਿਚ ਹੋਣ। ਇਨ੍ਹਾਂ ਪ੍ਰਾਜੈਕਟਾਂ ਰਾਹੀਂ ਇਹ ਭਾਰਤੀ ਜ਼ਿੰਦਗੀ ਦੇ ਵੱਖ ਵੱਖ ਪਹਿਲੂਆਂ ਬਾਰੇ ਵੱਡੀ ਪੱਧਰ 'ਤੇ ਅੰਕੜੇ ਇਕੱਠੇ ਕਰਵਾਉਂਦੀਆਂ ਹਨ ਅਤੇ ਯੂਨੀਵਰਸਿਟੀਆਂ ਦੀਆਂ ਉਚ-ਪਦਵੀਆਂ 'ਤੇ ਬੈਠੇ ਪ੍ਰੋਫੈਸਰਾਂ ਨਾਲ ਸਬੰਧ ਕਾਇਮ ਕਰਦੀਆਂ ਹਨ। ਕਈ ਵਾਰ ਤਾਂ ਇਨ੍ਹਾਂ ਪ੍ਰਾਜੈਕਟਾਂ ਦਾ ਕੌਮੀ ਪੱਖ ਨਾਲ ਕੋਈ ਵਾਸਤਾ ਵੀ ਨਹੀਂ ਹੁੰਦਾ। ਭਾਰਤ ਵਿਚ ਮਛਰਾਂ ਦੇ ਕੰਟਰੋਲ ਦੇ ਪ੍ਰਾਜੈਕਟ ਜਿਸ ਵਿਚ ਬੰਬਈ ਪ੍ਰਕਿਰਤਕ-ਇਤਿਹਾਸ ਸੋਸਾਇਟੀ (**Bombay Natural History Society**), ਪੰਤ ਨਗਰ ਯੂਨੀਵਰਸਿਟੀ, ਅਤੇ ਜੋਧਪੁਰ ਯੂਨੀਵਰਸਿਟੀ ਦੇ ਪ੍ਰਾਜੈਕਟ ਸ਼ਾਮਲ ਸਨ, ਬਾਰੇ ਪੰਜਵੀਂ ਲੋਕ ਸਭਾ ਦੀ ਪਬਲਿਕ ਅਕਾਊਂਟਸ ਕਮੇਟੀ (**Public Accounts Committee**) ਨੇ ਅਹਿਮ ਸੂਚਨਾ ਆਮ ਪਬਲਿਕ ਸਾਹਮਣੇ ਰਖੀ। ਇਨ੍ਹਾਂ ਪ੍ਰਾਜੈਕਟਾਂ ਦਾ ਸਬੰਧ ਵਿਦੇਸ਼ੀ ਏਜੰਸੀਆਂ ਨਾਲ ਸੀ ਜੋ ਐਸੀਆਂ ਗੱਲਾਂ ਬਾਰੇ ਖੋਜ ਕਰਵਾ ਰਹੀਆਂ ਸਨ ਜਿਸ ਨਾਲ ਦੇਸ਼ ਦੀ ਸੁਰੱਖਿਆ ਨੂੰ ਖਤਰਾ ਪੈਦਾ ਹੋ ਸਕਦਾ ਸੀ। ਇਹ ਸਾਰੇ ਪ੍ਰਾਜੈਕਟ ਐਸੇ ਸਨ ਜਿਨ੍ਹਾਂ ਦਾ ਸਬੰਧ ਦੁੱਤ-ਵਿਗਿਆਨ ਯੁਧ-ਨੀਤੀ (**Biological Warfare**) ਨਾਲ ਸੀ।[3]

ਇਸ ਦੇ ਇਲਾਵਾ ਅਫ਼ਸਰਸ਼ਾਹੀ (**Bureaucracy**) ਨਾਲ ਸਬੰਧ ਪੈਦਾ ਕਰਨ ਵਾਸਤੇ ਫੌਜ, ਪੁਲਿਸ ਅਤੇ ਪ੍ਰਬੰਧਕੀ ਪੁਜ਼ੀਸ਼ਨਾਂ 'ਤੇ ਬੈਠੇ ਅਫ਼ਸਰਾਂ ਲਈ ਭਾਰਤ ਵਿਚ ਟ੍ਰੇਨਿੰਗ ਦੇ ਪ੍ਰਬੰਧ ਕੀਤੇ ਅਤੇ ਥੋੜੇ ਸਮੇਂ ਦੇ ਕੋਰਸ ਸੰਗਠਨ ਕਰਵਾਏ ਜਾਂਦੇ ਹਨ। ਇਸ ਨਾਲ ਦੋ ਉਦੇਸ਼ ਪੂਰੇ ਹੁੰਦੇ ਹਨ। ਇਕ ਤਾਂ ਫੌਜ, ਪੁਲਿਸ, ਅਤੇ ਸਰਕਾਰ ਦੇ ਦੂਜੇ ਉਚ-ਪਦਵੀਆਂ 'ਤੇ ਬੈਠੇ ਅਫ਼ਸਰਾਂ ਨਾਲ ਸਬੰਧ ਪੈਦਾ ਹੋ ਜਾਂਦੇ ਹਨ ਅਤੇ ਦੂਜੇ, ਇਨ੍ਹਾਂ ਕੋਰਸਾਂ ਰਾਹੀਂ ਇਨ੍ਹਾਂ ਦੀ ਵਿਚਾਰਧਾਰਾ ਨੂੰ ਸਾਮਰਾਜਵਾਦੀ ਵਿਚਾਰਧਾਰਾ ਵਿਚ ਢਾਲਣ ਦਾ ਮੌਕਾ ਮਿਲਦਾ ਹੈ।

ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਖੋਜ ਸੰਸਥਾਵਾਂ ਅਤੇ ਸਿਖਲਾਈ ਕੇਂਦਰਾਂ ਤੋਂ ਇਲਾਵਾ ਵਿਚਾਰਧਾਰਾ ਦੇ ਖੇਤਰ ਵਿਚ ਰਸਾਲੇ, ਅਖ਼ਬਾਰ ਆਦਿ ਇਕ ਅਹਿਮ ਰੋਲ ਅਦਾ ਕਰਦੇ ਹਨ। ਅਖ਼ਬਾਰਾਂ ਅਤੇ ਰਸਾਲੇ ਕਿਸੇ ਵੀ ਦੇਸ਼ ਦੇ ਮਧ-ਵਰਗ ਵਿਚ ਲੋਕ-ਰਾਏ ਬਣਾਉਂਦੇ ਹਨ। ਵਿਦੇਸ਼ੀ ਏਜੰਸੀਆਂ ਨੇ ਇਸ ਕਰਕੇ ਭਾਰਤ ਦੇ ਅਖ਼ਬਾਰਾਂ ਅਤੇ ਰਸਾਲਿਆਂ ਵਲ ਵੀ ਖਾਸ ਧਿਆਨ ਦਿਤਾ ਹੈ। ਭਾਰਤ ਵਿਚ ਕਾਂਗਰਸ ਫਾਰ ਕਲਚਰਲ ਫਰੀਡਮ (**Congress for Cultural Freedom**) ਦੀ ਸ਼ਾਖਾ ਦੀ ਸਥਾਪਨਾ ਕੀਤੀ ਗਈ। ਇਸ ਦਾ ਦਫ਼ਤਰ ਬੰਬਈ ਵਿਚ ਬਣਾਇਆ ਗਿਆ। ਇਸ ਕਾਂਗਰਸ ਦਾ ਸਰਪਰਸਤ ਅਸ਼ੋਕ ਮਹਿਤਾ ਨੂੰ ਥਾਪਿਆ ਗਿਆ। ਇਸ ਦੀ ਮੈਂਬਰੀ ਬੁਧੀਜੀਵੀ ਆਗੂਆਂ, ਅਕਾਦਮਿਕ ਮਾਹਰਾਂ, ਲਿਖਾਰੀਆਂ ਅਤੇ ਕਲਾਕਾਰਾਂ ਨੂੰ ਦਿਤੀ ਜਾਂਦੀ ਹੈ। ਇਸ ਕਾਂਗਰਸ



ਦਾ ਕੰਮ ਆਜ਼ਾਦ ਬਹਿਸ ਕਰਵਾਉਣਾ ਹੈ। ਇਸ ਦਾ ਮੁਖ ਮੰਤਵ ਖੁਲ੍ਹੀਆਂ ਬਹਿਸਾਂ ਕਰਵਾਉਣਾ ਅਤੇ ਪੂਰਬੀ ਯੂਰਪ (ਰੂਸ ਅਤੇ ਦੂਜੇ ਦੇਸ਼ਾਂ) ਦੇ ਬੁਧੀਜੀਵੀਆਂ ਨਾਲ ਸਬੰਧ ਪੈਦਾ ਕਰਨਾ ਹੈ। ਇਸ ਕਾਂਗਰਸ ਨੂੰ ਫੋਰਡ ਫਾਊਂਡੇਸ਼ਨ ਨੇ 15 ਲੱਖ ਡਾਲਰ ਦੀ ਗਰਾਂਟ ਵੀ ਦਿਤੀ। ਇਹ ਭਾਰਤ ਵਿਚ ਦੋ ਰਸਾਲੇ ਕੁਆਸਟ (**Quest**) ਅਤੇ ਚਾਇਨਾ ਰਿਪੋਰਟ (**China Report**) ਪ੍ਰਕਾਸ਼ਤ ਕਰਦੀ ਹੈ।[4] ਇਨ੍ਹਾਂ ਵਿਚੋਂ ਅਮਰੀਕਨ ਦ੍ਰਿਸ਼ਟੀਕੋਣ ਤੋਂ ਚੀਨ ਅਤੇ ਪੂਰਬੀ ਯੂਰਪ (ਰੂਸ ਸਮੇਤ) ਬਾਰੇ ਲੇਖ ਛਾਪੇ ਜਾਂਦੇ ਹਨ ਅਤੇ ਇਹ ਭਾਰਤ-ਆਧਾਰਤ ਵਿਦੇਸ਼ੀ ਸੰਸਥਾ, ਭਾਰਤ ਦੇ ਲੋਕਾਂ ਤਕ ਇਨ੍ਹਾਂ ਨੂੰ ਪੁਚਾਉਣ ਦੀ ਕੋਸ਼ਿਸ਼ ਕਰਦੀ ਹੈ। ਭਾਰਤ ਵਿਚ ਵਿਦੇਸ਼ੀ ਸਫਾਰਤਖਾਨਿਆਂ ਦੇ ਸੂਚਨਾ ਕੇਂਦਰ ਵੀ ਰਸਾਲੇ ਕਢਦੇ ਹਨ। ਪਰ ਸਭ ਤੋਂ ਵਧ ਖ਼ਤਰਨਾਕ ਗੱਲ ਇਹ ਹੈ ਕਿ ਭਾਰਤ ਵਿਚ ਨਿਕਲਦੇ ਅਖ਼ਬਾਰਾਂ ਅਤੇ ਰਸਾਲਿਆਂ ਦੇ ਪਤਰਕਾਰਾਂ ਨੂੰ ਪ੍ਰਭਾਵ ਹੇਠ ਲਿਆਂਦਾ ਜਾਂਦਾ ਹੈ। ਇਨ੍ਹਾਂ ਨੂੰ ਸਿਫਾਰਤਖਾਨਿਆਂ ਦੀਆਂ ਵੱਡੀਆਂ ਵੱਡੀਆਂ ਪਾਰਟੀਆਂ ਵਿਚ ਸੱਦਿਆ ਜਾਂਦਾ ਹੈ। ਇਸ ਦੇ ਇਲਾਵਾ ਫਾਊਂਡੇਸ਼ਨਾਂ ਵੀ ਇਨ੍ਹਾਂ ਨਾਲ ਸਿੱਧੇ ਸੰਬੰਧ ਪੈਦਾ ਕਰਦੀਆਂ ਹਨ ਅਤੇ ਇਨ੍ਹਾਂ ਤੋਂ ਐਸੀਆਂ ਰਿਪੋਰਟਾਂ ਲਿਖਵਾਈਆਂ ਜਾਂਦੀਆਂ ਹਨ ਜਿਨ੍ਹਾਂ ਵਿਚ ਵਿਦੇਸ਼ੀਆਂ ਦੀ ਦਿਲਚਸਪੀ ਹੁੰਦੀ ਹੈ। ਇਨ੍ਹਾਂ ਰਿਪੋਰਟਾਂ ਦੇ ਆਧਾਰ 'ਤੇ ਹੀ ਆਮ ਲੋਕਾਂ ਵਿਚ ਕਿਸੇ ਗੱਲ ਬਾਰੇ ਰਾਏ ਬਣਦੀ ਹੈ। ਪਿਛੇ ਜਿਹੇ ਹੀ ਭਾਰਤ ਦੀਆਂ ਕੁਝ ਅਖ਼ਬਾਰਾਂ ਵਿਚ ਖਬਰਾਂ ਛਪੀਆਂ ਹਨ ਕਿ ਭਾਰਤ ਦੇ ਵੱਡੇ ਵੱਡੇ ਅਖ਼ਬਾਰ ਨਵੀਸਾਂ ਦੇ ਅਮਰੀਕਾ ਦੀ ਖੁਫੀਆ ਏਜੰਸੀ ਸੀ. ਆਈ. ਏ. ਨਾਲ ਸਬੰਧ ਹਨ ਅਤੇ ਇਹ ਏਜੰਸੀ ਇਨ੍ਹਾਂ ਨੂੰ ਪੈਸੇ ਦਿੰਦੀ ਰਹੀ ਹੈ। ਇਸੇ ਕਰਕੇ ਹੀ ਭਾਰਤ ਦੇ ਵੱਡੇ ਵੱਡੇ ਰਸਾਲੇ ਅਤੇ ਅਖ਼ਬਾਰ (ਜੋ ਇਥੋਂ ਦੇ ਸਨਅਤੀ ਘਰਾਣਿਆਂ ਦੇ ਹਨ) ਕਮਿਊਨਿਸਟ-ਵਿਰੋਧੀ ਲੇਖ ਅਤੇ ਰਿਪੋਰਟਾਂ ਨੂੰ ਲਗਾਤਾਰ ਛਾਪਦੇ ਰਹਿੰਦੇ ਹਨ ਅਤੇ ਪਛਮੀ ਢੰਗ ਦੇ ਰਹਿਣ ਸਹਿਣ ਦਾ ਪ੍ਰਚਾਰ ਕਰਦੇ ਰਹਿੰਦੇ ਹਨ।

ਭਾਰਤ ਦੇ ਦੂਜੇ ਖੇਤਰਾਂ ਵਿਚ ਵਿਦੇਸ਼ੀ ਦਖਲ ਦੀ ਤਰ੍ਹਾਂ ਇਥੋਂ ਦੀ ਸਿਆਸਤ ਵਿਚ ਵੀ ਵਿਦੇਸ਼ੀ ਦਖਲ ਚਲ ਰਿਹਾ ਹੈ। ਵਿਦੇਸ਼ੀ ਇਸ ਕੰਮ ਵਿਚ ਭਾਰਤ ਦੀ ਆਰਥਕਤਾ, ਵਿਦਿਅਕ ਅਦਾਰੇ, ਅਤੇ ਵਿਚਾਰਧਾਰਕ ਪ੍ਰਭਾਵ ਨੂੰ ਵਰਤਦੇ ਹਨ। ਸਿਆਸਤ ਵਿਚ ਦਖਲ ਦੇਣ ਵਿਚ ਅਮਰੀਕਾ ਦੀ ਖੁਫੀਆ ਏਜੰਸੀ ਸੀ. ਆਈ. ਏ. ਸਭ ਤੋਂ ਵਧ ਸਰਗਰਮ ਰਹੀ ਹੈ। ਅਮਰੀਕਾ ਦੇ ਭਾਰਤ ਵਿਚ ਸਾਬਕਾ ਸਫੀਰ ਡੀ. ਪੀ. ਮੋਨੀਅਨ (**Daniel Patrick Moynihan**) ਨੇ ਆਪਣੀ ਕਿਤਾਬ (**Dangerous Place**) ਵਿਚ ਇਸ ਗੱਲ ਨੂੰ ਸਿੱਧੇ ਰੂਪ ਵਿਚ ਨੰਗਿਆਂ ਕੀਤਾ ਹੈ। 1958 ਵਿਚ ਕੇਰਲਾ ਵਿਚ ਨਾਬੂਦਰੀਪਾਦ ਦੀ ਅਗਵਾਈ ਵਿਚ ਕਮਿਊਨਿਸਟ ਸਰਕਾਰ ਨੂੰ ਬਰਖ਼ਾਸਤ ਕਰਨ ਤੋਂ ਬਾਅਦ ਜਦੋਂ ਕੇਰਲਾ ਵਿਚ (1960 ਵਿਚ) ਮਧਕਾਲ ਚੋਣਾਂ ਹੋਈਆਂ ਤਾਂ ਇਸ ਵਿਚ ਸੀ. ਆਈ. ਏ. ਵਲੋਂ ਕਮਿਊਨਿਸਟਾਂ ਦੇ ਖਿਲਾਫ਼ ਹਾਕਮ ਕਾਂਗਰਸ ਪਾਰਟੀ ਨੂੰ ਵੱਡੀ ਪੱਧਰ 'ਤੇ ਫੰਡ ਦਿਤੇ ਗਏ। ਇਹ ਫੰਡ ਅਮਰੀਕਨ ਸਫਾਰਤਖਾਨੇ ਵਿਚ ਨੌਕਰੀ ਕਰਦੀ ਕਰੋਲ ਲੈਸ (**Carol Laise**) ਵਲੋਂ ਉਸ ਸਮੇਂ ਦੀ ਕਾਂਗਰਸ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਦਿਤੇ ਗਏ। ਇਹ ਸਾਰਾ ਕਮਿਊਨਿਸਟਾਂ ਦੇ ਵਿਰੋਧ ਵਿਚ ਲੜਨ ਲਈ ਸੀ. ਆਈ. ਏ. ਦੀ ਕਾਂਗਰਸ ਪਾਰਟੀ ਨੂੰ ਮਦਦ ਸੀ। ਕਮਿਊਨਿਸਟਾਂ ਦੇ ਵਿਰੋਧ ਵਿਚ ਇੰਦਰਾ ਗਾਂਧੀ ਨੂੰ ਜੈ ਪ੍ਰਕਾਸ਼ ਨਰਾਇਣ, ਅਚਾਰੀਆ ਕ੍ਰਿਪਲਾਨੀ ਅਤੇ ਅਸ਼ੋਕ ਮਹਿਤਾ ਦੀ ਪੂਰੀ ਹਿਮਾਇਤ ਸੀ। ਇਸੇ ਤਰ੍ਹਾਂ ਏਸ਼ੀਆ ਫਾਊਂਡੇਸ਼ਨ ਦੇ ਰਾਹੀਂ ਸੀ.ਆਈ.ਏ. ਵਲੋਂ ਭਾਰਤ ਵਿਚ ਕਈ ਸੰਸਥਾਵਾਂ ਨੂੰ 53 ਗਰਾਂਟਾਂ ਦਿਤੀਆਂ ਗਈਆਂ। ਜਿਨ੍ਹਾਂ ਨੂੰ ਗਰਾਂਟਾਂ ਦਿਤੀਆਂ ਉਨ੍ਹਾਂ ਵਿਚ ਇਕ ਭਾਰਤੀ

ਯੂਥ ਅਸੈਂਬਲੀ (Indian Assembly for Youth) ਨਾਮ ਦੀ ਸੰਸਥਾ ਵੀ ਸੀ। ਇਸ ਨੇ ਭਾਰਤ ਵਿਚ ਵਿਸ਼ਵ ਯੁਵਾ ਕੇਂਦਰ ਦੀ ਕਾਫੀ ਵੱਡੀ ਇਮਾਰਤ ਬਣਾਈ। ਇਸ ਟਰਸਟ ਦੇ ਚੇਅਰਮੈਨ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਮੁਰਾਰਜੀ ਡੇਸਾਈ ਅਤੇ ਸੰਸਾਰ ਯੂਥ ਅਸੈਂਬਲੀ (World Assembly of Youth) ਜਿਸ ਨਾਲ ਭਾਰਤ ਯੂਥ ਅਸੈਂਬਲੀ ਸੰਬੰਧਤ ਸੀ, ਦੇ ਪ੍ਰਧਾਨ ਰਵਿੰਦਰ ਵਰਮਾ, ਸਾਬਕਾ ਕੇਂਦਰੀ ਲੇਬਰ ਮੰਤਰੀ ਸਨ। ਇਸੇ ਤਰ੍ਹਾਂ 1967 ਦੀਆਂ ਚੋਣਾਂ ਵਿਚ ਵੀ ਸੀ. ਆਈ. ਏ. ਪੂਰੀ ਤਰ੍ਹਾਂ ਸਰਗਰਮ ਸੀ। ਸਵਰਗੀ ਟੀ. ਟੀ. ਕ੍ਰਿਸ਼ਨਮਚਾਰੀ ਨੇ ਇਕ ਬਿਆਨ ਦਿਤਾ ਕਿ ਚੋਣਾਂ ਸਮੇਂ ਅਮਰੀਕਨ ਸਫਾਰਤਖਾਨੇ ਨੇ ਪੀ. ਐਲ. 480 ਦੇ ਫੰਡ ਵਿਚੋਂ ਵੱਡੀ ਰਕਮ ਬੈਂਕ ਵਿਚੋਂ ਕਢਵਾਈ ਸੀ। ਭਾਵੇਂ ਕੇਂਦਰੀ ਵਿਤ ਮੰਤਰਾਲੇ ਨੇ ਇਸ ਗਲ ਦਾ ਖੰਡਨ ਕੀਤਾ ਪਰ ਸਰਕਾਰ ਨੇ ਇਸ ਸੰਬੰਧ ਵਿਚ ਆਈ. ਬੀ. (Intelligence Bureau) ਦੁਆਰਾ ਜਾਂਚ ਸ਼ੁਰੂ ਕਰਵਾ ਦਿੱਤੀ।[5] ਪਰ ਜਾਂਚ ਰੀਪੋਰਟ ਕਦੇ ਵੀ ਪਾਰਲੀਮੈਂਟ ਵਿਚ ਪੇਸ਼ ਨਹੀਂ ਕੀਤੀ ਗਈ। ਇਸ ਰਿਪੋਰਟ ਅਨੁਸਾਰ ਭਾਰਤ ਵਿਚ ਤਕਰੀਬਨ ਸਾਰੀਆਂ ਹੀ ਸਿਆਸੀ ਪਾਰਟੀਆਂ ਨੂੰ ਵਿਦੇਸ਼ਾਂ ਤੋਂ ਫੰਡ ਕਿਸੇ ਨਾ ਕਿਸੇ ਰੂਪ ਵਿਚ ਮਿਲਦੇ ਰਹੇ ਹਨ।[6] ਪਰ ਸਭ ਤੋਂ ਵਧ ਫੰਡ ਸੱਜੀਆਂ ਪਾਰਟੀਆਂ ਨੂੰ ਮਿਲੇ। 1967 ਦੀਆਂ ਚੋਣਾਂ ਵਿਚ ਸਭ ਤੋਂ ਵਧ ਪੈਸਾ ਜਨ ਸੰਘ ਅਤੇ ਸਵਤੰਤਰ ਪਾਰਟੀ ਨੂੰ ਮਿਲਿਆ ਅਤੇ ਨਾਲ ਹੀ ਕਾਂਗਰਸ ਪਾਰਟੀਆਂ ਦੇ ਕਈ ਮੈਂਬਰਾਂ ਨੂੰ ਮਿਲਿਆ। ਇਹ ਐਸਾ ਸਮਾਂ ਸੀ ਜਦ ਅਮਰੀਕਾ ਇੰਦਰਾ ਗਾਂਧੀ ਤੋਂ ਕਾਫ਼ੀ ਖ਼ੁਸ਼ ਸੀ ਕਿਉਂਕਿ ਉਨ੍ਹਾਂ ਦੀ ਸਲਾਹ 'ਤੇ ਹੀ ਰੁਪਏ ਦਾ ਵਿਦੇਸ਼ੀ ਮੁਲ ਘਟਾਇਆ ਗਿਆ ਸੀ।[7] 1967 ਤੋਂ ਬਾਅਦ ਜਦ ਨਕਸਲਵਾਦੀ ਲਹਿਰ ਚਲੀ ਤਾਂ ਸੀ. ਆਈ. ਏ. ਦੇ ਏਜੰਟ ਇਸ ਲਹਿਰ ਵਿਚ ਵੜ ਗਏ ਅਤੇ ਬਾਅਦ ਵਿਚ ਕਈ ਨਕਸਲਵਾਦੀ ਉਨ੍ਹਾਂ ਦੁਆਰਾ ਮਾਰੇ ਵੀ ਗਏ। 1971 ਦੇ ਇਰਦ ਗਿਰਦ ਬੰਗਲਾ ਦੇਸ਼ ਦੇ ਬਣਨ ਸਮੇਂ ਸੀ. ਆਈ. ਏ. ਇੰਦਰਾ ਤੋਂ ਬਹੁਤੀ ਖ਼ੁਸ਼ ਨਹੀਂ ਸੀ, ਪਰ ਇੰਦਰਾ ਨੂੰ ਕਾਂਗਰਸ ਪਾਰਟੀ ਵਾਸਤੇ ਵਿਦੇਸ਼ੀ ਫੰਡਾਂ ਨੂੰ ਵਰਤਣ ਵਿਚ ਕੋਈ ਇਤਰਾਜ਼ ਨਹੀਂ ਸੀ। ਇਸੇ ਕਰਕੇ ਸੀ. ਆਈ. ਏ. ਹੌਲੀ ਹੌਲੀ ਇੰਦਰਾ ਦੇ ਨੇੜੇ ਆ ਗਈ ਅਤੇ ਅੰਤ ਵਿਚ ਐਮਰਜੈਂਸੀ ਦੇ ਦੌਰਾਨ ਸੰਜੇ ਗਾਂਧੀ ਦੇ ਰਾਹੀਂ ਸਰਕਾਰ ਦੇ ਬਹੁਤ ਹੀ ਨਜ਼ਦੀਕ ਆ ਗਈ। ਇਸ ਏਜੰਸੀ ਨੇ ਇਹ ਵੀ ਕੋਸ਼ਿਸ਼ ਕੀਤੀ ਕਿ ਸੱਜੀਆਂ ਪਿਛਾਂਹ-ਖਿੱਚੂ ਤਾਕਤਾਂ (ਆਰ. ਐਸ. ਐਸ. ਸਮੇਤ) ਨੂੰ ਇਕੱਠਿਆਂ ਕਰ ਕੇ ਖੱਬੀਆਂ ਤਾਕਤਾਂ ਨੂੰ ਖ਼ਤਮ ਕਰ ਦਿਤਾ ਜਾਵੇ।[8]

ਸੀ. ਆਈ. ਏ. ਦੇ ਭਾਰਤ ਵਿਚ ਸਰਗਰਮ ਹੋਣ ਬਾਰੇ 1950 ਵਿਚ ਪਤਾ ਚਲਿਆ। ਸਿਟੇ ਵਜੋਂ ਕਸ਼ਮੀਰ ਵਿਚੋਂ ਇਕ ਅਮਰੀਕਨ ਦਰਸ਼ਕ ਕੱਢ ਦਿਤਾ ਗਿਆ ਅਤੇ ਉਸ 'ਤੇ ਦੋਸ਼ ਲਾਇਆ ਗਿਆ ਕਿ ਸਥਾਨਕ ਲੋਕਾਂ ਨਾਲ ਮਿਲ ਕੇ ਉਹ ਜਾਸੂਸੀ ਦਾ ਜਾਲ ਵਿਛਾ ਰਿਹਾ ਸੀ। ਇਸ ਘਿਣੌਨੇ ਅਤੇ ਸਨਸਨੀਖੇਜ਼ ਕੰਮ ਬਾਰੇ ਉਸ ਵਕਤ ਪਤਾ ਚਲਿਆ ਜਦੋਂ ਕਸ਼ਮੀਰ ਵਿਚ ਹਵਾਈ ਹਾਦਸਾ ਹੋਇਆ। ਇਹ ਉਹ ਜਹਾਜ਼ ਸੀ ਜਿਸ ਵਿਚ ਚੀਨ ਦੇ ਪਹਿਲੇ ਪ੍ਰਧਾਨ ਮੰਤਰੀ ਚਾਉ ਐਨ ਲਾਈ ਨੇ ਸਫ਼ਰ ਕਰਨਾ ਸੀ, ਪਰ ਉਸ ਨੇ ਇਕ ਦਮ ਆਪਣਾ ਪ੍ਰੋਗਰਾਮ ਬਦਲ ਲਿਆ ਸੀ। ਉਨ੍ਹਾਂ ਸਾਲਾਂ ਵਿਚ ਇਸ ਏਜੰਸੀ ਨੇ ਬਰਤਾਨਵੀ ਖੁਫੀਆ ਏਜੰਟਾਂ ਦੀ ਮਦਦ ਨਾਲ ਆਪਣਾ ਜਾਲ ਵਿਛਾਇਆ।

1965 ਵਿਚ ਸੀ. ਆਈ. ਏ. ਦਾ ਵੱਡਾ ਅਹੁਦੇਦਾਰ ਏ. ਡੂਲਜ਼ (Allen Dulles) ਭਾਰਤ ਆਇਆ ਅਤੇ ਭਾਰਤ ਦੇ ਉਚ ਅਫ਼ਸਰਾਂ ਜਿਨ੍ਹਾਂ ਵਿਚ ਕੇਂਦਰੀ ਹੋਮ ਸਕੱਤਰ ਅਤੇ ਆਈ. ਬੀ. ਦੇ ਡਾਇਰੈਕਟਰ ਵੀ ਸ਼ਾਮਲ ਸਨ, ਨਾਲ ਉਸ ਮੀਟਿੰਗਾਂ ਕੀਤੀਆਂ। ਭਾਰਤੀ ਖੁਫੀਆ ਏਜੰਸੀ ਨਾਲ ਰਲ ਕੇ ਕਮਾਊਂ ਅਤੇ ਨੇਫਾ ਦੇ ਇਲਾਕੇ ਦੇ ਖੇਮਪਾਂ (Khempe) ਅਤੇ ਬੁਟੀਆ (Butia) ਕਬੀਲਿਆਂ



ਵਾਸਤੇ ਸਿਖਲਾਈ ਕੈਂਪ ਖੋਲ੍ਹੇ। 1956-62 ਦੇ ਸਮੇਂ ਵਿਚ ਸੀ. ਆਈ. ਏ. ਦੀਆਂ ਸਰਗਰਮੀਆਂ ਭਾਰਤ ਵਿਚ ਕਾਫ਼ੀ ਵਧ ਗਈਆਂ। ਇਹ ਮੁਖ ਤੌਰ 'ਤੇ ਰੂਸ ਅਤੇ ਚੀਨ ਦੇ ਖ਼ਿਲਾਫ਼ ਬਾਹਰੀ ਤੌਰ 'ਤੇ ਅਤੇ ਅੰਦਰੂਨੀ ਤੌਰ 'ਤੇ ਖੱਬੇ ਪੱਖੀ ਤਾਕਤਾਂ ਦੇ ਖ਼ਿਲਾਫ਼ ਸਨ।[9] ਇਸ ਦੀ ਮਦਦ ਨਾਲ ਹਿਮਾਲਿਆ ਦੀ ਚੋਟੀ ਨੰਦਾ ਦੇਵੀ ਉਪਰ ਜਾਸੂਸੀ ਲਈ ਯੰਤਰ ਲਗਾਏ ਅਤੇ ਇਹ ਪ੍ਰਾਜੈਕਟ 1968 ਤਕ ਚਾਲੂ ਰਿਹਾ। 1963-65 ਦੌਰਾਨ ਹਫ਼ਤੇ ਵਿਚ 3-4 ਵਾਰੀ ਅਮਰੀਕਨ ਹਵਾਈ ਜਹਾਜ਼ ਬੰਗਕਾਕ ਤੋਂ ਉਡਾਨ ਲਗਾ ਕੇ ਭਾਰਤ ਵਿਚ ਦਾਖ਼ਲ ਹੋ ਕੇ ਅਤੇ ਭਾਰਤੀ ਨੰਬਰ ਲਗਾ ਕੇ, ਭਾਰਤ-ਚੀਨ ਸਰਹੱਦ ਦੇ ਨਾਲ ਨਾਲ ਹਿਮਾਲਿਆ ਪਹਾੜ ਤੋਂ ਚੀਨ ਦੀ ਜਾਸੂਸੀ ਕਰਦੇ ਰਹੇ।[10]

1962 ਤੋਂ ਬਾਅਦ ਜਦ ਸੀ. ਆਈ. ਏ. ਦੇ ਰੋਲ ਬਾਰੇ ਕੁਝ ਸ਼ੱਕ ਹੋਇਆ ਤਾਂ ਭਾਰਤ ਦੀ ਖੁਫੀਆ ਏਜੰਸੀ ਦੇ ਡਾਇਰੈਕਟਰ ਬੀ.ਐਨ. ਮਲਿਕ ਨੂੰ ਬਦਲਿਆ ਗਿਆ ਅਤੇ ਇਸ ਦਾ ਪੁਨਰ-ਗਠਨ ਕਰਨ ਵਾਸਤੇ ਨਵੇਂ ਅਫ਼ਸਰ ਲਾਏ ਗਏ ਤਾਂ ਉਨ੍ਹਾਂ ਨੂੰ ਵੀ ਸੀ.ਆਈ.ਏ. ਦੇ ਸਿਖਲਾਈ ਕੇਂਦਰਾਂ ਵਿਚ ਹੀ ਭੇਜਿਆ ਗਿਆ। ਇਸ ਤਰ੍ਹਾਂ ਭਾਰਤੀ ਖੁਫੀਆ ਸੇਵਾਵਾਂ ਦਾ ਸੀ. ਆਈ. ਏ. ਨਾਲ ਤਾਲ ਮੇਲ ਵਧਦਾ ਰਿਹਾ।[11]

ਇਸ ਤਰ੍ਹਾਂ ਅਗਰ ਦੇਖਿਆ ਜਾਵੇ ਤਾਂ ਭਾਰਤ ਦੀ ਆਰਥਕਤਾ, ਵਿਦਿਅਕ ਅਦਾਰੇ ਅਤੇ ਵਿਚਾਰਧਾਰਾ ਦੇ ਖੇਤਰ ਅਤੇ ਸਿਆਸਤ ਵਿਚ ਪੱਛਮੀ ਦੇਸ਼ਾਂ ਦੇ ਸਰਮਾਏ ਦਾ ਅਹਿਮ ਰੋਲ ਹੈ। ਇਹ ਸਰਮਾਇਆ ਭਾਰਤ ਦੇ ਅਹਿਮ ਖੇਤਰਾਂ ਵਿਚ ਕੰਟਰੋਲ ਰਖ ਰਿਹਾ ਹੈ ਅਤੇ ਭਾਰਤ ਦੀ ਆਰਥਕਤਾ, ਸਿਆਸਤ ਅਤੇ ਵਿਚਾਰਧਾਰਾ ਵਿਚ ਅਹਿਮ ਪ੍ਰਭਾਵ ਰਖਦਾ ਹੈ। ਪੂਰਬੀ ਯੂਰਪ (ਰੂਸ ਸਮੇਤ) ਦਾ ਰੋਲ ਭਾਰਤ ਦੀ ਆਰਥਕਤਾ ਵਿਚ (ਪੱਛਮੀ ਦੇਸ਼ਾਂ ਦੇ ਮੁਕਾਬਲੇ)ਕਾਫ਼ੀ ਘਟ ਹੈ ਜਦ ਕਿ ਵਿਚਾਰਧਾਰਾ ਅਤੇ ਵਿਦਿਆ ਦੇ ਖੇਤਰ ਵਿਚ ਤਾਂ ਪੱਛਮੀ ਦੇਸ਼ਾਂ ਦੇ ਪ੍ਰਭਾਵ ਦੀ ਇਕ ਤਰ੍ਹਾਂ ਨਾਲ ਅਜਾਰੇਦਾਰੀ ਹੀ ਹੈ। ਸਿਆਸਤ ਦੇ ਖੇਤਰ ਵਿਚ ਰੂਕ ਦਾ ਮਾਸਕੋ-ਪੱਖੀ ਖਬੀਆਂ ਪਾਰਟੀਆਂ ਰਾਹੀਂ ਕੁਝ ਰੋਲ ਹੈ, ਪਰ ਪੱਛਮੀ ਪ੍ਰਭਾਵ ਦੇ ਮੁਕਾਬਲੇ ਵਿਚ ਨਾਂ-ਮਾਤਰ ਹੀ।

---

1. Binoy K. Roy, U. S. Infiltration in Indian Education. Perspective Publications Pvt. Ltd., New Delhi, 1973. p. 55. 2. R. K. Sharma, Foreign Aid to India — An Economic Study, Marwah Publications, New Delhi, 1977, pp. 83-87. 3. Foreign Collaboration in Research, Economic and Political Weekly, June 12, 1976. 4. Binoy K. Roy, op. cit., p. 42-43. 5. Kewal Verma, CIA's Indian Agents. Sunday, May 13, 1979. 6. Kuldip Nayar, Funding the Elections, Indian Express, April 18, 1978. 7. Ibid. 8. Chand Joshi, The CIA's Indian History, Sunday, May 13, 1979. 9. Ibid. 10. Kuldip Nayar, India Allowed U. S. Planes to Spy On China, Indian Express, May 20, 1979. 11. Chand Joshi. op. cit.

---

ਨੋਟ : ਡਾਇਰੈਕਟਰ, ਸਿਖਿਆ ਵਿਭਾਗ, ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 21.7.3 ਅਨੁਸਾਰ ਸੇਧ ਕਾਲਜਾਂ ਦੀਆਂ ਲਾਇਬ੍ਰੇਰੀਆਂ ਲਈ ਮੰਨਜ਼ੂਰ ਹੈ।

ਹੋਵੇਗਾ ਸਹਿਜ ਪ੍ਰੀਤ ਦਾ
ਦਰਜਾ ਵੀ ਕੁਝ ਜ਼ਰੂਰ,
ਅੰਬਾਂ ਦੀ ਭੁਖ ਅੰਬਾਕੜੀ
ਲਾਹਵੇ ਨਾ ਹਾਣੀਆਂ।
(ਮੋਹਨ ਸਿੰਘ : ਜੰਦਰੇ; ਗ਼ਜ਼ਲ)

ਹਿੰਮਤ ਸਿੰਘ ਸੋਢੀ

# ਸਹਿਜ-ਪ੍ਰੀਤ ਦੇ ਰੰਗ

'ਸਹਿਜ' ਸ਼ਬਦ ਦਾ ਮਹਤਵ ਸਿੱਧਾਂ ਨਾਥਾਂ ਤੇ ਸੰਤਾਂ ਦੇ ਸਮੇਂ ਤੋਂ ਚਲਿਆ ਆ ਰਿਹਾ ਹੈ। ਕਈ ਤਾਂ ਇਸ ਨੂੰ ਬੁਧ ਧਰਮ ਨਾਲ ਵੀ ਜੋੜ ਦੇਂਦੇ ਹਨ। ਕਈ ਤਾਂਤ੍ਰਿਕ ਮਾਹਿਰਾਂ ਨੇ 'ਸਹਿਜ' ਸ਼ਬਦ ਨੂੰ ਸਵੀਕਾਰ ਕਰ ਕੇ ਉਸ ਨੂੰ ਨਵੇਂ ਗੁਪਤ (ਰਹੱਸਮਈ) ਅਰਥ ਦੇ ਦਿਤੇ ਸਨ। ਨਾਥ-ਪੰਥ ਸਾਹਿਤ ਵਿਚ 'ਸਹਿਜ' ਨੂੰ ਪਰਮ ਤੱਤ ਦੇ ਰੂਪ ਵਿਚ ਗ੍ਰਹਿਣ ਕੀਤਾ ਗਿਆ ਹੈ ਅਤੇ ਦੁਬਿਧਾ ਮਿਟਾ ਕੇ ਸਹਿਜ-ਸੁਭਾ ਵਿਚ ਰਹਿਣ ਦਾ ਉਪਦੇਸ਼ ਹੈ। ਗੋਰਖ ਨਾਥ ਸਹਿਜ-ਤੱਤ ਦੇ ਵਪਾਰੀ ਦਸੇ ਗਏ ਹਨ ਜਿਨ੍ਹਾਂ ਨੇ 'ਸਹਿਜ' ਨੂੰ 'ਪਰਮ-ਪਦ ਨਿਰਵਾਨ' ਦਸਿਆ ਹੈ, ਅਤੇ 'ਠਯਕਿ ਨਾ ਚਲਬਾ, ਹਬਿਕ ਨਾ ਬੋਲਿਬਾ, ਧੀਰੇ ਧਰਿਬਾ ਪਾਂਵ, ਗਰਬ ਨਾ ਕਰਿਬਾ, ਸਹਜੇ ਰਹਿਬਾ...' ਨੂੰ ਸਾਧਕ ਦਾ ਆਦਰਸ਼ ਆਚਰਣ ਮੰਨਿਆ ਹੈ।[1]

ਗੁਰਬਾਣੀ ਵਿਚ 'ਸਹਿਜ' ਦਾ ਅਰਥ 'ਨਿਰਵਾਣ ਪਦ' ਵੀ ਹੈ ਅਤੇ 'ਸੁਭਾਵਕ ਅਧਿਆਤਮਕ ਢੰਗ' ਵੀ। ਗੁਰੂ ਨਾਨਕ ਦੇਵ ਦੇ ਕਥਨ ਅਨੁਸਾਰ ਸਹਿਜ ਅਵਸਥਾ, ਮੋਖ ਪਦ, ਜੀਵਨ ਮੁਕਤ, ਨਿਰਵਾਣ ਪਦ, ਤੱਤ ਗਿਆਨ ਇਕ ਹੀ ਰੂਪ ਹਨ। ਪਰ ਅਸੀਂ ਇਥੇ ਸਾਹਿਤ ਵਿਚ 'ਸਹਿਜ' ਜਾਂ ਸਹਿਜ-ਪ੍ਰੇਮ ਦੀ ਗੱਲ ਕਰਨੀ ਹੈ। ਯਾਰ੍ਹਵੀਂ ਸਦੀ ਵਿਚ ਹੋਏ ਭਗਤ ਜੈ ਦੇਵ ਨੇ ਆਪਣੇ 'ਗੀਤ ਗੋਵਿੰਦ' ਵਿਚ ਕ੍ਰਿਸ਼ਨ ਦੇ ਰਾਧਾ ਤੇ ਗੋਪੀਆਂ ਨਾਲ ਪ੍ਰੇਮ ਦੀ ਗੱਲ ਦੱਸੀ ਹੈ। ਇਹ ਪ੍ਰੇਮ ਰਤੀ-ਕ੍ਰੀੜਾ ਅਤੇ ਕਾਮ ਵਾਸ਼ਨਾ ਵਾਲਾ ਹੈ। ਇਸ ਦੇ ਬਾਅਦ ਹੋਏ ਕਈ ਸੰਤਾਂ ਤੇ ਭਗਤਾਂ ਨੇ 'ਅਕਾਲ ਪੁਰਖ' ਨੂੰ ਪੁਰਸ਼ ਤੇ ਸਾਧਕਾਂ ਨੂੰ ਨਾਰੀ ਜਾਂ ਮਹਿਲਾ, ਪਰਮਾਤਮਾ ਨੂੰ ਪਤੀ-ਪਰਮੇਸ਼ਰ ਅਤੇ ਬੰਦੇ ਨੂੰ ਜੀਵ-ਇਸਤਰੀ ਦੇ ਕਈ ਨਾਂਵਾਂ ਨਾਲ ਯਾਦ ਕੀਤਾ—ਜਿਵੇਂ 'ਏਕਾ ਪੁਰਖ ਸਬਾਈ ਨਾਰ।' ਪਰਮ-ਤੱਤ ਨਾਲੋਂ ਵਿਛੜੀ ਹੋਈ ਆਤਮਾ ਸੰਸਾਰ ਵਿਚ ਆ ਕੇ ਵਿਜੋਗੀ ਹੋਈ ਹੁੰਦੀ ਹੈ। ਉਚ ਸਹਿਜ ਅਵਸਥਾ ਵਿਚ ਵਿਚਰਨ ਕਰਦੀ ਹੋਈ ਮੁੜ ਪਰਮ-ਤੱਤ ਨੂੰ ਪ੍ਰਾਪਤ ਕਰ ਸਕਦੀ ਹੈ। ਸਿੱਖ ਗੁਰੂਆਂ ਨੇ ਵੀ ਆਪਣੇ ਆਪ ਨੂੰ ਸੱਚੇ ਮਾਲਕ ਦੀ ਮਹਿਲਾ (ਇਸਤਰੀ) ਮੰਨਿਆ ਹੈ :

ਨਾਨਕ ਕਹੈ ਸਹੇਲੀਹੋ ਸਹੁ ਖਰਾ ਪਿਆਰਾ।
ਹਮ ਸਹ ਕੇਰੀਆਂ ਦਾਸੀਆ ਸਾਚਾ ਖਸਮ ਹਮਾਰਾ। (729)

ਗੁਰੂ ਅੰਗਦ ਦੇਵ ਦਾ ਕਥਨ 'ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ, ਨਾਨਕ ਆਸਕੁ ਕਾਢੀਐ



ਸਦ ਹੀ ਰਹੈ ਸਮਾਇ'' (475) ਸਹਿਜ ਪ੍ਰੀਤ ਦਾ ਆਦਰਸ਼ ਅਧਿਆਤਮਕ ਮਾਰਗ ਹੈ। ਪਰ ਲੌਕਿਕ ਸਾਹਿਤ ਵਿਚ ਵੀ ਸਾਨੂੰ ਸਹਿਜ-ਪ੍ਰੀਤ ਦੇ ਕਈ ਨਮੂਨੇ ਮਿਲ ਜਾਂਦੇ ਹਨ। ਭਾਈ ਗੁਰਦਾਸ ਜਦ ਇਹ ਕਹਿੰਦਾ ਹੈ : ''ਲੇਲੈ ਮਜਨੂ ਆਸਕੀ ਚਹੁ ਚਕੀ ਜਾਤੀ/ਮੇਹੀਵਾਲ ਨੇ ਸੋਹਣੀ ਨੈ ਤਰਦੀ ਰਾਤੀ/ਰਾਂਝਾ ਹੀਰ ਵਖਾਣੀਐ ਉਹ ਪਿਰਮ ਪਰਾਤੀ/ਪੀਰ ਮਰੀਦਾ ਪਿਰਹੜੀ ਗਾਵਨਿ ਪਰਭਾਤੀ'' (27.1) ਜਾਂ ਸ਼ਾਹ ਹੁਸੈਨ ਕਹਿੰਦਾ ਹੈ ''ਰਾਂਝਣ ਯਾਰ ਤਬੀਬ ਸੁਣੀਦਾ ਮੈਂ ਤਨ ਦਰਦ ਅਵੱਲੇ'' ਤਾਂ ਪਰਤੱਖ ਹੈ ਕਿ ਇਹਨਾਂ ਦੀ ਪ੍ਰੀਤ ਨੂੰ ਸਮਾਜਕ-ਅਧਿਆਤਮਕ ਪਰਵਾਨਗੀ ਮਿਲ ਚੁਕੀ ਸੀ। ਗੁਰਬਖਸ਼ ਸਿੰਘ ਜਦ ਇਹ ਕਹਿੰਦਾ ਹੈ ਕਿ ''ਅਨੇਕਾਂ ਔਖੇ ਸੰਜੋਗ 'ਹੀਰ-ਰਾਂਝਾ' 'ਲੈਲਾ ਮਜਨੂੰ' 'ਸੋਹਣੀ ਮਹੀਂਵਾਲ' 'ਸ਼ੀਰੀਂ-ਫਰਹਾਦ' ਆਦਿ ਵਰਗੀਆਂ ਪ੍ਰੇਮ-ਕਹਾਣੀਆਂ ਵਿਚ ਅਮਰ ਕੀਤੇ ਗਏ ਹਨ। ਧਾਰਮਕ ਗਰੰਥਾਂ ਵਿਚ ਵੀ ਇਹਨਾਂ ਦਾ ਜ਼ਿਕਰ ਪ੍ਰਸੰਸਾ ਨਾਲ ਕੀਤਾ ਗਿਆ ਹੈ। ਪਰ ਅਸਲ ਵਿਚ ਇਹ ਸੰਜੋਗ ਕੀ ਸਨ? ਇਸਤਰੀ-ਪ੍ਰਕ੍ਰਿਤੀ ਦੀ ਮਰਦ-ਪ੍ਰਕ੍ਰਿਤੀ ਲਈ ਕੁਦਰਤੀ ਤੜਪ ਤੇ ਔਖਿਆਈਆਂ ਝਾਗ ਕੇ ਆਪਣੇ ਪ੍ਰੀਤਮ ਦੀ ਪ੍ਰਾਪਤੀ। ਇਹਨਾਂ ਕਹਾਣੀਆਂ ਵਿਚ ਜਿੱਤ ਏਨੀ ਮਨੁਖ-ਆਤਮਾ ਦੀ ਨਹੀਂ, ਜਿੰਨੀ ਮਨੁਖੀ-ਪ੍ਰਕ੍ਰਿਤੀ ਦੀ ਹੈ! ਪਰ 'ਅਣਵਿਆਹੀ ਮਾਂ' ਦੀ ਨਾਇਕਾ ਪ੍ਰਕ੍ਰਿਤੀ ਨਹੀਂ, ਮਨੁਖ ਆਤਮਾ ਹੈ। ਪ੍ਰਕਿਤੀ ਉਤੇ ਮਨੁਖ-ਆਤਮਾ ਦੀ ਜਿੱਤ ਇਸ ਕਹਾਣੀ ਦੀ ਚੂਲ ਹੈ।''[2] ਏਥੇ ਗੁਰਬਖਸ਼ ਸਿੰਘ '**ਅਣਵਿਆਹੀ ਮਾਂ**' ਨੂੰ ਸਹਿਜ-ਪ੍ਰੀਤ ਦੇ ਆਦਰਸ਼ ਰੂਪ ਵਿਚ ਪੇਸ਼ ਕਰਨ ਦੀ ਗੱਲ ਕਰਦਾ ਹੈ। ਉਹ ਆਪਣੇ ਇਸ ਕਥਨ ਵਿਚ ਕਿਤਨਾ ਸਹੀ ਸੀ, ਇਸ ਦੀ ਚਰਚਾ ਅਸੀਂ ਵਿਸਥਾਰ ਵਿਚ ਪਹਿਲਾਂ ਹੀ ਕਰ ਚੁਕੇ ਹਾਂ।[3]

ਏਸੇ ਪ੍ਰਸੰਗ ਵਿਚ ਜਦ ਉਹ ਦੋ ਪੰਨੇ ਬਾਅਦ ਪ੍ਰਭਾ ਬਾਰੇ ਇਹ ਕਹਿੰਦਾ ਹੈ ਕਿ ''ਇਸ ਲਈ ਨਹੀਂ ਕਿ ਸੋਹਣੀ ਜਾਂ ਹੀਰ, ਲੈਲਾ ਜਾਂ ਸ਼ੀਰੀਂ ਵਾਂਗ ਉਹ ਚਿਤਰੰਜਨ ਬਿਨਾਂ ਰਹਿ ਨਹੀਂ ਸੀ ਸਕਦੀ ਤੇ ਮਾਪਿਆ ਦੇ ਸਹੇੜ ਕੇ ਦਿਤੇ ਪਤੀ ਕੋਲੋਂ ਛੁਟਕਾਰਾ ਲੈ ਕੇ ਆਪਣੀ ਪ੍ਰਕ੍ਰਿਤੀ ਦੀ ਲਾਲਸਾ ਪੂਰੀ ਕਰਨਾ ਚਾਹੁੰਦੀ ਸੀ''[4] ਤਾਂ ਪਰਤੀਤ ਹੁੰਦਾ ਹੈ ਕਿ ਜਾਂ ਤਾਂ ਗੁਰਬਖਸ਼ ਸਿੰਘ ਨੂੰ 'ਸਹਿਜ-ਪ੍ਰੀਤ' ਦੀ ਪੂਰੀ ਸਮਝ ਨਹੀਂ ਸੀ ਅਤੇ ਉਹ ਇਸ ਬਾਰੇ ਸੁਣੀ-ਸੁਣਾਈ ਜਿਹੀ ਵਾਕਫੀ ਰਖਦਾ ਸੀ, ਜਾਂ 'ਸਹਿਜ-ਪ੍ਰੀਤ' ਦਾ ਉਸ ਦਾ ਕੋਈ ਆਪਣਾ ਹੀ ਮਾਪ-ਦੰਡ ਸੀ। ਇਹ ਵੀ ਸ਼ਕ ਪੈਂਦਾ ਹੈ ਕਿ ਉਸ ਨੇ ਹੀਰ, ਸੋਹਣੀ, ਲੈਲਾ, ਸ਼ੀਰੀਂ ਆਦਿ ਦੇ ਕਿੱਸੇ ਵੀ ਚੰਗੀ ਤਰ੍ਹਾਂ ਪੜ੍ਹੇ-ਘੋਖੇ ਨਹੀਂ ਸਨ, ਨਹੀਂ ਤਾਂ ਉਹ ਉਪਰੋਕਤ ਹਵਾਲੇ ਵਿਚ ਆਪਣੇ ਕਥਨ ਦੀ ਪੁਸ਼ਟੀ ਲਈ ਲੈਲਾ—ਸ਼ੀਰੀਂ ਦਾ ਨਾਮ ਨਾ ਲੈਂਦਾ ਸਗੋਂ 'ਹੀਰ, ਸੋਹਣੀ, ਸਾਹਿਬਾਂ' ਦੇ ਨਾਮ ਲਿਖਦਾ, ਕਿਉਂਕਿ ਹੀਰ, ਸੋਹਣੀ ਤੇ ਸਾਹਿਬਾਂ ਦੇ 'ਮਾਪਿਆਂ ਸਹੇੜੇ ਪਤੀ ਕੋਲੋਂ ਛੁਟਕਾਰੇ'' ਦੀ ਗੱਲ ਤਾਂ ਕਹੀ ਵੀ ਜਾ ਸਕਦੀ ਸੀ, ਪਰ ਲੈਲਾ ਤੇ ਸ਼ੀਰੀਂ ਦੇ ਤਾਂ ਹੋਰ ਕਿਤੇ ਵਿਆਹ ਦੀ ਗੱਲ ਕਿਤੇ ਨਹੀਂ ਮਿਲਦੀ। ਉਹਨਾਂ ਕਿਹੜੇ ਪਤੀ ਤੋਂ ਛੁਟਕਾਰਾ ਲੈਣਾ ਸੀ? ਭਾਈ ਵੀਰ ਸਿੰਘ ਜਦ ਕਹਿੰਦਾ ਹੈ : ''ਤੜਪ ਗੋਪੀਆਂ ਕ੍ਰਿਸ਼ਨ ਮਗਰ ਜੋ ਲੋਕੀਂ ਪਏ ਸੁਣਾਵਣ......ਰਾਂਝੇ ਮਗਰ ਹੀਰ ਦੀ ਘਾਬਰ, ਮਜਨੂੰ ਦਾ ਸੁਕ ਜਾਣਾ/ਇਹ ਨਹੀਂ 'ਮੋਹ ਨਜ਼ਾਰੇ' ਦਿਸਦੇ ਇਹ ਕੋਈ ਰਮਜ਼ ਛਿਪਾਵਨ'' ਤਾਂ ਉਹ ਸਹਿਜ-ਪ੍ਰੇਮ ਦੀ ਗੱਲ ਕਰ ਰਿਹਾ ਹੁੰਦਾ ਹੈ। ਗੁਰਬਖਸ਼ ਸਿੰਘ ਦਾ 'ਸਹਿਜ-ਪ੍ਰੇਮ' ਕੀ ਹੈ, ਇਸ ਨੂੰ ਜਾਣਨ ਲਈ ਅਸੀਂ ਉਸਦੇ ਜੀਵਨ ਤੇ ਰਚਨਾ ਦੇ ਪਿਛੋਕੜ ਨੂੰ ਮੁਖ ਰੱਖਣ ਦਾ ਜਤਨ ਕਰਾਂਗੇ।

**2.** ''ਇਕ ਅੰਗਰੇਜ਼ ਥੀਏਟਰ ਕੰਪਨੀ ਕਲਕਤੇ ਵਿਚ 'ਏਸ਼ੀਆ ਦਾ ਚਾਨਣ' ਨਾਟਕ ਖੇਡ ਰਹੀ ਸੀ; ਸਾੜ੍ਹੀਆਂ ਵਿਚ ਮੇਮਾਂ, ਨੰਗੇ ਪੈਰੀਂ ਮਹਿੰਦੀ ਲਗੀ ਹੋਈ, ਅਪਛਰਾਂ ਦਸੀਆਂ ਜਾਂਦੀਆਂ ਸਨ...

ਅਸਾਂ ਵੀ ਟਿਕਟਾਂ ਲੈ ਲਈਆਂ......ਉਸ ਰਾਤ ਦੇ ਸਾਰੇ ਆਪਣੇ ਜਜ਼ਬੇ, ਸਹਿਮ ਤੇ ਤਸੱਲੀਆਂ ਮੈਂ ਅੱਜ ਵੀ ਦੁਹਰਾ ਸਕਦਾ ਹਾਂ । ਇਹ ਵੀ ਮੈਨੂੰ ਯਾਦ ਹੈ ਕਿ ਇਹ ਖੇਡ ਮੇਰੀ ਪਤਨੀ ਨੂੰ ਉਕੀ ਚੰਗੀ ਨਹੀਂ ਸੀ ਲਗੀ, ਤੇ ਮੈਨੂੰ ਏਸ ਗੱਲ ਦੀ ਉਦਾਸੀ ਹੋਈ ਸੀ । ਮੈਂ ਝਾਤੀ ਝਾਤੀ ਉਤੇ ਝੂਮ ਰਿਹਾ ਸਾਂ, ਪਰ ਉਹ ਮੇਰੇ ਤਰਜਮੇ ਨੂੰ ਠੰਢੀ ਤਰ੍ਹਾਂ ਸੁਣਦੀ ਸੀ । ਸਿਰਫ ਉਸ ਝਾਤੀ ਨੂੰ ਚੰਗੀ ਤਰ੍ਹਾਂ ਵੇਖਣ ਲਈ ਉਹ ਅਗਾਂਹ ਉਲਰੀ ਸੀ ਜਿਸ ਵਿਚ ਸਿਧਾਰਥ ਆਪਣੀ ਸੁਤੀ ਹੋਈ ਪਤਨੀ ਦੇ ਪੈਰਾਂ ਨੂੰ ਚੁੰਮਣ ਦੇ ਕੇ ਓੜਕ ਉਹਨੂੰ ਛਡ ਜਾਂਦਾ ਹੈ ।......ਨਾਟਕ ਮੁਕਣ ਉਤੇ ਚਵ੍ਹਾਂ ਪਾਸਿਆਂ ਤੋਂ ਤਾੜੀਆਂ ਵੱਜੀਆਂ, ਮੈਂ ਵੀ ਬੜੇ ਜੋਸ਼ ਵਿਚ ਹਥ ਮਾਰ ਰਿਹਾ ਸਾਂ, ਪਰ ਮੇਰੀ ਪਤਨੀ ਅਹਿੱਲ ਮੇਰੇ ਪਾਸੇ ਨਾਲ ਬੈਠੀ ਰਹੀ......ਉਹ ਸਿਧਾਰਥ ਦੀ ਪਿਆਰ ਨਾਲ ਬੇਵਫ਼ਾਈ ਦੀਆਂ, ਤੇ ਮੈਂ ਬੁਧ ਦੇ ਸੱਚ ਭਾਲਣ ਦੇ ਇਸ਼ਕ ਦੀਆਂ ਗੱਲਾਂ ਕਰਦੇ ਅਸੀਂ ਘਰ ਪਹੁੰਚ ਗਏ । ਬਹੁਤੀਆਂ ਗੱਲਾਂ ਲਈ ਉਹਦਾ ਰੌਂ ਨਾ ਦੇਖ ਕੇ ਮੈਂ ਸੌਂ ਗਿਆ......ਉਹ ਬੜੀ ਗੂੜ੍ਹੀ ਨੀਂਦ ਵਿਚ ਸੀ ਜਦੋਂ ਸਾਡਾ ਬੂਹਾ ਖੜਕਿਆ । ਮੈਂ ਦੱਬੇ ਪੈਰੀਂ ਬੂਹਾ ਖੋਲ੍ਹ ਕੇ ਪੁਛਿਆ । ਗੁਆਂਢੀ-ਬੱਚਾ ਬਹੁਤ ਔਖਾ ਸੀ, ਉਹਨੂੰ ਮਦਦ ਚਾਹੀਦੀ ਸੀ ।......ਮੈਂ ਕਪੜੇ ਪਾ ਲਏ ਤੇ ਗਵਾਂਢੀਆਂ ਦੇ ਘਰ ਚਲਾ ਗਿਆ......ਡੇਢ ਘੰਟੇ ਬਾਅਦ ਕਿਸੇ ਆਖਿਆ, ਮੈਂ ਘਰ ਜਾਵਾਂ, ਬਹੂ ਇਕਲ੍ਹੀ ਹੋਵੇਗੀ । ਬੂਹੇ ਕੋਲ ਪਹੁੰਚਿਆ, ਜੰਦਰਾ ਖੋਲ੍ਹ ਕੇ ਜਦੋਂ ਭਿਤ ਧੱਕੇ ਤਾਂ ਅੰਦਰੋਂ ਬੰਦ ਸਨ, ਤੇ ਅੰਦਰ ਰੌਸ਼ਨੀ ਕਮਰਿਓ ਕਮਰੇ ਫਿਰ ਰਹੀ ਸੀ । ਉਹ ਦਿਨ ਰਾਜਸੀ ਡਾਕਿਆਂ ਦੇ ਸਨ । ਵਡੇ ਤੇ ਬਦਮਿਜ਼ਾਜ ਸਰਕਾਰੀ ਨੌਕਰਾਂ ਦੇ ਘਰੀਂ ਡਾਕੇ ਪੈਂਦੇ ਸਨ, ਪਰ ਮੈਂ ਨਾ ਕੋਈ ਵਡਾ ਨੌਕਰ ਤੇ ਨਾ ਬਦਮਿਜ਼ਾਜ ਸਾਂ । ਇਹ ਹਨੇਰ ਮੇਰੇ ਘਰ ਕਿਉਂ ? ਮੈਂ ਬੂਹਾ ਖੜਕਾਇਆ, ਰੌਸ਼ਨੀ ਬੂਹੇ ਅਗੇ ਆ ਗਈ ਤੇ ਰੁੰਨੀ ਆਵਾਜ਼ ਨੇ ਪੁਛਿਆ 'ਕੌਣ ?'......ਮੈਂ ਆਪਣਾ ਨਾਂ ਦੱਸਿਆ ਕਿ ਮੈਂ ਉਹਨੂੰ ਜਗਾਇਆ ਨਹੀਂ ਸੀ—ਮੈਂ ਆਪ ਹੀ ਗੁਆਂਢੀ ਦੇ ਘਰ ਚਲਾ ਗਿਆ ਸਾਂ । ਬੂਹਾ ਖੁਲ੍ਹਿਆ, ਉਸ ਜ਼ਮਾਨੇ ਵਿਚ ਸਿਆਲਕੋਟੋਂ ਕਲਕਤੇ ਇਕੱਲੀ ਦੋ ਹਜ਼ਾਰ ਮੀਲ ਦਾ ਸਫਰ ਕਰ ਸਕਣ ਵਾਲੀ ਦਲੇਰ ਕੁੜੀ ਦਾ ਮੂੰਹ ਅਥਰੂਆਂ ਨਾਲ ਭਿੱਜਾ ਪਿਆ ਸੀ ਤੇ ਉਹਦਾ ਸਰੀਰ ਮੋਹਲੇਧਾਰ ਮੀਂਹ ਹੇਠਾਂ ਭਿਜੇ ਪੰਛੀ ਵਾਂਗ ਸੁੰਗੜਿਆ ਹੋਇਆ ਸੀ । ਮੈਂ ਗਲ ਨਾਲ ਲਾ ਲਿਆ । ਤਾਂ ਵੀ ਉਹ ਰੋਈ ਗਈ, ਸਾਹ ਨਾਲ ਸਾਹ ਜਦੋਂ ਮਿਲਿਆ, ਮੈਂ ਉਹਨੂੰ ਚੁਕ ਕੇ ਮੰਜੇ ਉਤੇ ਲਿਆ ਲਿਟਾਇਆ, ਤੇ ਆਪਣੇ ਬੰਧੇਜ ਦੀ ਹੱਦ ਵਿਚ ਜੋ ਕੁਝ ਮੈਂ ਕਰ ਸਕਦਾ ਸਾਂ, ਉਹਦੇ ਨਾਲ ਕੀਤਾ । ਤੇ ਜਦੋਂ ਉਹਦੀਆਂ ਅਖਾਂ ਵਿਚੋਂ ਅਖੀਰਲਾ ਅਥਰੂ ਸੁਕ ਗਿਆ, ਤਾਂ ਉਹਦੇ ਬੁਲ੍ਹਾਂ ਉਤੇ ਨਿਮ੍ਹੀ ਜਹੀ ਮੁਸ-ਕਰਾਹਟ ਮੈਂ ਲੰਪ ਦੇ ਚਾਨਣੇ ਵਿਚ ਵੇਖੀ ।''[5]

ਇਹ ਸਤਰਾਂ ਗੁਰਬਖਸ਼ ਸਿੰਘ ਦੀ 'ਜੀਵਨ-ਕਹਾਣੀ' ਵਿਚੋਂ ਹਨ ਜਿਨ੍ਹਾਂ ਦੇ ਆਧਾਰ ਉਤੇ ਬਾਅਦ ਵਿਚ 'ਗੋਰੀ ਤੇ ਭਗਵਾਨ' ਨਾਮ ਦੀ ਕਹਾਣੀ ਨੇ ਜਨਮ ਲਿਆ । ਇਹ ਘਟਨਾ 1917 ਦੀ ਹੈ ਜਦ ਉਹ ਰੁੜਕੀ ਪਾਸ ਕਰਨ ਬਾਅਦ ਕਲਕਤੇ ਨੌਕਰੀ ਉਤੇ ਸੀ । ਬਚਪਨ ਤੋਂ ਹੀ ਲੇਖਕ ਉਤੇ ਆਪਣੇ ਪਿਤਾ ਦੀ ਸਵਾਮੀ ਰਾਮ ਤੀਰਥ ਪ੍ਰਤੀ ਸ਼ਰਧਾ-ਭਾਵਨਾਂ ਦਾ ਪ੍ਰਭਾਵ ਪਿਆ ਸੀ । ਰੁੜਕੀ ਦੀ ਪੜ੍ਹਾਈ ਦੇ ਦੌਰਾਨ ਹੀ ਲੇਖਕ ਅਨੁਸਾਰ ਉਹ ਵਿਵੇਕਾਨੰਦ, ਭੈਣ ਨਿਵੇਦਿਤਾ ਤੇ ਰਾਮ ਕ੍ਰਿਸ਼ਨ ਪਰਮਹੰਸ ਨੂੰ ਪੜ੍ਹ ਕੇ ਆਪਣਾ ਨਿੱਕਾ ਆਪਾ ਭੁਲ ਗਿਆ ਸੀ । ''ਪਰਮਹੰਸ ਰਾਮ ਕਿਸ਼ਨ ਆਪਣੀ ਪਤਨੀ ਨੂੰ 'ਮਾਂ' ਆਖ ਕੇ ਉਹਦੀ ਪੂਜਾ ਕਰਦੇ ਸਨ । ਉਹਨਾਂ ਦੇ ਭਗਵਾਨ ਦਾ ਰੂਪ ਵੀ 'ਮਾਂ' ਸੀ । ਮੇਰੇ ਸੁਪਨਿਆਂ ਨੇ ਵੀ ਮਾਂ ਦਾ ਰੂਪ ਧਾਰ ਲਿਆ । ਇਕ ਦੋ ਹਫ਼ਤੇ ਬਾਅਦ ਮੈਂ ਵੀ ਆਪਣੀ ਪਤਨੀ ਨੂੰ 'ਮਾਂ' ਆਖਣਾ ਸ਼ੁਰੂ ਕਰ ਦਿਤਾ ।''[6] ਅਤੇ ਇਸ ਤਰ੍ਹਾਂ 1914 ਤੋਂ 1920 ਤੱਕ ਆਪਣੀ ਪਤਨੀ ਨਾਲੋਂ ਸਰੀਰਕ ਰਿਸ਼ਤਾ ਤੋੜ ਕੇ ਆਪਣੇ ਕਲਪੇ ਰੱਬ ਨਾਲ ਰਿਸ਼ਤਾ ਜੋੜੀ ਰਖਿਆ ।



ਇਸ ਤਰ੍ਹਾਂ ਗੁਰਬਖਸ਼ ਸਿੰਘ ਦੀ **ਸਹਿਜ ਪ੍ਰੀਤ** ਦਾ ਆਧਾਰ ਸਾਨੂੰ ਉਸਦੇ ਸ਼ੁਰੂ ਜਵਾਨੀ ਦੇ ਸਾਲਾਂ ਵਿਚ ਮਿਲ ਜਾਂਦਾ ਹੈ । ਬਚਪਨ ਵਿਚ ਹੀ ਉਸਨੂੰ ਮਾਂ, ਦਾਦੀ, ਵਡੀ ਭੈਣ, ਭੈਣ ਬਾਲੋ, ਭੂਆ ਬਰਕਤੇ ਤੇ 'ਮਨੁਖਤਾ ਦੇ ਦੁਧ ਨਾਲ ਭਰੀ ਹਿੱਕ' ਵਾਲੀ ਦੇਵੀ-ਮਾਂ ਅਤੇ ਉਸ ਸਰਦਾਰਨੀ ਦਾ ਵਾਤਸੱਲ-ਪ੍ਰੇਮ ਮਿਲਿਆ ਸੀ ਜਿਸ ਨੂੰ ਉਹ ਗੁਰਮੁਖੀ ਪੜ੍ਹਾਉਣ ਜਾਂਦਾ ਸੀ । ਇਹਨਾਂ ਨੇਕ ਰੂਹਾਂ ਦੇ ਜੀਵਨ ਦੇ ਦੁਖਾਂ-ਸੁਖਾਂ ਦਾ ਉਹ ਬਚਪਨ ਵਿਚ ਹੀ ਭਾਈਵਾਲ ਰਿਹਾ ਸੀ ਤੇ ਉਹਨਾਂ ਨਾਲ ਵਾਪਰਦੇ ਦੁਖਾਂਤ ਦਾ ਸੇਕ ਵੀ ਉਸ ਦੇ ਆਪਣੇ ਹੱਡਾਂ ਨੂੰ ਲਗਾ ਸੀ । ਤਿੰਨਾਂ ਭਰਾਵਾਂ ਦੀਆਂ ਅੱਖਾਂ ਦੇ ਨੂਰ, ਉਸ ਦੇ ਪਿਤਾ ਦੀ ਮੌਤ, ਭਰ-ਜਵਾਨੀ ਵਿਚ ਦੇਖਦਿਆਂ-ਦੇਖਦਿਆਂ ਹੋ ਗਈ ਸੀ, ਜਦ 'ਗੁਰਾਂ ਦੀ ਬਖਸ਼' ਅੱਠਾਂ ਸਾਲਾਂ ਦਾ ਤੇ ਇਸ ਸਨਾਤਨੀ-ਸਭਯ ਘਰਾਣੇ ਦੀ ਇਕੋ ਇਕ ਆਸ-ਮੁਰਾਦ ਸੀ । ਸ਼ੁਰੂ ਨੌਜਵਾਨੀ ਵਿਚ ਮਖਣੀ ਦਾ ਪ੍ਰੇਮ, 'ਅਛੂਤ ਸਹੇਲੀ' ਦਾ ਦਰਦ ਅਤੇ ਜੀਤਾਂ ਜਹੀ ਪਤੀ-ਬਰਤਾ ਦਾ ਸੰਗ ਉਸ ਨੇ ਵਿਹਾਜਿਆ । ਮਖਣੀ ਦੇ ਦੁਖਾਂਤ ਤੱਕ, ਅਰਥਾਤ ਆਪਣੇ ਜੀਵਨ ਦੇ ਪਹਿਲੇ ਤੀਹ-ਬੱਤੀ ਸਾਲਾਂ ਦਾ ਵਚਿਤਰ-ਵਿਸ਼ਾਲ ਤੇ ਰੰਗਾਂ-ਰੰਗ ਅਨੁਭਵ ਮਾਤਰ ਹੀ ਜੇ ਉਹ ਆਪਣੀ ਜਾਦੂ-ਬਿਆਨੀਆ ਕਲਮ ਦੇ ਹਵਾਲੇ ਕਰ ਕੇ ਚੁਪ ਹੋ ਜਾਂਦਾ, ਤਾਂ ਵੀ ਉਸ ਦੀ ਇਹ ਜੀਵਨ-ਕਹਾਣੀ ਇਕ ਵਧੀਆ ਸਾਹਿਤ-ਕਿਰਤ ਬਣਨ ਦੀ ਸਮਰਥਾ ਰਖਦੀ ਸੀ ।

ਗੁਰਬਖਸ਼ ਸਿੰਘ ਅਜਿਹੀ ਭਾਵਕ ਬਿਰਤੀ ਵਾਲਾ ਪੁਰਸ਼ ਸੀ ਕਿ ਬਾਹਰ ਦੀਆਂ ਘਟਨਾਵਾਂ ਤੇ ਗੱਲਾਂ ਉਸਦੇ ਜੀਵਨ ਨੂੰ ਮੋੜ ਦੇਂਦੀਆਂ ਰਹੀਆਂ ਹਨ । ਰੁੜਕੀ ਵਿਖੇ, ਹਰਦਵਾਰ ਦੀ ਨੇੜਤਾ ਅਤੇ ਵਵੇਕਾਨੰਦ—ਪਰਮਹੰਸ—ਰਾਮ ਤੀਰਥ ਦੇ ਪ੍ਰਭਾਵ ਨਾਲ ਉਹ ਇਕ ਵਿਸੇਸ਼ ਜਹੀ 'ਸਹਿਜ-ਪ੍ਰੀਤ' ਦਾ ਮੁਦੱਈ ਬਣ ਗਿਆ ਅਤੇ ਪੰਝੀ ਸਾਲਾਂ ਦੀ ਉਮਰ ਤੱਕ ਉਸ ਉਤੇ ਇਹ ਅਸਰ ਰਿਹਾ । 'ਓਦੋਂ ਮੈਂ ਰੱਬ ਦੀ ਇਕ ਅੱਤ ਸੁੰਦਰ ਤੇ ਮੇਹਰਬਾਨ ਇਸਤਰੀ ਦੇ ਰੂਪ ਵਿਚ ਕਲਪਨਾ ਕਰਦਾ ਹੁੰਦਾ ਸਾਂ ।' ਫੇਰ ਬਸਰੇ ਤਿੰਨ ਕਿਤਾਬਾਂ ਦੇ ਅਸਰ ਨੇ ਪਿਛਲਾ ਰੰਗ ਧੋ ਦਿਤਾ ਅਤੇ 'ਆਜ਼ਾਦੀਆਂ ਦੇ ਸਵਰਗ' ਅਮ੍ਰੀਕਾ ਜਾਣ ਦੀ ਲਾਲਸਾ ਜਗਾ ਦਿਤੀ, ਜਿਸ ਕਾਰਨ ਅਗਲੇ ਪੰਝੀ ਸਾਲਾਂ (1920-45) ਤੱਕ ਉਹ ਵਧੇਰੇ ਪਛਮੀ ਸਾਹਿਤ, ਪਛਮੀ ਸਭਿਅਤਾ ਤੇ ਪਛਮੀ ਵਿਚਾਰਵਾਨਾਂ ਦੇ ਅਸਰ ਹੇਠ ਰਿਹਾ । ਪੰਜਾਹ ਸਾਲ ਦੀ ਉਮਰ ਵਿਚ ਉਸ ਉਤੇ ਮਾਰਕਸਵਾਦੀ ਪ੍ਰਭਾਵ ਪੈਣ ਲਗਾ ਅਤੇ ਹੋਰ ਪੰਝੀ ਸਾਲ (1975 ਤਕ) ਉਹ ਇਸ ਓਪਰੇ ਜਿਹੇ ਪ੍ਰਭਾਵ ਹੇਠ ਰਿਹਾ । 'ਓਪਰੇ ਜਿਹੇ' ਇਸ ਕਰਕੇ ਕਿਉਂਕਿ ਮਾਰਕਸਵਾਦ ਨੂੰ ਨਾ ਉਸ ਨੇ ਤਨੋ-ਮਨੋ ਕਬੂਲਿਆ ਸੀ ਤੇ ਨਾ ਹੀ ਇਸ ਦਾ ਗਹਿ-ਗੱਚ ਅਧਿਅਨ ਉਸ ਨੇ ਕੀਤਾ ਸੀ । 75 ਸਾਲ ਦੀ ਉਮਰ (1970) ਤੋਂ ਬਾਅਦ ਉਸਦੀ ਕਲਮ ਨੇ ਕੋਈ ਨਵੀਂ ਸਾਹਿਤ-ਕਿਰਤ ਪੇਸ਼ ਹੀ ਨਹੀਂ ਕੀਤੀ । ਇਸ ਤਰ੍ਹਾਂ ਗੁਰਬਖਸ਼ ਸਿੰਘ ਦੇ ਜੀਵਨ ਕਾਲ ਨੂੰ ਅਸੀਂ ਤਿੰਨ ਭਾਗਾਂ ਵਿਚ ਵੀ ਵੰਡ ਸਕਦੇ ਹਾਂ, ਜਿਸ ਅਨੁਸਾਰ ਉਸ ਨੇ ਪੰਝੀ ਪੰਝੀ ਸਾਲ ਬਾਅਦ ਨਵੇਂ ਰੰਗ ਅਪਣਾਏ ।

**3**. ਜੀਵਨ ਵਿਚ ਮੁਢਲੇ ਸੰਸਕਾਰ ਬੜੇ ਭਾਰੂ ਅਤੇ ਨਿਰਣੇਕਾਰੀ ਸਿਧ ਹੁੰਦੇ ਹਨ । ਗੁਰਬਖਸ਼ ਸਿੰਘ ਜਿਹੇ ਪ੍ਰੇਮ-ਪੁੰਗਰੇ ਦਾ ਸਹਿਜ-ਪ੍ਰੇਮ ਵੱਲ ਆਉਣਾ ਬੜਾ ਕੁਦਰਤੀ ਅਤੇ ਸੁਭਾਵਿਕ ਹੀ ਸੀ । ਇਸ ਦੇ ਅਸਰ ਹੇਠ ਹੀ ਉਸ ਨੇ ਆਪਣੀਆਂ ਬਹੁਤ ਸਾਰੀਆਂ ਕਹਾਣੀ ਰਚੀਆਂ । ਅਜਿ-ਹੀਆਂ ਕਹਾਣੀਆਂ ਉਸਦੇ ਆਪਣੇ ਨਿਜੀ ਜੀਵਨ ਤਜਰਬੇ ਉਤੇ ਆਧਾਰਤ ਹਨ, ਜਿਵੇਂ ਉਪਰ ਦੱਸੀ ਨਾਟਕ ਦੀ ਘਟਨਾ ਤੋਂ ਪ੍ਰਤੱਖ ਹੁੰਦਾ ਹੈ । ਉਸ ਦੇ ਆਪਣੇ ਕਥਨ ਅਨੁਸਾਰ '**ਭੁਖੀ ਆਤਮਾ**' ਵਿਚ ਕਰਤਾਰੋ ਦਾ, 'ਸ਼ਬਨਮ' ਵਿਚ ਉਸ ਵੇਸਵਾ ਦਾ ਜੋ 1918 ਵਿਚ ਬੰਬਈ ਤੋਂ ਬਸਰੇ ਜਾਣ ਤੋਂ ਪਹਿਲਾਂ ਉਸਨੂੰ ਮਿਲੀ, ਫੇਰ ਮੈਕਾਰਟੀ ਜਿਸ ਨੇ ਉਸ ਨੂੰ ਆਪਣਾ ਪ੍ਰੀਤ-ਫਲਸਫਾ ਸਮਝਾਇਆ ਅਤੇ ਜਿਸ ਦੇ

ਰਾਹੀਂ ਉਸ ਦਾ '**ਪਿਆਰ ਕਬਜ਼ਾ ਨਹੀਂ, ਪਹਿਚਾਨ ਹੈ**' ਦੀ ਨਾਇਕਾ ਨਾਲ ਅਤੇ ਹੋਰ ਕਈਆਂ ਨਾਲ ਮੇਲ ਹੋਇਆ ਅਤੇ ਜੋ ਇਹਨਾਂ ਗੱਲਾਂ ਨਾਲ ਆਪਣੀ ਜੀਵਨ ਕਹਾਣੀ ਉਸ ਨੂੰ ਸੁਣਾਉਂਦੀ ਹੈ : 'ਮੇਰੇ ਅੰਦਰ ਪੰਛੀ ਦੀ ਰੂਹ ਹੈ—ਇਹ ਕਿਸੇ ਗੱਲੋਂ ਵਰਜੀ ਨਹੀਂ ਜਾ ਸਕਦੀ—ਕਈ ਵੇਰ ਆਪਣੇ ਖਿਆਲ ਅੰਦਰ ਮੈਂ ਤੇਰੀ ਦਾੜ੍ਹੀ ਵਿਚ ਉਂਗਲਾਂ ਫੇਰੀਆਂ ਹਨ, ਤੈਨੂੰ ਆਪਣੇ ਨਾਲ ਘੁਟਿਆ ਹੈ—ਹੋਰ ਨੇੜੇ ਆ ਜਾ—ਤੈਨੂੰ ਆਪਣੀ ਕਹਾਣੀ ਸੁਣਾਵਾਂ ।'[7]

ਬਚਪਨ ਵਿਚ 'ਮਨੁਖਤਾ ਦੇ ਦੁਧ ਨਾਲ ਭਰੀ ਹਿੱਕ' ਵਾਲੀ ਦੇਵੀ-ਮਾਤਾ[8] ਜੋ ਉਸ ਨੂੰ ਮਿਲੀ ਸੀ, ਉਸ ਦਾ ਮੁਢਲਾ, ਘਰੋਂ ਨਿਕਲਣ ਤੱਕ ਦਾ ਹਾਲ 'ਭਾਬੀ ਮੈਨਾ' ਨਾਮ ਦੀ ਕਹਾਣੀ ਦਾ ਰੂਪ ਧਾਰਦਾ ਹੈ । ਲੇਖਕ ਨੇ ਭਾਬੀ ਮੈਨਾ ਦਾ ਅੰਤ ਕਰਾਕੇ ਇਸ ਨੂੰ ਦੁਖਾਂਤਕ ਸਿਖਰ ਦੇ ਦਿਤਾ ਹੈ । ਕਹਾਣੀ 'ਰਾਧਾ' ਦੀ ਰਚਨਾ 'ਸ਼ਬਨਮ' ਦੇ ਬਾਅਦ ਹੋਈ, ਜਦ ਲੇਖਕ ਆਪਣੀ ਪਤਨੀ ਨੂੰ ਪੁਛਦਾ ਰਹਿੰਦਾ ਸੀ ਕਿ ਜੇ ਸ਼ਬਨਮ ਉਸ ਨੂੰ ਮਿਲਣ ਆਏ ਤਾਂ ਉਹ ਕਿਸ ਤਰ੍ਹਾਂ ਉਸ ਨਾਲ ਪੇਸ਼ ਆਵੇਗੀ । "ਮੇਰਾ ਅਸਫਲ ਪਿਆਰ" ਵਿਚ ਜਿਥੇ ਮਖਣੀ ਆਪਣੇ ਅਸਲੀ ਨਾਮ ਨਾਲ ਹੀ ਸਾਕਾਰ ਹੁੰਦੀ ਹੈ, "ਦੋ ਕਮੀਜ਼ਾਂ" ਵਿਚਲਾ 'ਬਾਬਾ ਜੀ' ਮਖਣੀ ਦਾ ਉਹੀ ਪ੍ਰੇਮੀ ਹੈ ਜੋ ਆਪਣੇ ਪੋਤਰੇ ਨੂੰ ਉਸ ਦੇ ਸੋਲ੍ਹਵੇਂ ਜਨਮ ਦਿਨ ਉਤੇ ਦੋ ਕਮੀਜ਼ਾਂ ਦੀ ਕਹਾਣੀ ਆਪਣੇ ਸੋਲ੍ਹਵੇਂ ਸਾਲ ਵਿਚ ਹੋਏ ਪਿਆਰ ਦੀ ਅਭੁਲ ਯਾਦ ਦੇ ਤੌਰ 'ਤੇ ਸੁਣਾਉਣਾ ਹੈ । 'ਅੰਜੂ-ਗਾੜੂ', 'ਕੇਹਰੂ ਦਸ-ਨੰਬਰੀਆ', 'ਦਾਰਾਂ' 'ਮੇਰੀ ਗੁਲ ਬਦਨ' ਵਿਚ ਵੀ ਲੇਖਕ ਦੇ ਇਕ ਪਾਤਰ ਦੇ ਤੌਰ 'ਤੇ ਦਰਸ਼ਨ ਹੁੰਦੇ ਹਨ, ਭਾਵੇਂ ਉਹ ਇਹਨਾਂ ਵਿਚ ਮੁਖ ਪਾਤਰ ਨਹੀਂ ਹੈ । ਇਹ ਸਭ ਗੁਰਬਖ਼ਸ਼ ਸਿੰਘ-ਮਾਰਕਾ ਸਹਿਜ-ਪ੍ਰੀਤ ਦੀਆਂ ਲਖਾਇਕ ਹਨ ।

'ਅੰਜੂ-ਗਾੜੂ' ਉਸ ਨੂੰ ਦਖਣੀ ਭਾਰਤ ਵਿਚ ਰੇਲ ਦੇ ਸਫ਼ਰ ਸਮੇਂ ਗਾਉਂਦਾ ਹੋਇਆ ਮਿਲਦਾ ਹੈ, ਤੇ ਦੋਵੇਂ ਇਕ ਦੂਜੇ ਤੋਂ ਪ੍ਰਭਾਵਤ ਹੁੰਦੇ ਹਨ । ਅੰਜੂ ਚਾਹੁੰਦਾ ਹੈ ਕਿ ਲੇਖਕ ਮੈਨੂੰ ਆਪਣੇ ਨਾਲ ਲੈ ਜਾਵੇ, ਪਰ ਲੇਖਕ ਇਸ ਲਈ ਤਿਆਰ ਨਹੀਂ ਸੀ, ਕੇਵਲ ਕਲਪਨਾ ਵਿਚ ਹੀ ਉਸ ਨਾਲ ਹਮਦਰਦੀ ਕਰਦਾ ਹੈ, ਅੰਜੂ ਨੂੰ, ਆਪਣੇ ਉਤੇ ਹੱਕ ਨਹੀਂ ਜਤਾਉਣ ਦੇਂਦਾ । ਏਸੇ ਤਰ੍ਹਾਂ ਲੇਖਕ ਕੇਹਰੂ, ਦਾਰਾਂ ਅਤੇ ਗੁਲ-ਬਦਨ ਦਾ ਪ੍ਰਸ਼ੰਸਕ ਬਣ ਕੇ ਕਹਾਣੀਆਂ ਵਿਚ ਆਉਂਦਾ ਹੈ । ਬੰਸੋ ਦਾ ਕੇਹਰੂ ਲਈ ਪਿਆਰ ਅਜਿਹਾ ਨਹੀਂ ਹੈ ਜਿਸ ਤਰ੍ਹਾਂ ਦਾ "ਪਿਆਰ ਕਬਜ਼ਾ ਨਹੀਂ" ਵਿਚ ਪਰਚਾਰਿਆ ਗਿਆ ਹੈ । ਬੰਸੋ ਮੁਸਲਮਾਨੀ ਹੋਣ ਕਰਕੇ ਪਾਕਿਸਤਾਨੀ ਪੁਲਸ ਦਵਾਰਾ ਕੇਹਰੂ ਤੋਂ ਖੋਹੀ ਜਾਂਦੀ ਹੈ, ਪਰ ਉਹ ਜਾਂਦੀ ਹੋਈ ਕੇਹਰੂ ਨੂੰ ਕਹਿੰਦੀ ਹੈ ਕਿ ਤੂੰ ਕੋਈ ਚਿੰਤਾ ਨਾ ਕਰ, ਬੰਸੋ ਆਈ ਕਿ ਆਈ । ਚਾਰ ਮਹੀਨੇ ਬਾਅਦ ਉਹ ਬੜੀ ਦਲੇਰੀ ਕਰ ਕੇ ਸਰਹਦ ਪਾਰ ਕਰ ਆਉਂਦੀ ਤੇ ਕੇਹਰੂ ਨੂੰ ਆ ਮਿਲਦੀ ਹੈ । 'ਪਿਆਰ ਕਬਜ਼ਾ ਨਹੀਂ...', 'ਪਰਮੇਸ਼ਰੀ ਦਾ ਵਿਆਹ' 'ਕੇਸਰੀ ਦੀ ਗੱਡ' 'ਦੋ ਕਮੀਜ਼ਾਂ' ਆਦਿ ਵਿਚ ਪਰਚਾਰੇ ਪਿਆਰ-ਸਿਧਾਂਤ ਅਨੁਸਾਰ ਤਾਂ ਬੰਸੋ ਦਾ ਕੇਹਰੂ ਪਾਸ ਵਾਪਸ ਆਉਣਾ ਜ਼ਰੂਰੀ ਨਹੀਂ ਸੀ, ਬੰਸੋ ਓਧਰ ਪਾਕਿਸਤਾਨ ਵਿਚ 'ਅੱਲਾ ਅੱਲਾ' ਕਰਦੀ ਹੋਈ 'ਕੇਹਰੂ ਕੇਹਰੂ' ਜਪਦੀ ਰਹਿੰਦੀ ਅਤੇ ਏਧਰ ਕੇਹਰੂ ਵੀ ਕੇਸਰੀ ਦੇ ਉਜਾਗਰ ਵਾਂਗ ਜਾਂ 'ਦੋ ਕਮੀਜ਼ਾਂ' ਦੇ ਬਾਬਾ ਜੀ ਵਾਂਗ ਪ੍ਰੇਮਕਾ ਦਾ ਨਾਮ ਧਿਆਉਂਦਾ ਰਹਿੰਦਾ !

ਅਸਲ ਵਿਚ ਗੁਰਬਖ਼ਸ਼ ਸਿੰਘ ਨੇ ਆਪਣੀਆਂ ਵੱਖ ਵੱਖ ਕਹਾਣੀਆਂ ਵਿਚ ਪ੍ਰੀਤ ਬਾਰੇ ਵੱਖਰੇ ਵੱਖਰੇ ਪ੍ਰਸੰਗਾਂ ਵਿਚ ਵੱਖ ਵੱਖ ਦ੍ਰਿਸ਼ਟੀਕੋਨ ਅਪਣਾਏ ਹਨ । ਸਾਰੀਆਂ ਹੀ ਕਹਾਣੀਆਂ ਉਸ ਦੇ ਆਪਣੇ "ਪਿਆਰ ਕਬਜ਼ਾ ਨਹੀਂ" ਵਾਲੇ ਸੰਕਲਪ 'ਤੇ ਪੂਰੀਆਂ ਨਹੀਂ ਉਤਰਦੀਆਂ ਅਤੇ ਉਹਨਾਂ



ਵਿਚ ਵੰਨਗੀ ਹੋਣ ਕਰਕੇ ਉਹ ਕਹਾਣੀਕਾਰ ਦੇ ਤੌਰ 'ਤੇ ਕਾਫੀ ਸਫਲ ਹੋਇਆ ਹੈ । ਪਰ ਜਿਥੇ ਕਿਤੇ ਉਹ ਕਿਸੇ ਕਹਾਣੀ ਵਿਚ ਮਲੋ-ਮੱਲੀ 'ਪਿਆਰ ਕਬਜ਼ਾ ਨਹੀਂ' ਦਾ ਰੰਗ ਦੇਣਾ ਚਾਹੁੰਦਾ ਹੈ ਤਾਂ ਗ਼ੈਰ-ਯਥਾਰਥਕ ਪਰਤੀਤ ਹੁੰਦਾ ਹੈ । '**ਮੇਰੀ ਗੁਲ ਬਦਨ**' ਬੜੀ ਸੁੰਦਰ ਕਹਾਣੀ ਹੈ । ਕਾਸਮ ਤੇ ਗੁਲ ਬਦਨ ਦਾ ਆਪਸੀ ਪ੍ਰੇਮ ਹੈ । ਕਾਸਮ ਡਰਾਈਵਰ ਹੈ ਅਤੇ ਗੁਲ ਬਦਨ ਨੂੰ ਕਈ ਵੇਰ ਘਰ ਬਣਾਈਆਂ ਟੋਕਰੀਆਂ ਵੇਚਣ ਲਈ ਸ਼ਹਿਰ ਜਾਣਾ ਪੈਂਦਾ ਹੈ, ਜਿਸ ਵਿਚ ਕਾਸਮ ਉਸ ਦੀ ਸਹਾਇਤਾ ਵੀ ਕਰਦਾ ਹੈ । ਪਰ ਗੁਲ ਬਦਨ ਦਾ ਇਹ ਕਹਿਣਾ ਕਿ ਜਿੰਨਾ ਚਿਰ ਉਸ ਦਾ ਪੈਰਾਂ ਤੋਂ ਅਪਾਹਜ ਪਿਉ ਜੀਉਂਦਾ ਹੈ (ਮਾਂ ਉਸ ਦੀ ਮਰ ਚੁਕੀ ਸੀ) ਉਹ ਕਾਸਮ ਨਾਲ ਸ਼ਾਦੀ ਨਹੀਂ ਕਰੇਗੀ, ਕਿਉਂਕਿ ਪਿਉ ਨੂੰ ਸਾਂਭਣਾ ਤੇ ਘਰ ਦਾ ਗੁਜ਼ਾਰਾ ਕਰਨਾ ਪੈਂਦਾ ਹੈ, (ਅਤੇ ਕਾਸਮ ਵੀ ਉਸ ਨਾਲ ਸਹਿਮਤ ਹੈ) ਗੱਲ ਕੁਝ ਵਧੇਰੇ ਯਥਾਰਥਕ ਪਰਤੀਤ ਨਹੀਂ ਹੁੰਦੀ, ਕਿਉਂਕਿ ਪਿਉ ਦਾ ਕੀ ਪਤਾ ਕਿ ਉਸ ਨੇ ਹੋਰ ਦਸ-ਪੰਦਰਾਂ ਸਾਲ ਵੀ ਮਰਨਾ ਹੈ ਜਾਂ ਨਹੀਂ । ਕੀ ਕਾਸਮ ਉਤਨਾ ਚਿਰ ਉਡੀਕੇਗਾ ? ਉਹ ਸ਼ਾਦੀ ਕਰਾ ਕੇ ਗੁਲ ਬਦਨ ਨੂੰ ਉਸ ਦੇ ਆਪਣੇ ਘਰ ਰਹਿਣ ਦੀ ਆਗਿਆ ਵੀ ਤਾਂ ਦੇ ਸਕਦਾ ਹੈ, ਜਾਂ ਆਪ ਵੀ ਉਹਨਾਂ ਦੇ ਘਰ ਰਹਿ ਸਕਦਾ ਹੈ, ਕਿਹੜਾ ਵੱਡਾ ਟੱਬਰ ਹੈ, ਬੱਸ ਇਕ ਨਿੱਕਾ ਭਰਾ ਹੀ ਗੁਲ ਬਦਨ ਦਾ ਹੈ । ਪਰ ਲੇਖਕ ਏਥੇ ਮੱਲੋ-ਮੱਲੀ ਇਹ ਦੱਸਣਾ ਚਾਹੁੰਦਾ ਹੈ ਕਿ ਪਿਆਰ ਕਬਜ਼ਾ ਨਹੀਂ ਹੈ ਅਤੇ ਕਾਸਮ ਤੇ ਗੁਲ ਬਦਨ ਨੂੰ (ਜੋ ਸ਼ਾਦੀ ਲਈ ਰਾਜ਼ੀ ਹਨ ਅਤੇ ਗੁਲਬਦਨ ਦਾ ਪਿਓ ਵੀ ਰਾਜ਼ੀ ਹੈ) ਅਨਮਿਥੇ ਸਮੇਂ ਲਈ ਕੇਵਲ ਪਿਆਰ-ਕਲੋਲ ਕਰਨ ਲਈ ਮਜਬੂਰ ਕਰਦਾ ਹੈ ।

**ਦਾਰਾਂ** ਨਾਮ ਦੀ ਕਹਾਣੀ ਵੀ ਯਥਾਰਥਕ ਹੈ । ਚਰਾਗ਼ ਆਪਣੀ ਵਹੁਟੀ ਦਾਰਾਂ ਨੂੰ ਕੁਟਦਾ ਸੀ, ਉਸ ਦਾ ਹੌਲੀ ਹੌਲੀ ਚਰਾਗ ਤੋਂ ਛੋਟੇ ਧਾਲੀ ਨਾਲ ਪਿਆਰ ਹੋ ਗਿਆ, ਕਿਉਂਕਿ ਧਾਲੀ ਉਸ ਨਾਲ ਹਮਦਰਦੀ ਰਖਦਾ ਸੀ । 'ਪਿਆਰ ਕਬਜ਼ਾ ਨਹੀਂ' ਅਨੁਸਾਰ ਦਾਰਾਂ ਭਾਵੇਂ ਚਰਾਗ ਤੋਂ ਕੁਟ ਖਾਈ ਜਾਂਦੀ ਅਤੇ ਓਧਰ ਧਾਲੀ ਨਾਲ ਪਿਆਰ ਪੁਗਾਈ ਜਾਂਦੀ, ਕਿਉਂਕਿ ਸਾਂਝਾ ਪਰੀਵਾਰ ਹੀ ਸੀ । ਪਰ ਦਾਰਾਂ ਦਾ ਪਿਉ ਉਸ ਦਾ ਨਿਕਾਹ ਹੋਰ ਕਿਧਰੇ ਕਰ ਦੇਣਾ ਚਾਹੁੰਦਾ ਸੀ, ਜਦ ਧਾਲੀ ਉਹਨਾਂ ਦੇ ਪਿੰਡ ਜਾ ਕੇ ਉਸ ਨੂੰ ਆਪਣੇ ਨਾਲ ਖਾਸੇ ਲੈ ਜਾਂਦਾ ਹੈ ਜਿਥੇ ਉਸ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ । ਆਖ਼ਰ ਏਸੇ ਘਰ ਵਿਚ ਆ ਕੇ ਉਹ ਧਾਲੀ ਦੀ ਘਰ ਵਾਲੀ ਬਣ ਕੇ ਰਹਿੰਦੀ ਹੈ ਅਤੇ ਚਰਾਗ ਵਿਚੋ-ਵਿਚ ਬੜਾ ਦੁਖੀ ਰਹਿਣ ਲਗਦਾ ਹੈ ਅਤੇ ਘਾਹ ਖੋਤਦਾ ਹੋਇਆ ਲੇਖਕ ਪਾਸ ਆਪਣਾ ਰੋਣਾ ਰੋਂਦਾ ਹੈ । ਪਰਤੱਖ ਹੈ ਕਿ ਇਸਤਰੀ ਜਿਸ ਨਾਲ ਦਿਲੀ ਪਿਆਰ ਰਖਦੀ ਹੋਵੇ, ਉਸ ਦੀ ਹੋ ਕੇ ਰਹਿਣਾ ਚਾਹੁੰਦੀ ਹੈ, ਉਸ ਉਤੇ ਆਪਣਾ ਹੱਕ ਜਤਾਉਂਦੀ ਹੈ । ਪਰ ਇਹ ਵੀ ਹੋ ਸਕਦਾ ਹੈ, ਕੁਝ ਵਿਸ਼ੇਸ਼ ਹਾਲਤਾਂ ਵਿਚ ਪ੍ਰੇਮ-ਵਿਆਹ ਵਿਚ ਬੱਝ ਚੁਕੇ ਕਿਸੇ ਪ੍ਰੇਮੀ ਜਾਂ ਪ੍ਰੇਮਕਾ ਨੂੰ ਕਿਸੇ ਸਮੇਂ ਕੋਈ ਹੋਰ ਬੰਦਾ ਵੀ ਆ ਬਹੁੜਦਾ ਜਾਂ ਚੰਗਾ ਲਗਣ ਲਗ ਜਾਂਦਾ ਹੈ, ਜੋ ਮਨੁਖੀ-ਪਰਕਿਰਤੀ ਲਈ ਬਿਲਕੁਲ ਸੁਭਾਵਿਕ ਗੱਲ ਹੈ ।

**4**. ਗੁਰਬਖਸ਼ ਸਿੰਘ ਦੇ ਪ੍ਰੀਤ-ਤਜਰਬਿਆਂ ਵਿਚ ਇਕ ਦਰਜਨ ਤੋਂ ਵਧ, ਦੋ ਦਰਜਨ ਤਕ ਵੀ, ਇਸਤਰੀਆਂ ਆਈਆਂ ਹੋਣਗੀਆਂ । ਇਹ ਕੋਈ ਬਹੁਤੀ ਅਨੋਖੀ ਗੱਲ ਨਹੀਂ ਹੈ । ਮਹਾਤਮਾ ਗਾਂਧੀ ਨੇ ਵੀ ਸੱਚ ਅਤੇ ਬ੍ਰਹਮ-ਚਰਜ ਸੰਬੰਧੀ ਕਈ ਤਜਰਬੇ ਕੀਤੇ ਤੇ ਉਹਨਾਂ ਦਾ ਹਾਲ ਵੀ ਲਿਖਿਆ ਹੈ । ਗੁਰਬਖਸ਼ ਸਿੰਘ ਨੇ ਵੀ ਆਪਣੇ ਤਜਰਬਿਆਂ ਦਾ ਹਾਲ ਲਿਖਿਆ ਹੈ ਅਤੇ ਉਸ ਦੇ ਪਾਠਕਾਂ ਦੀਆਂ ਕਈ ਪੁੱਛਾਂ ਦਾ ਜਵਾਬ 'ਪ੍ਰੀਤ ਲੜੀ' ਦੇ ਅੰਕਾਂ ਵਿਚ ਵੀ ਮਿਲਦਾ ਹੈ, ਪਰ 'ਜੀਵਨ

ਕਹਾਣੀ' ਦੀਆਂ ਜਿਲਦਾਂ ਵਿਚ ਨਹੀਂ ਲੱਭਦਾ । ਮੱਖਣੀ ਬਾਰੇ ਪੂਰਾ ਵੇਰਵਾ ਉਨ੍ਹਾਂ ਦੀ 'ਜੀਵਨ ਕਹਾਣੀ' ਨਾਲੋਂ ਕੁਝ ਵੱਖਰੀ ਭਾਂਤ ਦੀ ਇਕ ਲੇਖ-ਨੁਮਾ ਕਹਾਣੀ 'ਮੇਰਾ ਅਸਫਲ ਪਿਆਰ' ਵਿਚ ਮਿਲਦਾ ਹੈ ।[9] 1913 ਵਿਚ ਮੱਖਣੀ ਦੇ ਵਿਧਵਾ ਹੋ ਜਾਣ ਉਤੇ ਲੇਖਕ ਨੇ ਆਪਣੀ ਪਤਨੀ ਨੂੰ ਇਸ ਗੱਲ ਲਈ ਰਾਜ਼ੀ ਕਰ ਲਿਆ ਸੀ ਕਿ ਮੱਖਣੀ ਆਪਣੇ ਬੱਚਿਆਂ ਸਮੇਤ ਉਸ ਦੇ ਪਾਸ ਆ ਕੇ ਰਹੇਗੀ ਅਤੇ ਜਿਸ ਲਈ ਆਪਣੀ ਵੱਡੀ ਰੇਲਵੇ-ਕੋਠੀ ਦੇ ਅੰਹਾਤੇ ਵਿਚ ਇਕ ਕਮਰਾ ਵੀ ਖਾਲੀ ਕਰ ਲਿਆ ਗਿਆ ਸੀ । ਪਰ ਮੱਖਣੀ ਜਦ ਆ ਰਹੀ ਸੀ ਤਾਂ ਰਸਤੇ ਵਿਚ ਹੀ ਗੱਡੀ ਦੇ ਡੱਬੇ ਵਿਚੋਂ ਡਿੱਗ ਕੇ ਉਹ ਮਰ ਗਈ । ਮੱਖਣੀ ਦੇ ਅੰਤ ਬਾਰੇ ਆਪਣੀ ਜੀਵਨ-ਕਹਾਣੀ (ਦੂਜੀ ਜਿਲਦ, ਪੰਨਾ 97) ਵਿਚ ਉਹ ਸੁਭਾਵਿਕ ਬੀਮਾਰੀ ਨਾਲ ਆਪਣੇ ਸਹੁਰੇ ਘਰ ਹੀ ਮੱਖਣੀ ਦੀ ਮੌਤ ਦਾ ਜ਼ਿਕਰ ਕਰਦਾ ਹੈ, ਜੋ ਵਧੇਰੇ ਸਹੀ ਗੱਲ ਪਰਤੀਤ ਹੁੰਦੀ ਹੈ, ਕਿਉਂਕਿ 'ਮੇਰਾ ਅਸਫ਼ਲ ਪਿਆਰ' ਵਿਚ ਸ਼ਾਇਦ ਲੇਖਕ ਨੇ ਇਸ ਨੂੰ ਇਕ ਦੁਖਾਂਤ੍ਰਿਕ ਕਹਾਣੀ ਦਾ ਰੂਪ ਦੇਣ ਦੀ ਸਲਾਹ ਕੀਤੀ ਹੋਵੇ । ਪਰ ਇਸ ਨਾਲ ਲੇਖਕ ਦੇ ਕਥਨਾਂ ਦੀ ਸਚਾਈ ਬਾਰੇ ਕੁਝ ਭੁਲੇਖੇ ਪੈਣ ਦੀ ਗੁੰਜਾਇਸ਼ ਹੋ ਸਕਦੀ ਹੈ । ਯਾਦ ਰਹੇ ਕਿ ਇਹ ਉਹੀ ਸਾਲ (1931) ਹੈ ਜਦ ਭਗਤ ਸਿੰਘ ਤੇ ਸਾਥੀਆਂ ਦੀ ਸ਼ਹੀਦੀ ਨੇ ਵੀ ਲੇਖਕ ਦੀ ਆਤਮਾ ਨੂੰ ਝੰਜੋੜਿਆ ਅਤੇ ਏਸੇ ਸਾਲ ਹੀ ਲੇਖਕ ਨੇ ਰੇਲਵੇ ਇੰਜੀਨੀਅਰ ਦੀ ਆਰਜ਼ੀ ਨੌਕਰੀ ਤੋਂ ਅਸਤੀਫਾ ਦਿੱਤਾ ਤਾਂ ਜੋ ਸੁਤੰਤਰ ਹੋ ਕੇ ਆਪਣਾ ਕੰਮ ਕਰ ਸਕੇ, ਕਿਉਂ ਜੋ ਜ਼ਮੀਨ ਪਹਿਲਾਂ ਹੀ ਫੂਲਾ ਸਿੰਘ ਦੀ ਸਮਾਧ ਉਤੇ ਲੈ ਕੇ ਵਾਹੀ ਸ਼ੁਰੂ ਕਰਾ ਦਿਤੀ ਸੀ । ਇਹ ਉਹੀ ਸਾਲ ਹੈ ਜਦ ਇਕ ਸੱਜਣ ਤੇ ਸੱਜਣੀ ਉਹਨਾਂ ਦੇ ਬੜੇ ਮਿੱਤਰ ਬਣ ਗਏ ਸਨ, ਖਾਸ ਕਰਕੇ 'ਸੱਜਣੀ' ਦਾ ਪਿਆਰ ਲੇਖਕ ਨਾਲ ਇਤਨਾ ਵਧ ਗਿਆ ਸੀ ਕਿ ਲੇਖਕ ਦੀ ਪਤਨੀ ਨੂੰ ਉਹਨਾਂ ਨਾਲ ਮੇਲ ਵਿਚ ਖ਼ਤਰਾ ਭਾਸਣ ਲਗ ਪਿਆ ਸੀ ਜਿਸ ਦੇ ਨਤੀਜੇ ਦੇ ਤੌਰ 'ਤੇ ਉਹਨਾਂ ਨਾਲ ਸੰਬੰਧ ਤੋੜਨ ਲਈ ਪਤਨੀ ਨੇ ਲੇਖਕ ਨੂੰ ਮਜਬੂਰ ਕਰ ਦਿਤਾ ਸੀ (ਉਪਰੋਕਤ, ਪੰਨੇ 73–77) ਉਹਨਾਂ ਦਿਨਾਂ ਵਿਚ ਹੀ ਇਕ ਅੰਗਰੇਜ਼ ਮੁਖੀ ਇੰਜੀਨੀਅਰ ਦੀ ਦੂਜੇ ਵਿਆਹੋਂ ਜਵਾਨ ਪਤਨੀ ਨੇ ਲੇਖਕ ਦੀ ਪਤਨੀ ਨੂੰ ਦਸਿਆ ਸੀ : "ਸੱਚ ਦੱਸਾਂ, ਤੇਰਾ ਪਤੀ ਇਸਤਰੀ ਦਾ ਆਦਮੀ ਹੈ—ਜਿਸ ਤਰ੍ਹਾਂ ਦਾ ਕੋਮਲ ਧਿਆਨ ਇਹ ਇਸਤਰੀ ਨੂੰ ਦੇਂਦਾ ਹੈ, ਇਸਤਰੀ ਦਾ ਦਿਲ ਕੁਝ ਵਧੇਰੇ ਧੜਕਣੋਂ ਰਹਿ ਨਹੀਂ ਸਕਦਾ ।" (ਉਪਰੋਕਤ, ਪੰਨਾ 73)

ਪ੍ਰੀਤ ਤਜਰਬੇ ਦੇ ਫਲ-ਰੂਪ ਹੀ 'ਸ਼ਬਨਮ' ਨਾਮ ਦੀ ਕਹਾਣੀ ਹੋਂਦ ਵਿਚ ਆਈ, ਜਦ ਲੇਖਕ ਨੇ ਬੰਬਈ ਤੋਂ ਬਸਰੇ ਰਵਾਨਾ ਹੋਣ ਤੋਂ ਪਹਿਲਾਂ ਇਕ ਵੇਸਵਾ ਦੀ ਆਤਮ-ਕਥਾ ਪੜ੍ਹੀ ਸੀ ਤੇ ਇਸ ਦੇ ਪ੍ਰਭਾਵ ਅਧੀਨ ਹੀ ਉਹ ਬੰਬਈ ਦੇ ਇਸ ਰੰਡੀ-ਬਾਜ਼ਾਰ ਵਿਚ ਪਹੁੰਚ ਗਿਆ ਸੀ । ਸ਼ਬਨਮ ਤੋਂ ਅਗਲੀ ਸਵੇਰ ਵਿਦਾ ਹੋਣ ਤਕ ਦਾ ਵਰਨਣ ਤਾਂ ਬੜਾ ਵਧੀਆ ਹੈ ਅਤੇ ਲੇਖਕ ਦੇ ਆਪਣੇ ਹੀ ਕਥਨ ਅਨੁਸਾਰ ਯਥਾਰਥਕ ਵੀ ਹੈ । ਪਰ ਬਾਅਦ ਵਿਚ ਜਦ ਕਲਪਨਾ ਤੋਂ ਕੰਮ ਲੈਂਦਾ ਹੋਇਆ ਉਹ ਕਹਾਣੀ ਵਿਚ 'ਸਹਿਜ ਪ੍ਰੀਤ' ਦੀ ਭਾਵਨਾਂ ਨੂੰ ਆਦਰਸ਼ਕ ਰੰਗ ਦੇਣ ਲਗਦਾ ਹੈ, ਤਾਂ ਕਹਾਣੀ ਦਾ ਸਾਰਾ ਸਵਾਦ ਕਿਰਕਿਰਾ ਹੋਣ ਲਗਦਾ ਹੈ । ਲੇਖਕ ਨੇ ਤੁਰਨ ਲੱਗੇ ਸ਼ਬਨਮ ਨੂੰ ਕੁਝ ਰਕਮ ਦਿਤੀ ਸੀ ਤਾਂ ਜੋ ਉਹ ਇਹ ਨਾਪਾਕ ਕੰਮ ਛਡ ਕੇ ਆਪਣੀ ਰੋਟੀ ਲਈ ਕੋਈ ਹੋਰ ਕੰਮ ਸ਼ੁਰੂ ਕਰੇ । ਇਸ ਦੇ ਬਾਅਦ ਲੇਖਕ ਆਪ ਤਾਂ ਬਸਰੇ ਵੱਲ ਰਵਾਨਾ ਹੋ ਗਿਆ ਅਤੇ ਮੁੜ ਕਦੇ ਵੀ ਸ਼ਬਨਮ ਨਾਲ ਉਸ ਦਾ ਮੇਲ ਨਹੀਂ ਹੋਇਆ । ਕਹਾਣੀ ਨੂੰ ਅਗਾਂਹ ਤੋਰਦੇ ਹੋਏ ਉਹ ਦੱਸਦਾ ਹੈ ਕਿ ਕਿਵੇਂ ਸ਼ਬਨਮ ਨੇ ਆਪਣੀ ਕੋਠੜੀ ਦਾ ਦੋ ਮਹੀਨੇ ਦਾ ਕਿਰਾਇਆ ਉਸੇ ਦਿਨ ਹੀ ਮਾਲਕ ਨੂੰ ਦੇ ਕੇ



ਉਥੋਂ ਚਲੇ ਜਾਣ ਦਾ ਫ਼ੈਸਲਾ ਕਰ ਲਿਆ । ਪਰ ਉਹ ਇਕ ਸ਼ੀਸ਼ੇ ਨੂੰ ਆਪਣੇ ਨਾਲ ਲਿਜਾਣਾ ਚਾਹੁੰਦੀ ਸੀ ਕਿਉਂਕਿ, ਉਸ ਨੇ ਆਪਣੇ ਨੌਕਰ ਨੂੰ ਦਸਿਆ ਕਿ "ਇਹਦੇ ਵਿਚ ਰਾਤ ਵੇਲੇ ਨੇਕ ਆਦਮੀ ਦਾ ਅਕਸ ਪਿਆ ਸੀ । ਉਹਦੇ ਨਾਲੋਂ ਵੱਖਰੀ ਕਿਸਮ ਦਾ ਅਕਸ ਇਹਦੇ ਵਿਚ ਮੈਂ ਸਹਾਰ ਨਹੀਂ ਸਕਾਂਗੀ ।" ਇਸ ਲਈ ਉਹ ਸ਼ੀਸ਼ੇ ਉਤੇ ਓਛਾੜ ਚੜ੍ਹਾ ਦੇਂਦੀ ਹੈ ਅਤੇ ਕੋਠੇ ਦੇ ਮਾਲਕ ਸੇਠ ਪਾਸ ਹਿਸਾਬ ਕਰਨ ਜਾਂਦੀ ਹੈ । ਉਹ ਉਹੀ ਸੌ ਰੁਪਏ ਦਾ ਨੋਟ ਸੇਠ ਨੂੰ ਦੇਂਦੀ ਹੈ ਜੋ ਲੇਖਕ ਉਸ ਨੂੰ ਦੇ ਗਿਆ ਸੀ ਅਤੇ ਕਹਿੰਦੀ ਹੈ : "ਇਹ ਸੌ ਦਾ ਨੋਟ ਮੈਂ ਤੁਹਾਡੇ ਕੋਲ ਗਹਿਣੇ ਰਖਦੀ ਹਾਂ । ਤੁਸੀਂ ਆਪਣੇ ਕੋਲੋਂ ਮੈਨੂੰ ਸੌ ਰੁਪਈਆ ਕਰਜ਼ ਦਿਓ, ਉਹਦੇ ਵਿਚੋਂ ਸੱਠ ਕਿਰਾਏ ਦੇ ਕਟ ਲਵੋ, ਦੋ ਰੁਪਈਏ, ਇਕ ਮਹੀਨੇ ਦਾ ਪੇਸ਼ਗੀ ਸੂਦ ਵੀ ਕਟ ਲਵੋ । ਹਰ ਮਹੀਨੇ ਮੈਂ ਤੁਹਾਨੂੰ ਸੂਦ ਪਹੁੰਚਾ ਦਿਆ ਕਰਾਂਗੀ...ਉਹ ਜਿਹੜਾ ਸ਼ੀਸ਼ਾ ਮੇਰੇ ਚੁਬਾਰੇ ਵਿਚ ਤੁਹਾਡਾ ਪਿਆ ਹੈ...ਉਹ ਜੇ ਤੁਸੀਂ ਮੰਨੋ ਤਾਂ ਸੌ ਤੋਂ ਮੇਰਾ ਹੋਇਆ, ਤੇ ਉਹ ਵੀ ਮੈਂ ਤੁਹਾਡੇ ਕੋਲ ਗਹਿਣੇ ਰਖਦੀ ਹਾਂ—ਉਹਦਾ ਸੂਦ ਵੀ ਇਹ ਹਾਜ਼ਰ ਹੈ ।" ਤੇ ਉਹ ਦੋ ਰੁਪਏ ਹੋਰ ਸੇਠ ਨੂੰ ਫੜਾਉਂਦੀ ਹੋਈ ਕਹਿੰਦੀ ਹੈ, "ਚਾਰ ਰੁਪਏ ਹਰ ਮਹੀਨੇ ਤੁਹਾਨੂੰ ਪਹੁੰਚ ਜਾਇਆ ਕਰਨਗੇ—ਤੇ ਜਦੋਂ ਮੈਂ ਸ਼ੀਸ਼ੇ ਦੀ ਕੀਮਤ ਸੌ ਰੁਪਈਆ ਤੁਹਾਨੂੰ ਦੇ ਜਾਵਾਂਗੀ, ਮੈਂ ਇਹ ਸ਼ੀਸ਼ਾ ਲੈ ਜਾਵਾਂਗੀ...ਤੁਹਾਡਾ ਮੇਰੇ ਨਾਲ ਧਰਮ ਹੋਇਆ ਕਿ ਜਿੰਨਾਂ ਚਿਰ ਮੈਂ ਸੂਦ ਦੇਂਦੀ ਜਾਵਾਂ, ਕੋਈ ਇਹਦੇ ਉਤੋਂ ਓਛਾੜ ਲਾਹ ਕੇ ਇਹਦੇ ਵਿਚ ਝਾਕੇਗਾ ਨਹੀਂ ।"

ਸੇਠ ਕੋਲੋਂ ਛੱਤੀ ਰੁਪਏ ਵਾਪਸ ਲੈ ਕੇ ਜਦ ਉਹ ਆਪਣੇ ਕੋਠੇ ਮੁੜਦੀ ਹੈ ਤਾਂ ਨੌਕਰ ਬੜਾ ਹੈਰਾਨ ਹੋ ਕੇ ਪੁਛਦਾ ਹੈ ਕਿ ਕੀ ਉਹ ਆਖਰੀ ਗਾਹਕ ਉਸ ਨੂੰ ਏਨੀ ਰਕਮ ਦੇ ਗਿਆ ਹੈ, ਤਾਂ ਉਹ ਕਹਿੰਦੀ ਹੈ, "ਹਾਂ ਸਲੀਮ, ਉਹ ਮੈਨੂੰ ਮਾਲਾ-ਮਾਲ ਕਰ ਗਏ ਨੇ......ਮੈਂ ਤੇਰਾ ਵੀ ਖ਼ਿਆਲ ਰਖਾਂਗੀ । ਤੂੰ ਹੁਣ ਤੋਂ ਮੇਰਾ ਨੌਕਰ ਨਹੀਂ, ਝੂਠੀ ਦੁਨੀਆਂ ਵਿਚ ਤੂੰ ਤੇ ਮੈਂ ਦੋਵੇਂ ਹਮ-ਕੈਦੀ ਸਾਂ — ਸੱਚੀ ਦੁਨੀਆਂ ਵਿਚ ਹਮ-ਰਾਹੀ ਹੋਵਾਂਗੇ । ਬੜਾ ਬੀਬਾ ਏਂ ਤੂੰ — ਰਾਤੀਂ ਤੂੰ ਮੇਰੇ ਕਮਰੇ ਵਿਚ ਹੀ ਸਵੀਂ । ਜਿੰਨਾ ਚਿਰ ਤੂੰ ਜਾਗੇਂਗਾ ਮੈਂ ਤੇਰੇ ਨਾਲ ਗੱਲਾਂ ਕਰਾਂਗੀ......ਰਾਤੀਂ ਬਾਹਰਲੀ ਬੱਤੀ ਨੂੰ ਬਾਲੀਂ ਨਾ । ਬਾਹਰ ਜਿਦ੍ਹੇ ਨਾਲ ਗੱਲ ਕਰੇਂ ਆਖੀਂ ਬੀਬੀ ਰਾਜ਼ੀ ਨਹੀਂ ।" ਇਸ ਤਰ੍ਹਾਂ ਦਾ ਵਾਧੂ ਤੇ ਆਦਰਸ਼ਿਆਇਆ ਹੋਇਆ ਬਿਆਨ ਇਸ ਕਹਾਣੀ ਦੇ ਅੰਤ ਵਿਚ ਹੈ, ਜਿਵੇਂ ਹੋਰ ਅਜਿਹੀਆਂ ਕਹਾਣੀਆਂ ਵਿਚ ਮਿਲਦਾ ਹੈ ਜਿਥੇ ਲੇਖਕ ਸਹਿਜ-ਪ੍ਰੀਤ ਆਦਰਸ਼ਤਾ ਦੀ ਰੰਗ ਨੂੰ ਗਾੜ੍ਹਾ ਕਰ ਕੇ ਪੇਸ਼ ਕਰਦਾ ਹੈ, ਜਿਵੇਂ **ਇਸ਼ਕ ਜਿੰਨ੍ਹਾਂ ਦੀ ਹਡੀਂ ਰਚਿਆ**" ਦੀਆਂ ਕਹਾਣੀਆਂ ਵਿਚ ।[10] ਪਰ ਜਿਥੇ ਮਨੁਖੀ ਮਨ ਦੀ, ਉਸ ਦੀਆਂ ਚੰਗਿਆਈਆਂ ਬੁਰਿਆਈਆਂ ਸਮੇਤ ਸਹੀ ਅੱਕਾਸੀ ਹੋਈ ਹੈ, ਅਤੇ ਕਿਸੇ ਵਾਧੂ ਦੇ ਆਦਰਸ਼ਵਾਦੀ ਰੰਗ ਦੀ ਪਾਣ ਨਹੀਂ ਚਾੜ੍ਹੀ ਗਈ, ਤਦ ਅਜਿਹੀਆਂ ਕਹਾਣੀਆਂ ਬਹੁਤ ਸਫਲ ਸਿਧ ਹੁੰਦੀਆਂ ਹਨ, ਜਿਵੇਂ "ਦੋ ਯਾਦਗਾਰੀ ਅਸ੍ਰੂ", "ਕੈਦੀ", "ਭਾਬੀ ਮੈਨਾ", "ਮੁਬੀਨਾ ਕਿ ਸਕੀਨਾ", "ਜ਼ਿੰਦਗੀ ਮੋੜੀ ਜਾ ਸਕਦੀ ਹੈ, ਮੌਤ ਨਹੀਂ", "ਪ੍ਰਮੇਸ਼ਰੀ ਦਾ ਵਿਆਹ", "ਪਹੁਤਾ ਪਾਂਧੀ" ਆਦਿ । ਇਹੀ ਉਪਰ ਵਿਚਾਰੀਆਂ ਗਈਆਂ ਕਹਾਣੀਆਂ 'ਅੰਜੂ-ਗਾਤੂ', 'ਦਾਰਾਂ', 'ਕੇਹਰੂ ਦਸ ਨੰਬਰੀਆ', 'ਗੋਰੀ ਤੇ ਭਗਵਾਨ' ਬਾਰੇ ਕਿਹਾ ਜਾ ਸਕਦਾ ਹੈ ।

ਏਥੇ 'ਸਹਿਜ-ਪ੍ਰੀਤ' ਦੀ ਛੇ ਸੌ ਸਾਲ ਪੁਰਾਣੀ ਇਕ ਕਲਾਸੀਕਲ ਉਦਾਹਰਨ ਪੇਸ਼ ਕਰਨੀ ਉਚਿਤ ਹੋਵੇਗੀ ਜਿਸ ਦੀ ਰੌਸ਼ਨੀ ਵਿਚ ਸੂਝਵਾਨ ਪਾਠਕ ਗੁਰਬਖ਼ਸ਼ ਸਿੰਘ ਦੀਆਂ ਕਹਾਣੀਆਂ ਵਿਚਲੇ ਸਹਿਜ-ਪ੍ਰੀਤ ਦੇ ਰੰਗ ਬਾਰੇ ਨਿਰਣਾ ਕਰਨ ਦੇ ਆਪ ਹੀ ਯੋਗ ਹੋ ਸਕਦੇ ਹਨ । ਭਗਤੀ ਕਾਲ ਦੇ ਪਹਿਲੇ ਕਵੀਆਂ ਵਿਚ ਚੰਡੀ ਦਾਸ ਦਾ ਨਾਮ ਵੀ ਆਉਂਦਾ ਹੈ ਜੋ ਚੌਦ੍ਹਵੀਂ ਜਾਂ ਪੰਦਰ੍ਹਵੀਂ ਸਦੀ

ਵਿਚ ਬੰਗਾਲ ਵਿਚ ਹੋਇਆ (ਉਸ ਦੇ ਸਮੇਂ ਦਾ ਬਿਲਕੁਲ ਸਹੀ ਨਿਰਨਾਂ ਅਜੇ ਤਕ ਨਹੀਂ ਹੋ ਸਕਿਆ) ਅਤੇ ਉਸ ਦੀ ਆਪਣੀ ਜੀਵਨ-ਗਾਥਾ ਸਹਿਜ-ਪ੍ਰੀਤ ਦਾ ਇਕ ਆਦਰਸ਼ ਨਮੂਨਾ ਸਮਝੀ ਗਈ ਹੈ। ਚੰਡੀ ਦਾਸ ਆਪਣੇ ਗੀਤਾਂ ਵਿਚ ਰਾਧਾ ਕ੍ਰਿਸ਼ਨ ਦੇ ਪ੍ਰੇਮ ਨੂੰ ਇਕ ਆਦਰਸ਼ਕ ਸਹਿਜ-ਪ੍ਰੇਮ ਮੰਨ ਕੇ ਗਾਉਂਦਾ ਹੈ ਅਤੇ ਕਹਿੰਦੇ ਹਨ ਕਿ ਸਹਿਜ-ਪ੍ਰੀਤ ਦੇ ਗੀਤ ਰਚਨ ਤੇ ਗਾਉਣ ਵਾਲਾ ਅਜਿਹਾ ਪ੍ਰਸਿੱਧ ਕਵੀ ਮੁੜ ਬੰਗਾਲ ਵਿਚ ਨਹੀਂ ਹੋਇਆ। ਚੰਡੀ ਦਾਸ ਦਾ ਪ੍ਰੇਮ ਆਪਣੇ ਪਿੰਡ ਦੀ ਇਕ ਧੋਬਣ ਰਮਣੀ ਨਾਲ ਸੀ (ਆਮ ਕਰਕੇ ਜਿਸ ਨੂੰ 'ਰਾਮੀ ਧੋਬਣ' ਵੀ ਕਿਹਾ ਜਾਂਦਾ ਹੈ।) ਚੰਡੀ ਦਾਸ ਬ੍ਰਾਹਮਨ ਸੀ, ਉਚ ਸ਼੍ਰੇਣੀ, ਸਵਰਨ ਜਾਤੀ ਦਾ ਸੀ ਅਤੇ ਧੋਬਣ ਪਛੜੀ ਜਾਂ ਅਛੂਤ ਜਾਤੀ ਦੀ। ਪਿੰਡ ਦੇ ਲੋਕ ਇਸ ਪਿਆਰ ਨੂੰ ਠੀਕ ਨਹੀਂ ਸਨ ਸਮਝਦੇ। ਪਰ ਚੰਡੀ ਦਾਸ ਨੂੰ ਰਮਣੀ ਦੇ ਪ੍ਰੇਮ ਵਿਚ ਸਹਿਜ-ਪ੍ਰੀਤ ਦੀ ਪਰੇਰਨਾ ਮਿਲਦੀ ਸੀ ਅਤੇ ਉਹ ਕਿਸੇ ਤਰ੍ਹਾਂ ਵੀ ਆਪਣੀ ਪ੍ਰੇਮਕਾ ਦਾ ਖ਼ਿਆਲ ਨਹੀਂ ਸੀ ਛੱਡ ਸਕਦਾ। ਆਖ਼ਰ ਬਰਾਦਰੀ ਵਾਲਿਆਂ ਨੇ ਚੰਡੀ ਦਾਸ ਦੇ ਭਰਾ ਨਕੁਲ ਨੂੰ ਕਹਿ-ਸੁਣ ਕੇ ਚੰਡੀਦਾਸ ਨੂੰ ਸ਼ੁਧ ਕਰਨ ਲਈ ਪਿੰਡ ਦੇ ਬ੍ਰਾਹਮਣਾਂ ਨੂੰ ਭੋਜ ਦੇਣ ਲਈ ਮਨਾ ਲਿਆ ਤਾਂ ਜੋ ਚੰਡੀ ਦਾਸ ਨੂੰ ਮੁੜ ਬਰਾਦਰੀ ਵਿਚ ਸ਼ਾਮਲ ਕੀਤਾ ਜਾਵੇ। ਚੰਡੀ ਦਾਸ ਨੂੰ ਇਹ ਗੱਲ ਠੀਕ ਤਾਂ ਨਹੀਂ ਲੱਗੀ, ਪਰ ਉਹ ਆਪਣੇ ਭਰਾ ਦੇ ਮਜਬੂਰ ਕਰਨ ਉਤੇ ਮੰਨ ਗਿਆ। ਜਦ ਉਹ ਭੋਜ ਵਰਤਾ ਰਿਹਾ ਸੀ ਤਾਂ ਰਮਨੀ ਵੀ ਇਹਨਾਂ ਬ੍ਰਾਹਮਣਾਂ ਦੇ ਭੋਜ ਵਿਚ ਸ਼ਾਮਲ ਹੋਣ ਲਈ ਆ ਗਈ, ਕਿਉਂਕਿ ਉਸ ਦਾ ਪ੍ਰੇਮੀ ਭੋਜ ਵਰਤਾ ਰਿਹਾ ਸੀ। ਕੁਲੀਨ ਬ੍ਰਾਹਮਣਾਂ ਨੂੰ ਇਹ ਗੱਲ ਬੜੀ ਬੁਰੀ ਲੱਗੀ। ਚੰਡੀ ਦਾਸ ਵੀ ਬੜੀ ਦੁਬਿਧਾ ਵਿਚ ਸੀ, ਕਿਉਂਕਿ ਉਹ ਰਮਣੀ ਨੂੰ ਜਾਣ ਲਈ ਵੀ ਨਹੀਂ ਸੀ ਕਹਿ ਸਕਦਾ ਜੋ ਬ੍ਰਾਹਮਣਾਂ ਦੇ ਡਰ ਦੇ ਮਾਰੇ ਉਸ ਦੇ ਨੇੜੇ ਢੁੱਕ ਰਹੀ ਸੀ। ਕਹਿੰਦੇ ਹਨ ਕਿ ਜਦ ਚੰਡੀ ਦਾਸ ਦੇ ਦੋਵੇਂ ਹੱਥ ਭੋਜਨ ਵਰਤਾਉਣ ਵਿਚ ਲਗੇ ਸਨ, ਉਸ ਦੀ ਪਿੱਠ ਪਿਛੇ ਦੋ ਹੋਰ ਬਾਂਹਾਂ ਉਗ ਆਈਆਂ ਅਤੇ ਇਸ ਤਰ੍ਹਾਂ ਵਿਸ਼ਨੂੰ ਭਗਵਾਨ ਨੇ ਪ੍ਰਗਟ ਹੋ ਕੇ ਆਪਣੇ ਭਗਤ ਦੀ ਲਾਜ ਰਖਦੇ ਹੋਏ ਰਮਨੀ ਦੀ ਰਖਿਆ ਕੀਤੀ। ਇਸ ਤਰ੍ਹਾਂ ਚੰਡੀ ਦਾਸ ਨੇ ਭੋਜ ਵੀ ਵਰਤਾਇਆ ਅਤੇ ਆਪਣੀ ਪ੍ਰੇਮਿਕਾ ਨੂੰ ਵੀ ਬਚਾਇਆ। ਬ੍ਰਾਹਮਨ ਬੜੇ ਕ੍ਰੋਧ ਵਿਚ ਆਏ ਅਤੇ ਉਹਨਾਂ ਨੇ ਚੰਡੀ ਦਾਸ ਤੋਂ ਮੰਦਰ ਦੇ ਪੁਜਾਰੀ ਦਾ ਪਦ ਖੋਹ ਲਿਆ, ਜਿਸ ਨਾਲ ਚੰਡੀ ਦਾਸ ਭੁਖਾ ਮਰਨੇ ਲਗ ਪਿਆ। ਆਖ਼ਰ ਉਸ ਨੇ ਆਪਣੇ ਆਪ ਨੂੰ ਕੋਠੇ ਵਿਚ ਬੰਦ ਕਰ ਲਿਆ ਅਤੇ ਭੁਖਾ ਹੀ ਮਰ ਗਿਆ। ਜਦ ਉਸ ਨੂੰ ਸ਼ਮਸ਼ਾਨ ਵਲ ਲਿਜਾ ਰਹੇ ਸਨ ਤਾਂ ਰਮਨੀ ਵੀ ਆ ਗਈ, ਜਿਸ ਦੇ ਆਉਣ ਨਾਲ ਹੀ ਚੰਡੀ ਦਾਸ ਮੁੜ ਜੀਵਤ ਹੋ ਕੇ ਉਠ ਬੈਠਾ। ਬਰਾਦਰੀ ਵਾਲੇ ਪਹਿਲਾਂ ਹੀ ਉਸ ਦੀ ਕਰਾਮਾਤ ਦੇਖ ਚੁਕੇ ਸਨ, ਹੁਣ ਫੇਰ ਹੋਰ ਵੀ ਭੈਭੀਤ ਹੋ ਗਏ। ਚੰਡੀ ਦਾਸ ਫੇਰ ਗੌੜ ਦੇ ਨਵਾਬ ਦੇ ਦਰਬਾਰ ਵਿਚ ਚਲਾ ਗਿਆ ਅਤੇ ਉਸ ਦੇ ਗੀਤ ਸੁਣ ਕੇ ਬੇਗਮ ਉਸ ਉਤੇ ਮੋਹਤ ਹੋ ਗਈ। ਨਵਾਬ ਨੂੰ ਪਤਾ ਲਗਾ ਤਾਂ ਚੰਡੀ ਦਾਸ ਨੂੰ ਕੋੜੇ ਮਾਰ ਕੇ ਮਾਰ ਦੇਣ ਦਾ ਹੁਕਮ ਦਿੱਤਾ। ਰਮਨੀ ਅਤੇ ਬੇਗਮ ਦੋਵੇਂ ਹੀ ਉਸ ਨੂੰ ਕੋੜੇ ਪੈਂਦੇ ਦੇਖ ਰਹੀਆਂ ਸਨ। ਬੇਗਮ ਦੇਖ ਕੇ ਬੇਹੋਸ਼ ਹੋ ਗਈ ਅਤੇ ਫੇਰ ਮਰ ਗਈ। ਕਹਿੰਦੇ ਹਨ ਕਿ ਚੰਡੀ ਦਾਸ ਵੀ ਮਰ ਗਿਆ, ਪਰ ਰਮਨੀ ਦਾ ਕੋਈ ਥਹੁ ਪਤਾ ਨਹੀਂ ਲੱਗਾ।[11]

---

1. ਗੁਰੂ ਨਾਨਕ ਸ਼ਬਦ ਰਤਨਾਕਰ : ਕਾਲਾ ਸਿੰਘ ਬੇਦੀ; ਭਾਸ਼ਾ ਵਿਭਾਗ, ਪਟਿਆਲਾ; ਪੰਨੇ 55-57। 2. ਅਣਵਿਆਹੀ ਮਾਂ, 1972, ਪੰਨਾ 9। 3. **ਸੇਧ**, ਦਸੰਬਰ 1978; "ਪ੍ਰਭਾ ਦੀ



ਪ੍ਰੀਤਪੰਥੀ"। 4. ਅਣਵਿਆਹੀ ਮਾਂ, ਪੰਨਾ 11। 5. ਮੇਰੀ ਜੀਵਨ ਕਹਾਣੀ, ਜਿਲਦ I, 1974, ਪੰਨੇ 140-42। 6. ਉਪਰੋਕਤ, ਪੰਨਾ 135। 7. ਉਪਰੋਕਤ, ਪੰਨਾ 216। 8. ਉਪਰੋਕਤ, ਪਨਾ 26। 9. 'ਕਾਲੇ ਲਿਖ ਨਾ ਲੇਖ', (ਲੇਖ ਸੰਗ੍ਰਹਿ) ਪੰਜਾਬੀ ਯੂਨੀਵਰਸਟੀ, ਪਟਿਆਲਾ। 10. 'ਪ੍ਰੀਤ ਫਲਸਫੇ ਦੀ ਸ਼ਵ-ਪ੍ਰੀਖਿਆ', **ਸੇਧ** ਜੂਨ 1978, ਪੰਨਾਂ 43 ਉਤੇ ਸਸੀ ਪੁੰਨੂੰ ਦਾ ਪ੍ਰਸੰਗ। 11. **A.S. Balasubramaniam : 'Poet of Love & Protest'; Hindustan Times, dt. 11.8.79.**

o


## ਸਿੱਖ ਲਹਿਰ

ਲੇਖਕ : ਪ੍ਰੋ. ਕਿਸ਼ਨ ਸਿੰਘ

ਸਿੱਖ-ਲਹਿਰ ਦੇ ਇਤਿਹਾਸ ਅਤੇ ਉਸ ਦੇ ਜਮਾਤੀ ਪੈਂਤੜੇ ਅਤੇ ਅਸਲੇ ਨੂੰ ਸਮਝਣ ਲਈ ਇਕ ਅਦੁੱਤੀ ਪੁਸਤਕ। ਸਫ਼ੇ 210; ਮੁੱਲ : 10 ਰੁ:, ਪੱਕੀ ਜਿਲਦ

ਇਸ ਪੁਸਤਕ ਲਈ ਸੇਧ ਨੂੰ ਲਿਖੋ।

## ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ

1978 ਅਤੇ 1979 ਦੀਆਂ ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ ਲਈ ਸਾਨੂੰ ਸਿਧਿਆਂ ਲਿਖੋ। ਕੀਮਤ ਫੀ ਫਾਈਲ ਵੀਹ ਰੁਪੈ। ਰਕਮ ਮਨੀਆਰਡਰ ਦੁਆਰਾ ਭੇਜੋ। ਡਾਕਖ਼ਰਚ ਸਾਡਾ ਹੋਵੇਗਾ।

**ਸੇਧ** ਦਾ ਸਾਲਾਨਾ ਚੰਦਾ ਜਾਂ ਲਾਈਫ਼-ਮੈਂਬਰੀ ਭੇਜਣ ਲਗਿਆਂ ਆਪਣੇ ਸਰਨਾਵੇਂ ਦੇ ਨਾਲ PIN ਨੰਬਰ ਵੀ ਲਿਖੋ ਅਤੇ

ਚਿੱਠੀ-ਪੱਤਰ ਕਰਦੇ ਸਮੇਂ ਆਪਣੇ ਚਿੱਟ-ਨੰਬਰ ਦਾ ਹਵਾਲਾ ਜ਼ਰੂਰ ਦਿਉ।

## • ਸਾਹਿਤ ਦੀ ਸਮਝ

ਕਿਸ਼ਨ ਸਿੰਘ ਦੇ ਤਿੰਨ ਵਿਦਵਤਾ-ਭਰਪੂਰ ਲੇਖਾਂ ਦਾ ਸੰਗ੍ਰਹਿ—ਯਥਾਰਥਵਾਦ, ਆਲੋਚਨਾ ਤੇ ਸਾਹਿਤ ਦੀ ਸਮਝ। ਇਹ ਪੁਸਤਕ ਸਾਹਿਤ ਪ੍ਰੇਮੀਆਂ ਅਤੇ ਐਮ. ਏ. ਤਕ ਦੇ ਵਿਦਿਆਰਥੀਆਂ ਲਈ ਬੇਮਿਸਾਲ ਪੁਸਤਕ ਹੈ। ਸਫ਼ੇ 340, ਪੱਕੀ ਜਿਲਦ, ਸਿਰਫ ਲਾਇਬਰੇਰੀ ਐਡੀਸ਼ਨ ਮੁਲ : ਪੰਦਰਾਂ ਰੁਪੈ।

## ਗੁਰਬਾਣੀ ਦਾ ਸੱਚ

ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵੱਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਹਿ ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ। ਸਫ਼ੇ 200, ਸੁੰਦਰ ਦਿੱਖ, ਮੁਲ : 15 ਰੁਪੈ, 1.50 ਪੌਂਡ, 2.75 ਡਾਲਰ।

*** ਜੱਟ-ਸ਼ਾਵਨਿਜ਼ਮ ਬਾਰੇ** : ਚੰਡੀਗੜ੍ਹ ਤੋਂ ਹਰਭਜਨ ਹਲਵਾਰਵੀ ਹੁਰਾਂ ਆਪਣਾ ਨੋਟ 'ਸਮਸਿਆ ਤੋਂ ਸਮਸਿਆ ਤਕ' (ਦਸੰਬਰ 1979 ਅੰਕ) ਐਸੇ ਲਹਿਜੇ ਵਿਚ ਲਿਖਿਆ ਹੈ ਜਿਵੇਂ ਜੱਟ-ਸ਼ਾਵਨਿਜ਼ਮ ਬਾਰੇ ਲਿਖ ਕੇ ਮੈਂ ਕੋਈ ਬੜਾ ਉਪੱਦਰ ਕਰ ਮਾਰਿਆ ਹੋਵੇ। ਮੇਰਾ ਮਜ਼ਾਕ ਉਡਾਉਣ ਦਾ ਉਹਨਾਂ ਦਾ ਆਧਾਰ ਹੈ—ਮੇਰਾ ਜੱਟਵਾਦ ਦਾ ਵਿਚਾਰਧਾਰਕ ਨਾ ਪੇਸ਼ ਕਰਨਾ। ਉਹ ਬੜੇ ਸਦਾਚਾਰਕ ਰੋਹ ਨਾਲ ਲਿਖਦੇ ਹਨ : ''ਜੱਟਵਾਦ ਨੂੰ ਸਿੱਖੀ ਦਾ ਮੂਲ ਕੌਣ ਬਣਾ ਰਿਹਾ ਹੈ ? ਉਹ ਕਹਿ ਸਕਦੇ ਹਨ ਕਿ ਜੱਟ ਬੁਰਜੁਆਜ਼ੀ ਇਉਂ ਕਰ ਰਹੀ ਹੈ। ਪਰ ਕਿਸ ਦੇ ਰਾਹੀਂ ? ਇਸ ਜੱਟ ਬੁਰਜੁਆਜ਼ੀ ਦਾ ਸਿਧਾਂਤਕ ਬੁਲਾਰਾ ਕੌਣ ਹੈ ?...ਮਾਰਕਸਵਾਦੀ ਹੋਣ ਦੇ ਨਾਤੇ ਉਨ੍ਹਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਭ ਜਮਾਤਾਂ (ਜਾਂ ਜਾਤਾਂ) ਆਪਣੇ ਸਿਧਾਂਤਕ ਬੁਲਾਰਿਆਂ ਰਾਹੀਂ ਆਪਣੀਆਂ ਮੂਲ ਇਛਾਵਾਂ ਦਾ ਪ੍ਰਗਟਾਵਾ ਕਰਦੀਆਂ ਹਨ ਜਿਹੜੇ ਲਿਖਤੀ (ਜਾਂ ਮੌਖਿਕ) ਰੂਪ ਵਿਚ ਇਹਨਾਂ ਦੀ ਪੂਰਤੀ ਦਾ ਵਾਹਣ ਬਣਦੇ ਹਨ।'' ਉਹਨਾਂ ਮੇਰੇ ਉਤੇ ਦਬਾ ਦਬ ਫਤਵਾ ਲਾ ਦਿਤਾ ਹੈ : ''ਮੈਨੂੰ ਤਾਂ ਇਹ ਸਮੱਸਿਆ ਕਿਸ਼ਨ ਸਿੰਘ ਹੋਰਾਂ ਦੀ ਆਪੇ ਘੜੀ ਜਾਪਦੀ ਹੈ।''

ਉਠਦੀਆਂ ਜਮਾਤਾਂ ਆਪਣਾ ਰੈਸ਼ਨੇਲ ਪੇਸ਼ ਕਰਦੀਆਂ ਹਨ—ਇਹ ਸਮਾਜਕ ਉਸਾਰੀ ਦਾ ਇਕ ਆਮ ਕਾਨੂੰਨ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ। ਪਰ ਇਹ ਕਾਨੂੰਨ ਹਰ ਥਾਂ, ਹਰ ਹਾਲਤ ਵਿਚ ਲਾਗੂ ਨਹੀਂ ਹੁੰਦਾ। ਜਿਸ ਦਸ਼ਾ ਨੂੰ ਅਸੀਂ ਏਥੇ ਮੁਖਾਤਬ ਹਾਂ ਉਸ ਵਿਚ ਇਸ ਕਾਨੂੰਨ ਦਾ ਲਾਗੂ ਹੋਣਾ ਜੇ ਬਿਲਕੁਲ ਅਸੰਭਵ ਨਹੀਂ ਤਾਂ ਬੇਅੰਤ ਮੁਸ਼ਕਲ ਹੈ। ਆਪਣੇ ਆਪ ਨੂੰ ਸਿੱਖ ਅਖਵਾਉਂਦੇ ਕਿਸੇ ਬੰਦੇ ਦੀ ਪਾਇਆਂ ਹੈ ਕਿ ਉਹ ਗੁਰੂ ਸਾਹਿਬਾਨ ਦੀ ਸਿੱਖੀ 'ਤੇ ਸਿੱਧਾ, ਨੰਗਾ ਮੁੰਗਾ ਐਲਾਨੀਆਂ ਹਮਲਾ ਕਰ ਸਕੇ ? ਉਸ ਦੇ ਇਨਕਲਾਬੀ ਅਸਲੇ ਨੂੰ, ਸਰਬਤ ਦੀ ਆਜ਼ਾਦੀ ਦੇ ਸੱਚ ਨੂੰ, ਮਾਇਆ ਦੇ ਵਿਰੋਧੀ ਪੈਂਤੜੇ ਨੂੰ ਨਿਦਰੇ ਹੋ ਕੇ ਵੰਗਾਰੇ ? ਜੇ ਆਪਣੇ ਆਪ ਨੂੰ ਸਿੱਖ ਅਖਵਾਉਂਦਾ ਐਸਾ ਬੰਦਾ ਭਾਲਿਆਂ ਵੀ ਨਹੀਂ ਲਭ ਸਕਦਾ ਤਾਂ ਜ਼ਾਹਿਰ ਹੈ ਕਿ ਹਲਵਾਰਵੀ ਹੁਰਾਂ ਮੇਰੇ ਕੋਲੋਂ ਅਸੰਭਵ ਦੀ ਮੰਗ ਕੀਤੀ ਹੈ। ਅਤੇ ਉਹ ਪੂਰੀ ਨਾ ਹੋਣ 'ਤੇ, ਮੇਰੇ ਉਤੇ ਬਗੈਰ ਸੋਚੇ ਸਮਝੇ ਵੱਡਾ ਸਾਰਾ ਫਤਵਾ ਲਾ ਦਿੱਤਾ ਹੈ। ਊਣਤਾਈ ਮੇਰੀ ਨਹੀਂ, ਗਿਆਨ ਦੀ ਘਾਟ ਸ਼ਾਇਦ ਉਨ੍ਹਾਂ ਦੀ ਹੈ।

ਮਾਰਕਸਵਾਦੀ ਹੋਣ ਦੇ ਨਾਤੇ ਹਲਵਾਰਵੀ ਹੋਰਾਂ ਆਪਣਾ ਕਰਤੱਵ ਪੂਰਾ ਨਹੀਂ ਕੀਤਾ। ਉਹਨਾਂ ਦੇ ਵਾਸਤੇ ਇਕ ਰਾਹ ਇਹ ਸੀ ਕਿ ਉਹ ਮੈਨੂੰ ਨੀਂਹ ਦੀ ਪੱਧਰ 'ਤੇ ਵੰਗਾਰਦੇ। ਪੈਂਤੜਾ ਮਲਦੇ ਕਿ ਪਿੰਡ ਦੇ ਸੀਨ 'ਤੇ ਪੈਦਾਵਾਰ ਦੇ ਰਿਸ਼ਤੇ ਅਜੇ ਬੁਰਜੁਆ ਨਹੀਂ ਹਨ, ਫੀਊਡਲ ਹਨ ਅਤੇ ਜੱਟ



ਬੁਰਜੁਆਜ਼ੀ ਨਾਂ ਦੀ ਅਜੇ ਕੋਈ ਅਸਲੀਅਤ ਨਹੀਂ ਹੈ। ਜੇ ਉਹ ਮੇਰੇ ਨਾਲ ਸਹਿਮਤ ਹਨ ਕਿ ਸਰਮਾਇਆ ਪਿੰਡ ਦੇ ਸੀਨ 'ਤੇ ਜਾ ਚੁਕਾ ਹੈ, ਪੈਦਾਵਾਰ ਦੇ ਰਿਸ਼ਤੇ ਬੁਰਜੁਆ ਹੋ ਚੁਕੇ ਹਨ, ਪਿੰਡ ਦੇ ਸੀਨ 'ਤੇ ਬੁਰਜੁਆਜ਼ੀ ਪੈਦਾ ਹੋ ਚੁਕੀ ਹੈ ਤਾਂ ਸਾਫ਼ ਹੈ ਕਿ ਪਿੰਡ ਦੇ ਸੀਨ 'ਤੇ ਬੁਰਜੁਆਜ਼ੀ, ਜੱਟ ਬੁਰਜੁਆਜ਼ੀ ਹੈ। ਇਹ ਤਾਂ ਕਿਸੇ ਕੋਲੋਂ ਓਹਲਾ ਨਹੀਂ ਹੈ ਕਿ ਜੱਟ ਬੁਰਜੁਆਜ਼ੀ ਦੀ ਸਿਆਸੀ ਪਾਰਟੀ ਹੁਣ ਵਾਲੀ ਅਕਾਲੀ ਪਾਰਟੀ ਹੈ। ਇਹ ਵੀ ਕੋਈ ਲੁਕੀ ਛੁਪੀ ਗੱਲ ਨਹੀਂ ਕਿ ਅਕਾਲੀ ਪਾਰਟੀ ਦੀ ਤਾਕਤ ਦੀ ਨੀਂਹ ਸਿੱਖ ਜਜ਼ਬਾ, ਸਿੱਖੀ ਦੀਆਂ ਸੰਸਥਾਵਾਂ ਹਨ। ਚੂੰਕਿ ਕਲਚਰਲ ਮੁਹਾਜ਼ 'ਤੇ ਅਸਲੀਅਤ ਇਹ ਹੈ, ਹਲਵਾਰਵੀ ਹੁਰਾਂ ਨੂੰ ਚਾਹੀਦਾ ਇਹ ਸੀ ਕਿ ਉਹ ਇਸ ਨੂੰ ਮੁਖਾਤਬ ਹੁੰਦੇ ਅਤੇ ਇਸ ਦੀ ਖੋਜ ਕਰਦੇ ਕਿ ਜੱਟ ਬੁਰਜੁਆਜ਼ੀ ਕਿਸ ਵੱਲ ਫਰੇਬ ਨਾਲ, ਕਿਸ ਕਲਚਰਲ ਕਲਾਬਾਜ਼ੀ ਨਾਲ ਸਿੱਖ ਜਜ਼ਬੇ ਨੂੰ ਆਪਣੇ ਬੁਰਜੁਆ ਹਿੱਤ ਦੀ ਪੰਜਾਲੀ ਜੋ ਰਹੀ ਹੈ ਅਤੇ ਇਸ ਕੰਮ ਵਿਚ ਕਿਸ ਹਦ ਤਕ ਕਾਮਯਾਬ ਹੈ।

ਪੇਸ਼ ਮਸਲਿਆਂ ਵਲੋਂ ਮੂੰਹ ਮੋੜਿਆਂ ਮਾਰਕਸਵਾਦ ਨਹੀਂ ਉੱਸਰ ਸਕਦਾ। ਮਸਲੇ ਨੂੰ ਆਪਣੇ ਸਿਰੋਂ ਤਿਲਕਾ ਕੇ ਅਗਲੇ ਦੇ ਸਿਰ ਪਾਇਆਂ ਬੰਦਾ ਵਿਚਾਰਧਾਰਕ ਤੌਰ 'ਤੇ ਬਾਲਗ਼ ਨਹੀਂ ਹੁੰਦਾ। ਮਾਰਕਸਵਾਦੀ ਬੁਧੀਮਾਨ ਕੱਦ ਨਹੀਂ ਕਰਦਾ। ਹਲਵਾਰਵੀ ਹੁਰਾਂ ਨੂੰ ਚਾਹੀਦਾ ਹੈ ਕਿ ਇਸ ਮਸਲੇ ਦੇ ਸਿਰ ਹੋਣ, ਇਸ ਦੀ ਤਹਿ ਤਕ ਜਾਣ ਕਿ ਜੱਟ ਬੁਰਜੁਆਜ਼ੀ ਕਿਸ ਤਰ੍ਹਾਂ ਸਿੱਖ ਜਜ਼ਬੇ 'ਤੇ ਕਾਬਜ਼ ਹੋ ਗਈ ਹੈ। ਉਸ ਦੀ ਵਾਰਸ ਬਣ ਬੈਠੀ ਹੈ। (ਇਹ ਤਾਂ ਹਰ ਇਕ ਨੂੰ ਸਪਸ਼ਟ ਹੀ ਹੋਣਾ ਚਾਹੀਦਾ ਹੈ ਕਿ ਮੁਲੱਖਈਏ ਨੂੰ ਆਪਣੇ ਮਗਰ ਲਾਇਆਂ ਬਗੈਰ, ਲੋਕਾਂ ਦੇ ਮਨਾਂ 'ਤੇ ਕਲਚਰਲ ਕਾਠੀ ਪਾਇਆਂ ਬਗੈਰ ਬੁਰਜੁਆਜ਼ੀ ਕਾਬਜ਼ ਨਹੀਂ ਰਹਿ ਸਕਦੀ। ਜਿੰਨਾਂ ਚਿਰ ਉਹ ਲੋਕਾਂ ਦੇ ਦਿਲ ਦਿਮਾਗ ਨੂੰ ਆਪਣੀ ਫਾਹੀ ਵਿਚ ਨਾ ਫਸਾਵੇ, ਉਹ ਅਮਲ ਦੀ ਪੱਧਰ 'ਤੇ ਉਹਨਾਂ ਦੇ ਸਮਾਜਕ ਸਿਆਸੀ ਬਰਤਾਓ ਦੀ ਨਕੇਲ ਆਪਣੇ ਹੱਥ ਨਹੀਂ ਰਖ ਸਕਦੀ। ਇਹ ਸਮਝ ਹੋਣੀ ਚਾਹੀਦੀ ਹੈ ਕਿ ਬੁਰਜੁਆਜ਼ੀ ਦਾ ਵਾਸਤਾ ਮੁਲਖੱਈਏ ਦੇ ਸਮਾਜਕ ਸਿਆਸੀ ਅਮਲ ਨਾਲ ਹੈ)

ਲਗਦਾ ਹੈ ਕਿ ਹਲਵਾਰਵੀ ਹੁਰੀਂ ਜ਼ਾਹਿਰ 'ਤੇ ਹੀ ਬੈਠੇ ਹਨ, ਬਾਤਨ ਤਕ ਨਹੀਂ ਪਹੁੰਚੇ। ਇਹ ਇਸ ਗੱਲ ਤੋਂ ਵੀ ਜ਼ਾਹਿਰ ਹੈ ਕਿ ਉਹ 'ਸਭ ਜਮਾਤਾਂ (ਜਾਂ ਜਾਤਾਂ) ਆਪਣੇ ਸਿਧਾਂਤਕ ਬੁਲਾਰਿਆਂ ਰਾਹੀਂ ਆਪਣੀਆਂ ਮੂਲ ਇਛਾਵਾਂ ਦਾ ਪ੍ਰਗਟਾਵਾ ਕਰਦੀਆਂ ਹਨ...' ਦੇ ਕਾਨੂੰਨ ਨੂੰ ਹਰ ਜਮਾਤ 'ਤੇ, ਉਸ ਦੀ ਹਰ ਹਾਲਤ ਵਿਚ ਲਾਗੂ ਹੋਣ ਵਾਲਾ ਲੋਹੇ-ਜੜਿਆ ਨਿਯਮ ਸਮਝਦੇ ਹਨ। ਇਹ ਸਮਝ ਉਹਨਾਂ ਦੀ ਗਲਤ ਹੈ। ਲੋਟੂ ਜਮਾਤਾਂ ਨੂੰ ਬਹੁਤ ਹਾਲਤਾਂ ਵਿਚ ਆਪਣੀਆਂ 'ਮੂਲ ਇੱਛਾਵਾਂ' ਲੁਕਾਉਣੀਆਂ ਪੈਂਦੀਆਂ ਹਨ। ਉਹਨਾਂ 'ਤੇ ਪਰਦਾ ਪਾਉਣਾ ਪੈਂਦਾ ਹੈ। ਪਤਰਾਜੀ ਕਰਨੀ ਪੈਂਦੀ ਹੈ। ਆਪਣੇ ਜਮਾਤੀ-ਹਿੱਤ ਨੂੰ ਕਲਚਰ ਦੀ ਪੱਧਰ 'ਤੇ, ਮਨੁਖੀ ਬਰਤਾਓ ਦੀ ਪੱਧਰ 'ਤੇ ਹੀ ਮਹਿਦੂਦ ਕਰਨਾ ਪੈਂਦਾ ਹੈ। ਸਪਸ਼ਟ ਤੌਰ 'ਤੇ ਦਿਮਾਗੀ ਪੱਧਰ 'ਤੇ ਜਾਣੋਂ ਰੋਕਣਾ ਪੈਂਦਾ ਹੈ। ਮਾਰਕਸਵਾਦੀ ਤਰੀਕਾ ਠੋਸ ਤੌਰ 'ਤੇ ਹਰ ਸਥਿਤੀ ਨੂੰ ਤੈਹ ਤਕ ਜਾਣਨ ਦਾ ਹੈ। ਅਮੂਰਤ 'ਤੇ ਬਹਿ ਰਹਿਣ ਨਾਲ, ਬਾਤਨ 'ਤੇ ਜਾਣ ਤੋਂ ਬਗੈਰ, ਮਾਰਕਸਵਾਦ ਪੱਲਾ ਨਹੀਂ ਫੜਾਉਂਦਾ।

ਹਰ ਲੋਟੂ ਜਮਾਤ ਨੂੰ ਆਪਣੀ ਅਸਲੀਅਤ ਛੁਪਾਉਣੀ ਪੈਂਦੀ ਹੈ। ਲੋਕ-ਹਿੱਤ ਦਾ ਪਹਿਰਾਵਾ ਪਹਿਨਣਾ ਪੈਂਦਾ ਹੈ, ਬੰਦੇ ਦੀ ਬੇਹਤਰੀ ਦਾ ਵਿਖਾਵਾ ਕਰਨਾ ਪੈਂਦਾ ਹੈ, ਉਸ ਦੀ ਆਜ਼ਾਦੀ ਦਾ ਦਾਹਵਾ ਕਰਨਾ ਪੈਂਦਾ ਹੈ। ਹਰ ਲੋਟੂ ਜਮਾਤ ਦਾ ਹਿੱਤ ਲੋਕ-ਵਿਰੋਧੀ ਹੁੰਦਾ ਹੈ, ਲੋਕਾਂ ਦੀ ਆਜ਼ਾਦੀ ਦਾ ਘਾਤਕ ਹੁੰਦਾ ਹੈ। ਇਸ ਵਾਸਤੇ ਹਰ ਲੋਟੂ ਜਮਾਤ ਆਪਣਾ ਰੈਸ਼ਨੇਲ ਪੇਸ਼ ਕਰਨ

ਵਿਚ ਸੱਚ ਨਹੀਂ ਦਸ ਸਕਦੀ । ਅਸਲੀਅਤ ਪੇਸ਼ ਨਹੀਂ ਕਰ ਸਕਦੀ । ਅਚੇਤ ਜਾਂ ਸੁਚੇਤ ਪਤਰਾਜੀ ਕਰਦੀ ਹੈ । ਫ਼ੀਊਡਲ ਦੇ ਵਿਰੁਧ ਉਠਦੀ ਬੁਰਜੁਆਜ਼ੀ ਦਾ ਰੋਲ ਇਨਕਲਾਬੀ ਸੀ । ਉਸ ਨੇ ਅਗੇਰੇ ਉਚੇਰੇ ਨਿਜ਼ਾਮ ਨੂੰ ਜਨਮ ਦੇਣਾ ਸੀ । ਸਮਾਜ ਦੀ ਉਸਾਰੀ ਦੇ ਉਸ ਇਤਿਹਾਸਕ ਪੜਾਅ 'ਤੇ ਲੋਕਾਂ ਦਾ ਹਿੱਤ ਫ਼ੀਊਡਲ ਦੇ ਵਿਰੁਧ, ਉਸ ਦੇ ਜਮਾਤੀ ਹਿੱਤ ਦੇ ਕਿਸੇ ਹੱਦ ਤਕ ਨਾਲ ਸੀ । ਪਰ ਬਾਵਜੂਦ ਉਸ ਦੇ ਇਨਕਲਾਬੀ ਰੋਲ ਦੇ, ਚੂੰਕਿ ਉਹ ਲੋਟੂ ਸੀ, ਉਹ ਵੀ ਆਪਣੇ ਅਸਲੇ ਦਾ ਸੱਚ ਨਾ ਦਸ ਸਕੀ । ਉਸ ਦੇ ਹਿੱਤ ਦਾ ਅਸਲਾ ਸੀ—ਸਰਮਾਏ ਦੀ ਆਜ਼ਾਦੀ । ਪਰ ਉਸ ਨੇ ਨਾਹਰਾ ਬੰਦੇ ਦੀ ਆਜ਼ਾਦੀ ਦੇ ਮੁਹਾਵਰੇ ਵਿਚ ਦਿੱਤਾ ਜਿਸ ਤਰ੍ਹਾਂ ਕਿ ਸੱਚੀਂ ਮੁਚੀਂ ਬਰਾਬਰੀ, ਬਰਾਦਰੀ ਤੇ ਆਜ਼ਾਦੀ ਉਸ ਦੀ ਆਪਣੀ ਜਿੰਦ ਜਾਨ ਹੋਵੇ । ਨਾਲੇ ਉਸ ਨੂੰ ਐਸੀ ਕੋਈ ਮਜਬੂਰੀ ਨਹੀਂ ਸੀ ਕਿ ਉਸ ਨੇ ਬੰਦੇ ਦੀ ਆਜ਼ਾਦੀ ਦੀ ਪ੍ਰਚਲਤ ਵਿਚਾਰਧਾਰਾ ਜਾਂ ਨਜ਼ਰੀਏ ਨੂੰ ਵਿਗਾੜ ਕੇ ਆਪਣੇ ਹਿੱਤ ਵਾਸਤੇ ਵਰਤਣਾ ਸੀ । ਉਸ ਦੇ ਵਾਸਤੇ ਵਿਚਾਰਧਾਰਕ ਪੱਧਰ 'ਤੇ ਮੈਦਾਨ ਸਾਫ਼ ਸੀ । ਉਹ ਫ਼ੀਊਡਲ ਦੀ ਕਾਬਜ਼ ਕਲਚਰ ਤੇ ਉਸ ਦੀ ਵਿਚਾਰਧਾਰਾ 'ਤੇ ਸਿੱਧਾ ਹਮਲਾ ਕਰ ਸਕਦੀ ਸੀ ਤੇ ਉਸ ਉਤੇ ਉਸ ਨੇ ਕੀਤਾ ਵੀ । ਪਰ ਲੋਕਾਂ ਵਾਸਤੇ ਉਸ ਨੂੰ ਆਜ਼ਾਦੀ, ਬਰਾਬਰੀ, ਬਰਾਦਰੀ ਆਦਿ ਦਾ ਚਕਮਾਂ ਦੇਣਾ ਪਿਆ । ਇਹ ਤਾਂ ਉਸ ਜਮਾਤ ਦੀ ਗੱਲ ਹੈ ਜਿਸ ਦਾ ਇਤਿਹਾਸਕ ਤੌਰ 'ਤੇ ਰੋਲ ਇਨਕਲਾਬੀ ਸੀ ।

ਜਦੋਂ ਲੋਟੂ ਜਮਾਤ ਨੇ ਵਰਤਣਾ ਹੋਵੇ ਆਜ਼ਾਦੀ ਦੇ ਨਜ਼ਰੀਏ ਨੂੰ ਤੇ ਉਸ ਵਾਸਤੇ ਲੋਕਾਂ ਦੇ ਜਜ਼ਬੇ ਨੂੰ, ਤੇ ਵਰਤਣਾ ਹੋਵੇ ਆਜ਼ਾਦੀ ਦੇ ਵਿਰੁਧ ਆਪਣੇ ਲੋਟੂ-ਹਿੱਤ ਵਾਸਤੇ ਤਾਂ ਲਾਜ਼ਮੀ ਹੁੰਦਾ ਹੈ ਕਿ ਉਹ ਠੱਗੀ ਮਾਰੇ, ਲੋਕਾਂ ਦੀ ਅੱਖੀਂ ਘੱਟਾ ਪਾਵੇ, ਆਜ਼ਾਦੀ ਦੇ ਨਜ਼ਰੀਏ ਵਿਚ ਵਿਗਾੜ ਪਾਵੇ, ਉਸ ਨਾਲ ਧ੍ਰੋਹ ਕਮਾਵੇ । ਐਸੀ ਹਾਲਤ ਵਿਚ ਉਸ ਦਾ 'ਆਪਣੀਆਂ ਮੂਲ ਇੱਛਾਵਾਂ' ਨੂੰ ਪ੍ਰਗਟ ਕਰਨਾ, ਉਹਨਾਂ ਨੂੰ ਉਭਾਸਰਨਾ ਵੀ ਜਾਣ ਬੁਝ ਕੇ ਆਪਣੀ ਮੌਤ ਸਹੇੜਨਾ ਹੁੰਦਾ ਹੈ । ਅਤੇ ਕੋਈ ਲੋਟੂ ਜਮਾਤ ਆਪਣੀ ਖ਼ੁਦਕਸ਼ੀ ਕਰਨ ਦੇ ਰਾਹੇ ਨਹੀਂ ਪੈਂਦੀ । ਆਜ਼ਾਦੀ ਦੇ ਜਿਸ ਨਜ਼ਰੀਏ ਤੇ ਜਿਸ ਇਨਕਲਾਬੀ ਵਿਚਾਰਧਾਰਾ ਵਾਸਤੇ ਮੁਲਖੱਈਏ ਦੇ ਮਨਾਂ ਵਿਚ ਇੱਜ਼ਤ ਹੈ, ਜਜ਼ਬਾ ਹੈ ਅਤੇ ਉਸ ਜਜ਼ਬੇ ਨੇ ਲੋਕਾਂ ਦੇ ਦਿਲਾਂ ਵਿਚ ਘਰ ਕੀਤਾ ਹੋਇਆ ਹੈ ਕਿਸੇ ਲੋਟੂ ਜਮਾਤ ਦਾ ਉਸ ਨਜ਼ਰੀਏ ਦੇ ਖ਼ਿਲਾਫ਼ ਮੂੰਹ ਚੜ੍ਹ ਬੋਲਣਾ ਆਪਣੀ ਮੌਤ ਨੂੰ ਮਾਸੀ ਆਖਣਾ ਹੈ । ਐਸੀ ਹਾਲਤ ਵਿਚ ਲੋਟੂ ਜਮਾਤਾਂ ਆਪਣਾ ਘਰ ਪੂਰਾ ਕਰਦੀਆਂ ਹਨ ਵਲ ਭੰਨ ਕੇ, ਵਲ ਫਰੇਬ ਨਾਲ ।

ਗੱਲ ਸਾਫ਼ ਕਰਨ ਲਈ ਮਿਸਾਲ ਲੈਂਦੇ ਹਾਂ । ਲੈਨਿਨ ਮਰ ਗਿਆ । ਰੂਸੀ ਪਾਰਟੀ ਇਕਾਨੋਮਿਜ਼ਮ ਦਾ ਸ਼ਿਕਾਰ ਹੋ ਗਈ । ਪਰੋਲਤਾਰੀ ਦੇ ਪੈਂਤੜੇ ਨੂੰ ਤਿਆਗ ਕੇ ਬੁਰਜੁਆ ਪੈਂਤੜੇ 'ਤੇ ਪਹੁੰਚ ਗਈ । ਕੀ ਉਸ ਨੇ 'ਆਪਣੀਆਂ ਮੂਲ ਇੱਛਾਵਾਂ ਦਾ ਪ੍ਰਗਟਾਵਾ' ਕੀਤਾ ? ਅਜ ਤਕ ਰੂਸ ਦੀ ਸਟੇਟ ਬੁਰਜੁਆਜ਼ੀ, ਮਾਰਕਸਵਾਦੀ ਹੋਣ ਦਾ ਦਾਹਵਾ ਕਰਦੀ ਚਲੀ ਜਾ ਰਹੀ ਹੈ । ਉਸ ਦੀ ਅਸਲੀਅਤ ਦਾ ਕੋਈ ਪੰਜਾਹ ਵਰ੍ਹੇ ਤੋਂ ਉਪਰ ਦੁਨੀਆਂ ਨੂੰ ਪਤਾ ਨਹੀਂ ਲੱਗਾ । ਉਸ ਨੇ ਪਤਾ ਨਹੀਂ ਲੱਗਣ ਦਿੱਤਾ । ਸਭ ਦੁਨੀਆਂ ਰੂਸ ਨੂੰ ਸਮਾਜਵਾਦੀ ਫਾਰਮੇਸ਼ਨ ਹੀ ਸਮਝਦੀ ਆਈ ਹੈ । ਉਸ ਦੀ ਅਸਲੀਅਤ ਅੰਤ ਦੱਸੀ—ਮਾਓਵਾਦ ਨੇ । ਹੁਣ ਚੀਨ ਦੀ ਪਾਰਟੀ ਦਾ ਵੀ ਇਹ ਹੀ ਹਾਲ ਹੈ । ਕੀ ਖ਼ਿਆਲ ਹੈ ਕਿ ਉਹ ਮਾਰਕਸਵਾਦ ਦੀ ਸਹੁੰ ਨਹੀਂ ਖਾਂਧੀ ਜਾਵੇਗੀ ? ਚੀਨ ਦੀ ਅਫ਼ਸਰਸ਼ਾਹੀ ਮੰਨੇਗੀ ਕਿ ਉਸ ਨੇ ਜਮਾਤੀ ਰੰਗ ਵਟਾ ਲਿਆ ਹੈ ਅਤੇ ਉਹ ਸਟੇਟ ਬੁਰਜੁਆਜ਼ੀ ਹੋ ਗਈ ਹੈ ? ਉਹ ਮਾਰਕਸ ਤੇ ਲੈਨਿਨ ਦੀਆਂ ਟੂਕਾਂ ਦੇਣੋਂ ਕਸਰ ਛੱਡੇਗੀ ? **ਐਸੀ ਹਾਲਤ ਵਿਚ ਬੁਰਜੁਆਜ਼ੀ**



**ਦਾ ਤਅਲੱਕ ਵਸੋਂ ਦ ਸਮਾਜਕ ਸਿਆਸੀ ਬਰਤਾਓ ਨਾਲ ਹੈ; ਦਿਮਾਗੀ ਪੱਧਰ 'ਤੇ ਲੋਕਾਂ ਨੂੰ ਆਪਣਾ ਜਮਾਤੀ-ਹਿੱਤ ਦਸਣ ਨਾਲ ਨਹੀਂ** । ਉਸ ਦਾ ਕੰਮ ਸਰਦਾ ਹੈ ਆਪਣੀ ਨੀਅਤ ਦਿਖਾਇਆਂ ਨਹੀਂ, ਬਲਕਿ ਉਸ ਨੂੰ ਲੁਕਾਇਆਂ ।

ਸਿੱਖ ਲਹਿਰ ਦੀ ਹੀ ਮਿਸਾਲ ਲੈ ਲਵੋ । ਗੁਰੂ ਸਾਹਿਬ ਦੇ ਜਾਣ ਦੇ ਮਗਰੋਂ ਸਿੱਖ ਲਹਿਰ ਦੀ ਕੀਤੀ ਗੁਰੀਲਾ ਜੰਗ ਕੋਈ ਪੰਜਾਹ ਸਾਲ ਤੋਂ ਵਧ ਆਜ਼ਾਦੀ ਦੇ ਪੈਂਤੜੇ 'ਤੇ ਰਹੀ । ਉਸ ਦੇ ਮਗਰੋਂ ਉਸ ਵਿਚ ਅੰਦਰੋਂ ਵਿਗਾੜ ਪਿਆ । ਪਦਾਰਥਕ ਹਾਲਾਤ ਦੀ ਇਹ ਕਰਨੀ ਸੀ । ਗੁਰੀਲਾ ਲੀਡਰ ਜੋ ਕਲ੍ਹ ਤਕ ਭਾਈ ਸੀ, ਹੁਣ ਸਰਦਾਰ ਬਣ ਬੈਠਾ । ਸਿਆਸੀ ਤਾਕਤ ਹੱਥ ਆਉਣ 'ਤੇ ਫ਼ੀਊਡਲ ਹੋ ਨਿਬੜਿਆ । ਮੇਹਨਤਕਸ਼ਾਂ ਦੀ ਕਮਾਈ 'ਤੇ ਪਲਣ ਲਗ ਪਿਆ । ਸਿੱਖ ਸਮਾਜ ਵਿਚ ਜਾਤ-ਪਾਤ ਨੇ ਮੁੜ ਆਣ ਪੈਂਤੜਾ ਮੱਲਿਆ । ਜਮਾਤੀ ਪੈਂਤੜਾ ਸੋਲ੍ਹਾਂ ਆਨੇ ਤਬਦੀਲ ਹੋ ਗਿਆ । ਦਿਮਾਗੀ ਪੱਧਰ 'ਤੇ ਜਮਾਤੀ ਪੈਂਤੜੇ ਦੀ ਇਸ ਤਬਦੀਲੀ ਦਾ ਕਿਹੜਾ ਵਿਚਾਰਧਾਰਕ ਸੀ ? ਅਮਲ ਦੀ ਪੱਧਰ 'ਤੇ ਜਮਾਤੀ ਪੈਂਤੜੇ ਦੀ ਤਬਦੀਲੀ ਸੋਲ੍ਹਾਂ ਆਨੇ ਹੋਈ । ਲੋਕ, ਫ਼ੀਊਡਲ ਨੂੰ ਗੁਰੂ ਸਾਹਿਬਾਨ ਵਾਲਾ ਗੁਰਮੁਖ ਸਿੱਖ ਹੀ ਸਮਝਦੇ ਆਏ । ਲੋਕਾਂ ਦਾ ਤਾਂ ਕਹਿਣਾ ਹੀ ਕੀ ਹੈ ਕਨਿੰਘਮ ਤੋਂ ਲੱਗ ਕੇ ਅਜ ਤਕ ਦੇ ਸਾਡੇ ਪੇਸ਼ਾਵਾਰ ਇਤਿਹਾਸਕਾਰ ਵੀ ਇਹ ਨਿਖੇੜਾ ਨਹੀਂ ਕਰ ਸਕੇ ਕਿ ਗੁਰੂ ਸਾਹਿਬਾਨ ਦੀ ਲਹਿਰ ਫ਼ੀਊਡਲ ਦੇ ਵਿਰੁਧ ਸਰਬਤ ਦੀ ਆਜ਼ਾਦੀ ਦੀ ਲਹਿਰ ਸੀ ਅਤੇ ਮਿਸਲਾਂ ਤੇ ਰਣਜੀਤ ਸਿੰਘ ਦੀ ਫਾਰਮੇਸ਼ਨ ਫ਼ੀਊਡਲ ਸੀ । ਉਠਦੀ ਸਿੱਖ ਬੁਰਜੁਆਜ਼ੀ ਨੇ ਫ਼ੀਊਡਲ ਦੀ ਸਿੱਖੀ ਦੇ ਵਿਰੁਧ ਤਾਂ ਜਹਾਦ ਕੀਤਾ, ਉਸ ਵਿਚ ਸੁਧਾਰ ਲਿਆਂਦਾ ਪਰ ਕੀਤਾ ਸਿੱਖੀ ਨੂੰ ਆਪਣੇ ਹਿੱਤ ਦੇ ਅਨੁਸਾਰੀ । **ਬੁਰਜੁਆ ਦੌਰ ਦੇ ਗੁਰਬਾਣੀ ਦੇ ਟੀਕਾਕਾਰਾਂ ਤੇ ਉਠਦੀ ਸਿੱਖ ਬੁਰਜੁਆਜ਼ੀ ਦੇ ਵਿਚਾਰਧਾਰਕਾਂ ਨੇ ਬੁਰਜੁਆਜ਼ੀ ਦੀ ਮੁਨਾਫ਼ਾਖੋਰੀ ਦੇ ਮਸਲੇ ਨੂੰ ਛਿੜਨ ਤਕ ਹੀ ਨਹੀਂ ਦਿੱਤਾ । ਮੁਨਾਫ਼ਾਖੋਰੀ ਨੂੰ ਸਿਧਾਂਤ ਦੀ ਪੱਧਰ 'ਤੇ ਲਿਆਉਣ ਨੂੰ ਮਾਰੀ ਕਾਠ, ਪਰ ਅਮਲ ਦੀ ਪੱਧਰ 'ਤੇ ਇਸ ਨੂੰ ਰਾਇਜ ਕਰ ਲਿਆ ਤੇ ਇਸ ਨੂੰ ਦਸਾਂ ਨੌਹਾਂ ਦੀ ਕਿਰਤ ਬਣਾ ਲਿਆ** । ਤੇ ਹਲਵਾਰਵੀ ਹੋਰੀਂ ਆਸ ਰਖਦੇ ਹਨ (!) ਕਿ ਜੱਟ ਬੁਰਜੁਆਜ਼ੀ ਨੇ ਆਪਣੇ ਹਿੱਤ ਵਾਸਤੇ ਵਰਤਣਾ ਤੇ ਹੈ ਸਿੱਖ ਜਜ਼ਬੇ ਤੇ ਸਿੱਖ ਸੰਸਥਾਵਾਂ ਨੂੰ, ਪਰ ਆਪਣਾ ਜਮਾਤੀ ਹਿੱਤ ਉਹ ਦਸ ਦੇਵੇ ਉਘੜ ਕੇ ਤੇ ਵਿਚਾਰਧਾਰਕ ਸਥਾਪਤ ਕਰ ਕੇ, ਉਸ ਨੂੰ ਗੱਦੀ-ਨਸ਼ੀਨ ਕਰਵਾ ਕੇ (!!) ਤੇ ਪ੍ਰੈਸ ਤੇ ਪਲੇਟ ਫਾਰਮ ਤੇ "ਲਿਖਤੀ (ਜਾਂ ਮੌਖਿਕ) ਰੂਪ ਵਿਚ" ਤੇ ਉਘੜ ਕੇ ਸਪੱਸ਼ਟ ਉਹ ਇਹ ਕਰੇ ਕਿ ਸਿੱਖ ਜਜ਼ਬੇ ਤੇ ਸਿੱਖੀ ਦੀਆਂ ਸੰਸਥਾਵਾਂ ਨੂੰ ਉਹ ਜੱਟਵਾਦ ਦੀ ਪੰਜਾਲੀ ਕਿਵੇਂ ਜੋ ਰਹੀ ਹੈ (!!!) ਇਹ ਹੈ ਹਲਵਾਰਵੀ ਹੁਰਾਂ ਦਾ ਮਾਰਕਸਵਾਦ ! ਜਟਉਪੁਣੇ ਦੇ ਬੁਰਜੁਆ ਅਸਲੇ ਦੀ, ਉਸ ਦੇ ਸ਼ਾਵਨਿਜ਼ਮ ਦੀ, ਉਸ ਦੇ ਕੁਫ਼ਰ ਦੀ ਮਜ਼ਾਲ ਹੈ ਕਿ ਉਹ ਨੰਗਾ ਹੋ ਕੇ ਸਿੱਖੀ ਦੇ ਸੱਚ ਦਾ ਸਾਹਮਣਾ ਕਰ ਸਕੇ; ਉਸ ਨੂੰ ਆਪਣਾ ਮੂੰਹ ਵਿਖਾ ਸਕੇ ? ਸਿੱਖ ਵਸੋਂ ਵਿਚ ਜਾਤ ਪਾਤ ਸਰਮਾਏਦਾਰੀ ਦੇ ਜਨਮ ਲੈਣ ਤੋਂ ਪਹਿਲਾਂ ਦੀ ਹੀ ਆ ਚੁਕੀ ਹੈ ਪਰ ਗੁਰੂ ਸਾਹਿਬਾਨ ਦੀ ਸਿੱਖੀ ਦੇ ਵਿਰੁਧ, ਸਿੱਖੀ ਦੀ ਵਿਚਾਰਧਾਰਾ ਦੇ ਖੇਤਰ ਵਿਚ ਉਹ ਆਪਣਾ ਰੈਸ਼ਨੇਲ ਨਹੀਂ ਖੜਾ ਕਰ ਸਕਦੀ, ਭਾਵੇਂ ਅਮਲ ਦੀ ਪੱਧਰ 'ਤੇ ਸਿੱਖ ਵਸੋਂ ਵਿਚ ਜਾਤ ਪਾਤ ਕਾਬਜ਼ ਹੈ ।

ਹੁਣ ਪਿੰਡ ਦੇ ਸੀਨ 'ਤੇ ਸਰਮਾਇਆ ਲਗ ਗਿਆ ਹੈ ਤੇ ਪਿੰਡ ਦੀ ਬੁਰਜੁਆਜ਼ੀ ਨੇ, ਸਿੱਖ ਜਟ ਬੁਰਜੁਆਜ਼ੀ ਨੇ ਸਿੱਖ ਜਜ਼ਬੇ ਤੇ ਸਿੱਖੀ ਦੀਆਂ ਸੰਸਥਾਵਾਂ ਨੂੰ ਆਪਣੇ ਧੜੇ ਦੇ ਹਿੱਤ ਦਾ ਸੰਦ

ਬਣਾ ਲਿਆ ਹੈ। ਤੱਤ ਹਰ ਇਕ ਦੇ ਸਾਹਮਣੇ ਹਨ ਅਤੇ ਉਹਨਾਂ ਵਿਚ ਸ਼ੱਕ ਦੀ ਘਟ ਹੀ ਗੁੰਜਾਇਸ਼ ਹੈ। ਸਿੱਖੀ ਦੀ ਇਕ ਮੂਲ ਵਿਚਾਰਧਾਰਕ ਸੰਸਥਾ ਗੁਰਦੁਆਰਾ ਹੈ। ਉਹ ਵੀ ਹੁਣ ਬੁਰਜੁਆ ਬਣਤਰ ਦੇ, ਬੁਰਜੁਆ ਦੌਰ ਦੀ ਜਾਤ ਪਾਤੀ ਬਣਤਰ ਦੇ ਢਹੇ ਚੜ੍ਹ ਗਿਆ ਹੈ। ਪਿੰਡ ਦਾ ਗੁਰਦੁਆਰਾ, ਉਸ ਦਾ ਪ੍ਰਬੰਧ, ਉਸ ਦਾ ਰੋਲ ਬੁਰਜੁਆ ਬਣਤਰ ਵਾਲੇ ਜੱਟ, ਜਟਊਪੁਣੇ ਵਾਲੇ ਜੱਟ ਦੇ ਕਬਜ਼ੇ ਵਿਚ ਹੈ। ਤੇ ਇਹ ਕਬਜ਼ਾ ਤਾਕਤ ਹੈ। ਜਿੱਥੇ ਤਾਂ ਪਿੰਡ ਦੇ ਸਿੱਖ ਕਮੀਨ ਕਾਂਦੂ ਬਿਲਕੁਲ ਮਾਤਾ ਦਾ ਮਾਲ ਹਨ ਉਹ ਤਾਂ ਕਬੂਤਰ ਵਾਂਗ ਅੱਖਾਂ ਮੀਟ ਕੇ, ਦਿਸਦੇ ਨੂੰ ਅਣਡਿੱਠ ਕਰ ਕੇ, ਦੜ ਵੱਟ ਕੇ ਆਪਣੇ ਦਿਨ ਪੂਰੇ ਕਰ ਰਹੇ ਹਨ। ਉਹ ਇਸ ਸਵਾਲ ਵਲ ਆਉਂਦੇ ਹੀ ਨਹੀਂ ਕਿ ਗੁਰਦੁਆਰਾ ਕਿਸ ਦਾ ਹੈ ? ਜਿੱਥੇ ਕੋਈ ਗੱਲ ਚੁਕਦਾ ਹੀ ਨਹੀਂ, ਉਥੇ ਗੁਰਦੁਆਰੇ ਦੀ ਜਾਤਪਾਤੀ ਮਲਕੀਅਤ ਦੀ ਅਸਲੀਅਤ ਜ਼ਾਹਿਰ ਹੀ ਨਹੀਂ ਹੁੰਦੀ। ਪੰਜਾਬ ਵਿਚ ਜਾਂ ਬਾਹਰ ਜਿੱਥੇ ਗ਼ੈਰ-ਜੱਟਾਂ ਵਿਚ ਜਾਨ ਹੈ ਉਥੇ ਉਹ ਸਵਾਲ ਉਠਾਉਂਦੇ ਹਨ ਕਿ ਗੁਰਦੁਆਰਾ ਸਿੱਖਾਂ ਦਾ ਕਿ ਜੱਟਾਂ ਦਾ ? ਤੇ ਜਿੱਥੇ ਉਹਨਾਂ ਦੀ ਹੈਸੀਅਤ ਹੈ ਉਥੇ ਜਟ-ਸ਼ਾਵਨਿਜ਼ਮ ਤੋਂ ਤੰਗ ਆ ਕੇ ਉਹ ਆਪਣਾ ਗੁਰਦੁਆਰਾ ਅੱਡ ਬਣਾ ਬੈਠੇ ਹਨ। ਤੇ ਇੰਜ **ਸਰਬਤ ਦੀ ਆਜ਼ਾਦੀ ਦੀ ਸੰਸਥਾ—ਗੁਰਦੁਆਰਾ—ਬਣ ਗਿਆ ਹੈ...ਬੁਰਜੁਆ ਦੌਰ ਦੀ ਜਾਤ ਪਾਤ ਦਾ ਗੁਰਦੁਆਰਾ—ਜੱਟਾਂ ਦਾ ਗੁਰਦੁਆਰਾ, ਰਾਮਗੜ੍ਹੀਆਂ ਦਾ ਗੁਰਦੁਆਰਾ, ਮਜ਼ਬੀਆਂ ਦਾ ਗੁਰਦੁਆਰਾ**, ਆਦਿ। ਅੱਜ ਬੁਰਜੁਆ ਦੌਰ ਦਾ ਜੱਟ ਸ਼ਾਵਨਿਜ਼ਮ, ਜਾਤ ਪਾਤੀ ਸ਼ਾਵਨਿਜ਼ਮ ਇਸ ਹੱਦ ਤਕ ਪਹੁੰਚ ਗਿਆ ਹੈ।

ਅਕਾਲੀ ਪਾਰਟੀ ਦਾ ਆਧਾਰ ਸਿੱਖ ਜਜ਼ਬਾ ਹੈ। ਪਰ ਪੰਜਾਬ ਅਸੈਂਬਲੀ ਵਿਚ, ਉਸ ਦੀ ਟਿਕਟ 'ਤੇ ਪੇਂਡੂ ਹਲਕਿਆਂ ਵਿਚੋਂ ਕਿੰਨੇ ਗ਼ੈਰ-ਜੱਟ ਆਏ ਹਨ ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਿਰੋਲ ਸਿੱਖ ਸੰਸਥਾ ਹੈ। ਸਿੱਖੀ ਦੇ ਵਿਚਾਰਧਾਰਕ ਅੰਡਬਰ ਦੀ ਇਹ ਮੂਲ ਮਾਲਕ **ਹੈ**। ਪਿੰਡ ਦੇ ਸੀਨ ਤੋਂ ਕਿੰਨੇ ਗੈਰ-ਜੱਟ ਇਸ ਵਿਚ ਚੁਣੇ ਗਏ ਹਨ ? ਅਸੈਂਬਲੀ ਵਿਚ ਤੇ ਸ਼੍ਰੋਮਣੀ ਕਮੇਟੀ ਵਿਚ ਕਿਹੜੀ ਕਿਸਮ ਦੇ ਜੱਟ ਚੁਣੇ ਗਏ ਹਨ ? ਉਸ ਕਿਸਮ ਦੇ ਜਿਸ ਕਿਸਮ ਦੇ ਬੁਰਜੁਆ ਦੌਰ ਨੇ ਪੈਦਾ ਕੀਤੇ ਹਨ। ਗੁਰੂ ਸਾਹਿਬਾਨ ਦੇ ਲਿਆਂਦੇ ਕਲਚਰਲ ਇਨਕਲਾਬ ਦੇ ਸਿਰਜੇ—ਕੁਲ ਨਾਸ਼, ਕਰਮ ਨਾਸ਼, ਧਰਮ ਨਾਸ਼ ਵਾਲੇ ਜੱਟ ਨਹੀਂ, ਬਲਕਿ ਜਾਤ ਪਾਤੀ ਸੱਚੇ ਵਿਚ ਢਲੇ ਜੱਟ — ਬੁਰਜੁਆ ਬਣਤਰ ਵਾਲੇ ਜੱਟ — ਜੱਟਊਪੁਣੇ ਵਾਲੇ ਜੱਟ।

ਸਿੱਖੀ, ਸਿੱਖ ਵਸੋਂ ਦਾ ਮਜ਼੍ਹਬ ਹੈ, ਉਸ ਦਾ ਮਜ਼੍ਹਬੀ ਤੇ ਕਲਚਰਲ ਵਿਰਸਾ ਹੈ। ਇਹ ਵਿਰਸਾ ਸਮਕਾਲੀ ਜਜ਼ਬੇ ਦੀ ਸ਼ਕਲ ਵਿਚ ਹੈ, ਸਮਕਾਲੀ ਸੰਸਥਾਵਾਂ, ਸਮਕਾਲੀ ਵਿਚਾਰਧਾਰਕ ਅਡੰਬਰ ਦੀ ਸ਼ਕਲ ਵਿਚ ਹੈ। ਸਿੱਖ ਜਜ਼ਬਾ ਤੇ ਸਿੱਖ ਸੰਸਥਾਵਾਂ ਹੋ-ਗੁਜ਼ਰੀ ਗੱਲ ਨਹੀਂ; ਇਹ ਅੱਜ ਵੀ ਤਾਕਤ ਹਨ; ਸਮਕਾਲੀ ਸਿਆਸੀ ਤਾਕਤ ਹਨ। ਇਹ ਕਿਸ ਤਰ੍ਹਾਂ ਮੁਮਕਿਨ ਹੈ ਕਿ ਹੋਵੇ ਬੁਰਜੁਆਜ਼ੀ — ਕੋਈ ਵੀ ਹੋਵੇ — ਤੇ ਤਾਕਤ ਦਾ ਜੋ ਵੀ ਸੋਮਾਂ ਹੈ, ਉਸ ਨੂੰ ਉਹ ਕੁੰਜ-ਗੋਸ਼ੇ ਕਰਨ ਦੀ ਕੋਸ਼ਿਸ਼ ਨਾ ਕਰੇ ? ਜਦੋਂ ਜੱਟ ਬੁਰਜੁਆਜ਼ੀ ਸਿੱਖ ਸੰਸਥਾਵਾਂ 'ਤੇ ਕਾਬਜ਼ ਹੈ, ਕੀ ਇਹ ਹੋ ਸਕਦਾ ਹੈ ਕਿ ਉਹ ਸਿਖ ਵਿਚਾਰਧਾਰਕ ਅੰਡਬਰ ਨੂੰ, ਸਿੱਖ ਜਜ਼ਬੇ ਨੂੰ ਆਪਣੇ ਹਿੱਤ ਵਾਸਤੇ ਨਾ ਵਰਤੇ ? ਜਿਸ ਪਹਾੜ ਜਿੱਡੇ ਤੱਥ ਨੂੰ ਅਸੀਂ ਮੁਖ਼ਾਤਬ ਹਾਂ — ਉਹ ਇਹ ਹੈ ਕਿ ਵਰਤਿਆ ਜਾਵੇ ਸਿੱਖ ਵਿਰਸਾ, ਸਿੱਖ ਜਜ਼ਬਾ, ਸਿੱਖੀ ਦੀਆਂ ਸੰਸਥਾਵਾਂ ਤੇ ਚੁਣੇ ਜਾਣ ਸਿਰਫ਼ ਜੱਟ। ਵਰਤੀ ਜਾਵੇ ਸਿੱਖੀ ਤੇ ਤਾਕਤ ਆਵੇ ਜੱਟ ਬੁਰਜੁਆਜ਼ੀ ਦੇ ਹੱਥ। ਇਹ ਅਮਲ ਦੀ ਪੱਧਰ 'ਤੇ ਜੱਟਵਾਦ ਨੂੰ ਸਿੱਖੀ ਦਾ ਮੂਲ ਬਣਾਇਆਂ ਬਗ਼ੈਰ



ਕੀ ਮੁਮਕਿਨ ਹੈ ?

ਪਰ ਲਗਦਾ ਇਹ ਹੈ ਕਿ ਹਲਵਾਰਵੀ ਹੁਰਾਂ ਦੇ ਮਾਰਕਸਵਾਦ ਵਾਸਤੇ ਕਿਸੇ ਜਮਾਤ ਦੇ ਅਮਲ ਦਾ ਕੋਈ ਅਰਥ ਹੀ ਨਹੀਂ। ਉਹ ਕਿਸੇ ਗਿਣਤੀ ਵਿਚ ਹੀ ਨਹੀਂ। ਅਰਥ ਹੈ ਸਿਰਫ਼ ਜਮਾਤ ਦੇ ਸਿਧਾਂਤ ਦਾ, ਤਾਜਪੋਸ਼ ਹੋਏ 'ਸਿਧਾਂਤਕ ਬੁਲਾਰਿਆ ਰਾਹੀਂ' ਪ੍ਰਗਟ ਹੋਏ ਸਿਧਾਂਤ ਦਾ। ਜੇ ਆਪਣੇ ਹਿੱਤ ਦੀ ਰਾਖੀ ਨੂੰ ਮੁਖ ਰਖਦੀ ਜਮਾਤ ਆਪਣੇ ਅਮਲ ਨੂੰ, ਉਸ ਦੇ ਅਸਲੇ ਨੂੰ ਦਿਮਾਗੀ ਪੱਧਰ 'ਤੇ ਸਿਧਾਂਤ ਦੀ ਸ਼ਕਲ ਨਹੀਂ ਦੇਂਦੀ ਤਾਂ ਹਲਵਾਰਵੀ ਹੁਰਾਂ ਦੇ ਅਨੁਸਾਰ ਉਹ ਅਮਲ ਹੈ ਹੀ ਨਹੀਂ। ਉਹ ਨਿਰੀ 'ਕਿਸ਼ਨ ਸਿੰਘ ਹੋਰਾਂ ਦੀ ਆਪੇ ਘੜੀ' ਘਾੜਤ ਹੈ। ਅਸਲ ਗੱਲ ਇਹ ਹੈ ਕਿ ਹਲਵਾਰਵੀ ਹੁਰਾਂ ਦੇ ਮਾਰਕਸਵਾਦ ਨੂੰ ਸਿੱਖੀ ਦੇ ਮੁਹਾਜ਼ 'ਤੇ ਜੱਟ ਬੁਰਜੁਆਜ਼ੀ ਦਾ ਅਮਲ ਦਿਸਦਾ ਹੀ ਨਹੀਂ। ਸ਼ਾਇਦ ਉਹ ਵੇਖਣਾ ਹੀ ਨਹੀਂ ਚਾਹੁੰਦੇ। ਸਾਡਾ ਉਹਨਾਂ ਨੂੰ ਇਹੀ ਕਹਿਣਾ ਹੈ ਕਿ ਉਹ ਅੱਖਾਂ ਪੁਟ ਕੇ ਵੇਖਣ ਕਿ ਪਿੰਡ ਦੇ ਸੀਨ ਦੇ ਕਲਚਰਲ ਮੁਹਾਜ਼ 'ਤੇ ਪੈਦਾ ਹੋ ਗਏ ਬੁਰਜੁਆ ਰਿਸ਼ਤੇ ਕੀ ਗੁੱਲ ਖਿਲਾ ਰਹੇ ਹਨ।

ਅਸਲੀਅਤ ਨੂੰ ਸਮਝਾਉਣ ਵਾਸਤੇ ਜਦੋਂ ਮੈਂ ਜੱਟ ਬੁਰਜੁਆਜ਼ੀ ਦੇ ਅਮਲ ਨੂੰ ਜ਼ਬਾਨ ਲਾਈ ਹੈ ਤਾਂ ਹਲਵਾਰਵੀ ਹੁਰੀਂ ਲਿਖਦੇ ਹਨ : "ਇਸ ਦੀ ਥਾਂ ਉਹ ਜੱਟਵਾਦ ਨੂੰ ਸਿੱਖੀ ਦਾ ਮੂਲ ਬਣਾਉਣ ਲਈ ਪੂਰੇ ਦਾ ਪੂਰਾ 'ਰੈਸ਼ਨੇਲ' ਕਢ ਮਾਰਦੇ ਹਨ (ਸਫ਼ਾ 17 ਦਾ ਅੰਤਮ ਪੈਰਾ) ਇਉਂ ਜੱਟਵਾਦ ਨੂੰ ਸਿਧਾਂਤਕ ਰੂਪ ਵਿਚ ਪੇਸ਼ ਕਰਨਾ ਕਿਸ਼ਨ ਸਿੰਘ ਹੋਰਾਂ ਦੀ ਨਵੀਂ 'ਪ੍ਰਾਪਤੀ' ਹੈ। ਇਸ ਤੋਂ ਵੱਧ ਉਹ ਕਈ ਵਾਰ ਸਮੱਸਿਆ ਨੂੰ ਵਿਚਾਰਦੇ ਹੋਏ ਇਸ ਨੂੰ ਹੋਰ ਵੱਡੀ ਜਾਂ ਨਵੀਂ ਸਮੱਸਿਆ ਦਾ ਰੂਪ ਦਿੰਦੇ ਹਨ......"

ਜੱਟ ਬੁਰਜੁਆਜ਼ੀ ਦੇ, ਸਿੱਖੀ ਦੇ ਮੁਹਾਜ਼ 'ਤੇ ਅਮਲ ਨੂੰ ਜ਼ਬਾਨ ਮੈਂ ਲਾਈ ਹੈ। ਉਸ ਨੂੰ ਜ਼ਬਾਨ ਲਾਉਣਾ ਮੇਰੇ ਵਾਸਤੇ ਲਾਜ਼ਮੀ ਸੀ। ਇਸ ਤੋਂ ਬਗ਼ੈਰ ਅਸਲੀਅਤ ਸਮਝਾਈ ਕਿਸ ਤਰ੍ਹਾਂ ਜਾ ਸਕਦੀ ਸੀ ? ਆਪਣੇ ਕਿਸੇ ਵਿਚਾਰਧਾਰਕ ਰਾਹੀਂ ਜੱਟ ਬੁਰਜੁਆਜ਼ੀ ਆਪਣੇ ਇਸ ਅਮਲ ਨੂੰ ਇਹ ਜ਼ਬਾਨ ਕਦੇ ਨਹੀਂ ਲਾ ਸਕਦੀ। ਕਦੇ ਲਵਾਏਗੀ ਵੀ ਨਹੀਂ। ਇਉਂ ਕਰ ਕੇ ਉਸ ਨੇ ਆਪਣੀ ਮੌਤ ਨਹੀਂ ਸਹੇੜਨੀ। ਉਸ ਦੀ ਆਪਣੇ ਜਮਾਤੀ-ਹਿੱਤ ਦੀ ਚੇਤਨਤਾ ਹਲਵਾਰਵੀ ਹੁਰਾਂ ਦੇ ਮਾਰਕਸਵਾਦ ਨਾਲੋਂ ਕਿਤੇ ਸਿਆਣੀ ਹੈ। ਪਿੰਡ ਦੇ ਖੁੰਢਾਂ 'ਤੇ ਬੈਠਿਆਂ ਕਦੀ ਜ਼ਬਾਨ ਵਾਹ ਦੇਣੀ ਹੋਰ ਗੱਲ ਹੈ। ਇਹ ਦੁਹਰਾ ਦੇਣਾ ਬੇਲੋੜਾ ਨਹੀਂ ਕਿ ਹਲਵਾਰਵੀ ਹੁਰਾਂ ਦੇ ਮਾਰਕਸਵਾਦ ਦੀ ਸੋਚੀ ਸਮਝੀ, ਪੱਕੀ ਬਣੀ ਰਾਏ ਇਹ ਹੈ ਕਿ ਮਜ਼੍ਹਬ ਦੇ ਮੁਹਾਜ਼ 'ਤੇ, ਕਲਚਰ ਦੇ ਮੁਹਾਜ਼ 'ਤੇ ਜੱਟ ਬੁਰਜੁਆਜ਼ੀ ਦਾ ਖੜਾ ਕੀਤਾ ਕੋਈ ਮਸਲਾ ਹੈ ਹੀ ਨਹੀਂ। ਐਵੇਂ ਕਿਸ਼ਨ ਸਿੰਘ ਮਸਨੂਈ ਮਸਲੇ ਖੜੇ ਕਰੀ ਫਿਰਦਾ ਹੈ : "ਜਦ ਪ੍ਰੋ: ਸਾਹਿਬ ਨੇ ਉਹਨਾਂ (ਆਜ਼ਾਦੀ ਦੇ ਰਾਹ ਵਾਲਿਆਂ) ਲਈ ਇਹ ਸਮੱਸਿਆ ਪੈਦਾ ਕਰ ਹੀ ਦਿੱਤੀ ਹੈ......।" ਕੀ ਕੋਈ ਬੁਰਜੁਆਜ਼ੀ ਵੀ ਮਜ਼੍ਹਬ ਦਾ, ਕਲਚਰ ਦਾ ਮੁਹਾਜ਼ ਖ਼ਾਲੀ ਛੱਡ ਸਕਦੀ ਹੈ ? ਕੀ ਜੱਟ ਬੁਰਜੁਆਜ਼ੀ ਨੇ ਸਿੱਖੀ ਦਾ ਮੁਹਾਜ਼ ਖ਼ਾਲੀ ਛੱਡਿਆ ਹੋਇਆ ਹੈ ? ਕੀ ਉਹ ਇਸ ਮੁਹਾਜ਼ 'ਤੇ ਆਪਣਾ ਜਮਾਤੀ ਹਿੱਤ ਪੂਰ ਰਹੀ ਹੈ ਜਾਂ ਇਸ ਮੁਹਾਜ਼ 'ਤੇ ਆਪਣਾ ਜਮਾਤੀ ਪੈਂਤੜਾ, ਹਿੱਤ, ਤਿਆਗ ਕੇ ਸਰਬਤ ਦੀ ਆਜ਼ਾਦੀ ਉਸਾਰ ਰਹੀ ਹੈ ?

ਹਲਵਾਰਵੀ ਹੁਰਾਂ 'ਬੁਧੀਜੀਵੀ ਜਾਂ ਸਿਧਾਂਤਕਾਰ' ਦਾ ਕਰਤੱਵ ਦਸਿਆ ਹੈ ! "ਜਦੋਂ ਕੋਈ ਵਿਅਕਤੀ ਕਿਸੇ ਸਮੱਸਿਆ ਨੂੰ ਹੱਥ ਪਾਉਂਦਾ ਹੈ ਤਾਂ ਉਹ ਕਿਸੇ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਉਸ ਸਮੱਸਿਆ ਦੇ ਪਿਛੋਕੜ, ਉਸ ਦੀ ਵਰਤਮਾਨ ਸਥਿਤੀ ਤੇ ਉਸ ਦੇ ਮਨੁਖ ਲਈ ਕਲਿਆਣਕਾਰੀ

ਸੰਭਵ ਹੱਲ ਵਾਸਤੇ ਕੁਝ ਠੋਸ ਸੁਝਾਅ ਦਿੰਦਾ ਹੈ।'' ਆਪਣੇ ਇਸ ਕਥਨ ਦੇ ਪ੍ਰਸੰਗ ਵਿਚ ਉਹ ਮੇਰੀ ਬਾਬਤ ਲਿਖਦੇ ਹਨ : ''ਉਹ ਬਹੁਤ ਵਾਰ ਸਮੱਸਿਆ ਤੋਂ ਉਸ ਦੇ ਹੱਲ ਤਕ ਨਹੀਂ ਸਗੋਂ ਸਮੱਸਿਆ ਤੋਂ ਸਮੱਸਿਆ ਤਕ ਵਿਚਾਰ-ਯਾਤਰਾ ਕਰਦੇ ਹਨ।'' ''ਚਾਹੀਦਾ ਤਾਂ ਇਹ ਸੀ ਕਿ ਪ੍ਰੋ: ਕਿਸ਼ਨ ਸਿੰਘ ਸਮਕਾਲੀ ਜੱਟਵਾਦ ਦੀ ਅਸਲੀਅਤ ਨੂੰ ਸਮਝਣ ਤੇ ਉਸ ਨੂੰ ਜੜ੍ਹਾਂ ਤੋਂ ਉਖਾੜਨ ਦਾ ਰਾਹ ਦਸਦੇ......।'' ਏਥੇ ਵੀ ਗੱਲ ਮੇਰੇ ਵਲੋਂ ਨਹੀਂ ਰਹੀ। ਸਮਝ ਹਲਵਾਰਵੀ ਹੁਰਾਂ ਦੀ ਨੇ ਟਪਲਾ ਖਾਧਾ ਹੈ। ਜਿਥੋਂ ਤਕ ਇਤਿਹਾਸਕ ਪਿਛੋਕੜ ਦਾ ਤਅਲਕ ਹੈ ਮੇਰੇ ਲਿਖੇ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿੱਖ ਲਹਿਰ ਫੀਊਡਲ ਦੇ ਵਿਰੁਧ, ਸਰਬਤ ਦੀ ਆਜ਼ਾਦੀ ਦੀ ਲਹਿਰ ਸੀ। ਮਿਸਲਾਂ ਵੇਲੇ ਤੇ ਰਣਜੀਤ ਸਿੰਘ ਵੇਲੇ ਇਸ ਵਿਚ ਫੀਊਡਲ ਹਿੱਤ ਪਾਇਆ ਗਿਆ ਤੇ ਬੁਰਜੂਆ ਦੌਰ ਵਿਚ ਇਸ ਵਿਚ ਬੁਰਜੂਆ ਹਿੱਤ ਪੁੜਿਆ ਗਿਆ। ਤੇ ਹੁਣ ਬੁਰਜੂਆਜ਼ੀ ਦਾ ਇਕ ਧੜਾ, ਜੱਟ-ਬੁਰਜੂਆਜ਼ੀ, ਇਸ ਵਿਚ ਆਪਣਾ ਅਸਲਾ ਪਾ ਕੇ ਇਸ ਨੂੰ ਆਪਣੇ ਹਿੱਤ ਵਾਸਤੇ ਵਰਤ ਰਿਹਾ ਹੈ। ਇਸ ਤਰ੍ਹਾਂ ਹੀ ਮੈਂ ਜਾਤ ਪਾਤ ਬਾਬਤ, ਜਟਊਪੁਣੇ ਬਾਬਤ ਵੀ ਕੋਈ ਸ਼ੱਕ ਨਹੀਂ ਛੱਡਿਆ। 'ਹੁਣ ਵਾਲਾ ਜਟਊਪੁਣਾ ਪੁਰਾਣਾ ਜਟਊਪੁਣਾ ਨਹੀਂ, ਫੀਊਡਲ ਵੇਲੇ ਵਾਲਾ ਵੀ ਨਹੀਂ। ਨਾਂ ਤਾਂ ਉਹ ਹੀ ਹੈ ਪਰ ਅਸਲਾ ਇਸ ਦਾ ਨਾ ਫਿਊਡਲ ਹੈ ਤੇ ਨਾ ਉਸ ਤੋਂ ਪਹਿਲਾਂ ਵਾਲਾ। ਜੇ ਇਸ ਦਾ ਅਸਲਾ ਫੀਊਡਲ ਆਦਿ ਵਾਲਾ ਹੁੰਦਾ ਤਾਂ ਇਹ ਮੁਰਝਾ ਰਿਹਾ ਹੁੰਦਾ। ਪਰ ਇਸ ਦਾ ਅਸਲਾ ਹੈ ਬੁਰਜੂਆ......।'' (ਸੇਧ, ਨਵੰਬਰ, 1979, ਸਫਾ 14) ਮੈਂ ਉਘੜ ਕੇ ਸਪੱਸ਼ਟ ਤਾਂ ਕਰ ਦਿੱਤਾ ਹੈ ਕਿ ਜਟਊਪੁਣੇ ਦਾ ਅਸਲਾ ਬੁਰਜੂਆ ਹੈ। ਪਰ ਮੇਰੇ ਐਨਾ ਸਪੱਸ਼ਟ ਕਰਨ ਦੇ ਬਾਵਜੂਦ ਵੀ ਹਲਵਾਰਵੀ ਹੁਰਾਂ ਨੂੰ ਇਸ ਦੀ ਅਸਲੀਅਤ ਦੀ ਸਮਝ ਨਹੀਂ ਆਈ ਤੇ ਕਹਿੰਦੇ ਹਨ ਕਿ ਮੈਨੂੰ ਚਾਹੀਦਾ ਸੀ ਕਿ ਮੈਂ ਇਸ ਦੀ ਅਸਲੀਅਤ ਨੂੰ ਸਮਝਣ ਦਾ ਰਾਹ ਦਸਦਾ। ਮੈਂ ਤਾਂ ਉਘੜ ਕੇ ਸਪੱਸ਼ਟ ਕਰ ਦਿੱਤਾ ਹੈ ਪਰ ਕਿਸੇ ਮਾਰਕਸਵਾਦੀ ਨੂੰ ਦਸਣ ਦੀ ਲੋੜ ਨਹੀਂ ਸੀ ਚਾਹੀਦੀ। ਹਰ ਮਾਰਕਸਵਾਦੀ ਨੂੰ ਸਮਝ ਹੈ ਕਿ ਜੋ ਸੰਸਥਾ ਕਾਬਜ਼ ਨਿਜ਼ਾਮ ਦੇ ਰਾਸ ਹੋ ਤੁਰੀ ਹੈ ਉਸ ਦਾ ਅਸਲਾ ਉਹ ਹੀ ਹੈ ਜੋ ਕਾਬਜ਼ ਨਿਜ਼ਾਮ ਦਾ। ਹੋਰ ਹੋ ਹੀ ਨਹੀਂ ਸਕਦਾ। ਜਦੋਂ ਪੈਦਾਵਾਰ ਦੇ ਰਿਸ਼ਤੇ, ਸਮਾਜਕ ਰਿਸ਼ਤੇ ਬੁਰਜੂਆ ਹੋ ਗਏ ਹਨ ਤਾਂ ਕਾਬਜ਼ ਨਿਜ਼ਾਮ ਦੇ ਹਿੱਤੀ ਸੰਸਥਾਵਾਂ ਦਾ ਅਸਲਾ, ਜਾਤ ਪਾਤ ਦੀ ਸੰਸਥਾ ਦਾ ਅਸਲਾ ਕਿਸ ਤਰ੍ਹਾਂ ਬੁਰਜੂਆ ਹੋਣੋਂ ਰਹਿ ਸਕਦਾ ਹੈ ? ਦੂਸਰੇ ਲਫ਼ਜ਼ ਵਿਚ, ਅੱਜ ਜਾਤ ਪਾਤੀ ਬਣਤਰ ਵਾਲੇ ਬੰਦੇ ਦੀ ਬਣਤਰ ਬੁਰਜੂਆ ਹੈ। ਅੱਜ ਦੇ ਜਟਊਪੁਣੇ ਦਾ ਅਸਲਾ ਸਪੱਸ਼ਟ ਹੀ ਬੁਰਜੂਆ ਹੈ ਤੇ ਜਿਸ ਤਰ੍ਹਾਂ ਮੈਂ ਕਿਹਾ ਹੈ 'ਇਹ ਆਪਣੀ ਚੜ੍ਹਤ ਵਿਚ ਹੈ।'

ਇਸ ਤੋਂ ਉਪਰੰਤ ਉਨ੍ਹਾਂ ਮੇਰੇ 'ਤੇ ਇਹ ਵੀ ਊਜ ਲਾਈ ਹੈ ਕਿ ਮੈਂ ਸਮਸਿਆ ਤੋਂ ਸਮਸਿਆ ਤਕ ਵਿਚਾਰ-ਯਾਤਰਾ ਕਰਦਾ ਹਾਂ। ਮਤਲਬ ਹੈ ਮੈਂ ਮਸਲੇ ਦੇ ਹਲ ਵਲ ਇਸ਼ਾਰਾ ਨਹੀਂ ਕਰਦਾ, 'ਠੋਸ ਸੁਝਾਅ' ਨਹੀਂ ਦੇਂਦਾ। ਹਲਵਾਰਵੀ ਹੁਰਾਂ ਨੂੰ ਸ਼ਾਇਦ ਖਿਆਲ ਨਹੀਂ ਹੈ ਕਿ ਮਸਲੇ ਨੂੰ ਉਠਾਉਣਾ ਸਹੀ ਸਵਾਲ ਨੂੰ ਪੁਛਣਾ, ਸਵਾਲ ਨੂੰ ਸਹੀ ਢੰਗ ਨਾਲ ਪੁਛਣਾ ਵੀ ਉਸ ਦੇ ਹੱਲ ਵਲ ਨੂੰ ਪਹਿਲਾ ਕਦਮ ਹੁੰਦਾ ਹੈ। ਨਾਲੇ ਕਿਸੇ ਮਾਰਕਸਵਾਦੀ ਨੂੰ ਲਫ਼ਜ਼ਾਂ ਵਿਚ ਪਾ ਕੇ ਹੱਲ ਦਸਣ ਦੀ ਕੀ ਲੋੜ ਹੈ ? ਜੋ ਐਸੀ ਲੋੜ ਮਹਿਸੂਸ ਕਰਦਾ ਹੈ, ਉਸ ਨੇ ਮਾਰਕਸਵਾਦ ਬਾਬਤ ਸਮਝਿਆ ਕੀ ਹੈ ? ਜੇ ਕੋਈ ਗੁਰਬਾਣੀ ਪੜ੍ਹੇ ਤਾਂ ਉਸ ਨੂੰ ਸਪਸ਼ਟ ਹੁੰਦਾ ਹੈ ਕਿ ਹਰ ਸਮਾਜਕ ਮਨੁਖੀ ਮਸਲੇ ਦਾ ਹੱਲਾਂ ਹੈ—ਸਰਬ ਰੋਗ ਕਾ ਅਉਖਦੁ ਨਾਮੁ (ਗੁਰੂ ਅਰਜਨ, ਸੁਖਮਨੀ ਸਾਹਿਬ) ਏਸੇ ਤਰ੍ਹਾਂ ਬਿਨਾਂ ਲਫ਼ਜ਼ਾਂ ਵਿਚ ਪਾਇਆਂ ਹਰ ਮਾਰਕਸਵਾਦੀ ਨੂੰ ਚੜ੍ਹੇ ਸੂਰਜ ਵਾਂਗ ਚਾਨਣਾ ਹੈ ਕਿ ਹਰ ਸਮਾਜਕ ਮਸਲੇ ਦਾ



ਹਲ ਹੈ—ਮਾਰਕਸਵਾਦ, ਸਮਾਜ ਵਿਚਲੇ ਮੁਖੀ ਵਿਰੋਧ ਦੇ ਪ੍ਰਸੰਗ ਵਿਚ ਉਸ ਦੀ ਉਸਾਰੀ ਤੇ ਉਸ ਦੇ ਆਧਾਰ 'ਤੇ ਜਮਾਤੀ ਜਦੋ-ਜਹਿਦ। ਉਸਾਰ ਦੇ, ਕਲਚਰ ਦੇ ਮਸਲੇ ਦਾ ਹਲ ਹੈ—ਵਿਚਾਰਧਾਰਕ ਜਮਾਤੀ ਜਦੋ-ਜਹਿਦ, ਕਲਚਰਲ ਇਨਕਲਾਬ। ਮਸਲਾ ਕੋਈ ਵੀ ਹੋਵੇ ਉਸ ਦਾ ਹਲ ਵਾਸਤੇ ਹਾਲਾਤ ਦੇ ਪ੍ਰਸੰਗ ਵਿਚ ਜਮਾਤੀ ਜਦ-ਜਹਿਦ ਤੋਂ ਬਗੈਰ ਹਰ ਵੀ ਕੋਈ ਰਾਹ ਹੋ ਸਕਦਾ ਹੈ ?

ਅਖੀਰ ਵਿਚ ਹਲਵਾਰਵੀ ਹੁਰਾਂ ਮੇਰੇ 'ਤੇ ਊਜ ਲਾਈ ਹੈ ਕਿ ਮੈਂ ਇਸ ਮਸਲੇ ਨੂੰ ਮੁਖਾਤਬ ਨਹੀਂ ਹੋ ਰਿਹਾ। ਮੇਰਾ ਇਸ ਮਸਲੇ ਨੂੰ ਉਠਾਉਣਾ ਇਸ ਨੂੰ ਮੁਖਾਤਬ ਹੋਣਾ ਨਹੀਂ ਹੈ ਤਾਂ ਹੋਰ ਕੀ ਹੈ ? ਲਗਦਾ ਹੈ ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਕਿ ਸਮਾਜਕ ਅਸਲੀਅਤ ਦਾ ਜਮਾਤੀ ਵਿਸ਼ਲੇਸ਼ਨ ਕਰਨਾ ਜਮਾਤੀ ਜਦੋ-ਜਹਿਦ ਹੈ। ਤੇ ਇਸ ਹਥਲੇ ਮਸਲੇ ਦਾ ਜਮਾਤੀ ਵਿਸ਼ਲੇਸ਼ਨ ਇਸ ਦੇ ਖਿਲਾਫ ਜਮਾਤੀ ਜਦੋ-ਜਹਿਦ, ਵਿਚਾਰਧਾਰਕ, ਕਲਚਰਲ ਜਮਾਤੀ ਜਦੋ-ਜਹਿਦ ਹੈ। ਆਪਣੀ ਬਾਬਤ ਕੁਛ ਕਹਿਣਾ ਸ਼ੋਭਦਾ ਨਹੀਂ। ਆਪਣੀ ਸਫ਼ਾਈ ਪੇਸ਼ ਕਰਨਾ ਕੋਹਝੀ ਗੱਲ ਹੈ। ਪਰ ਹਲਵਾਰਵੀ ਹੁਰਾਂ ਦੀ ਗਿਆਤ ਵਾਸਤੇ ਇਹ ਤੱਥ ਉਨ੍ਹਾਂ ਦੀ ਨਜ਼ਰ ਹੇਠ ਲਿਆ ਦੇਣਾ ਸ਼ਾਇਦ ਬੇਲੋੜਾ ਨਹੀਂ ਕਿ ਪਿਛਲੇ ਤਕਰੀਬਨ ਪੰਝੀ ਤੋਂ ਵਧ ਸਾਲਾਂ ਤੋਂ ਮੈਂ ਲਗਾਤਾਰ, ਪ੍ਰਚਲਤ ਬੁਰਜੂਆ ਢੰਗ ਦੇ ਉਲਟ, ਉਸ ਨੂੰ ਕਟ ਕੇ, ਮਾਰਕਸੀ ਢੰਗ ਵਰਤ ਕੇ ਮਸਲਿਆਂ ਦਾ ਜਮਾਤੀ ਵਿਸ਼ਲੇਸ਼ਨ ਕਰਦਾ ਆਇਆ ਹਾਂ, ਜਮਾਤੀ ਜਦੋ-ਜਹਿਦ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਕਰਦਾ ਆਇਆ ਹਾਂ, ਕਰਨ ਦਾ ਜਤਨ ਕਰਦਾ ਰਿਹਾ ਹਾਂ।*

**ਪੋਸਟ ਸਕ੍ਰਿਪਟ** : ਜੱਟਵਾਦ ਨੂੰ ਸਿੱਖੀ ਦਾ ਮੂਲ ਦਰਸਾਉਣ ਵਾਲੇ ਸਿਧਾਂਤਕਾਰ ਨੂੰ ਪੇਸ਼ ਕਰਨ ਤੋਂ ਬਗੈਰ ਹਲਵਾਰਵੀ ਹੁਰਾਂ ਦੀ ਸ਼ਾਇਦ ਤਸੱਲੀ ਨਹੀਂ ਹੋਣੀ। ਸੁ ਐਸਾ ਸਿਧਾਂਤਕਾਰ ਹਾਜ਼ਿਰ ਹੈ। ਉਹ ਹੈ—ਮੈਕਲੋਡ। ਉਸ ਨੇ ਆਪਣੀ ਕਿਤਾਬ Evolution of The Sikh Community** ਵਿਚ ਸਿਧਾਂਤ ਇਹ ਪੇਸ਼ ਕੀਤਾ ਹੈ ਕਿ ਜੱਟ ਆਪਣਾ ਕਲਚਰਲ ਕੰਪਲੈਕਸ, ਕਲਚਰਲ ਪੈਟਰਨ ਲੈ ਕੇ ਸਿੱਖ ਲਹਿਰ ਵਿਚ ਸ਼ਾਮਲ ਹੋਏ ਅਤੇ ਉਹਨਾਂ ਦੇ ਸ਼ਾਮਲ ਹੋਣ ਨੇ ਸਿੱਖ ਲਹਿਰ ਦਾ ਪੈਟਰਨ ਹੀ ਬਦਲ ਦਿੱਤਾ। ਜੇ ਉਸ ਦੇ ਦਿਤੇ ਸਿਧਾਂਤ ਨੂੰ ਅਸੀਂ ਆਪਣੇ ਲਫ਼ਜ਼ਾਂ ਵਿਚ ਕਹੀਏ, ਤਾਂ ਇਹ ਬਣਦਾ ਹੈ ਕਿ ਗੁਰੂ ਸਾਹਿਬਾਨ ਦੀ ਚਲਾਈ ਲਹਿਰ ਤਾਂ ਸਰਬਤ ਦੀ ਆਜ਼ਾਦੀ ਦੀ ਲਹਿਰ ਸੀ ਪਰ ਜਦੋਂ ਉਸ ਵਿਚ ਜੱਟ ਆ ਵੜੇ, ਇਹ ਜੱਟਾਂ ਦੀ ਲਹਿਰ, ਜੱਟਊਪੁਣੇ ਵਾਲੇ ਜੱਟਾਂ ਦੀ, ਜਾਤ ਪਾਤੀ ਜੱਟਾਂ ਦੀ ਲਹਿਰ ਹੋ ਤੁਰੀ। ਇਹ ਹੈ—ਜੱਟਵਾਦ ਨੂੰ ਸਿੱਖੀ ਦਾ ਮੂਲ ਬਣਾਉਣਾ। ਮੈਕਲੋਡ ਚੂੰਕਿ ਸਾਮਰਾਜੀ ਕਲਚਰ ਦਾ ਪਲਿਆ ਹੋਇਆ ਬੁਧੀਮਾਨ ਹੈ, ਸ਼ਾਇਦ ਉਸ ਦੇ ਵਾਸਤੇ ਗੁਰੂ ਸਾਹਿਬਾਨ ਦੇ ਲਿਆਂਦੇ ਕਲਚਰਲ ਇਨਕਲਾਬ ਤੇ ਉਸ ਦੀ ਕੀਤੀ ਨੂੰ ਸਮਝਣਾ ਔਖਾ ਸੀ ਜਾਂ ਉਸ ਨੇ ਸਮਝਣਾ ਚਾਹਿਆ ਨਹੀਂ। ਤੱਥ ਇਹ ਹੈ ਕਿ ਕਲਚਰਲ ਇਨਕਲਾਬ ਨੇ ਜੋ ਕੀਤਾ ਤੇ ਕੁਲ ਨਾਸ਼, ਕਰਮ ਨਾਸ਼, ਧਰਮ ਨਾਸ਼ ਆਦਿ ਕਰ ਕੇ ਸਿੱਖ ਲਹਿਰ ਵਿਚੋਂ ਫੀਊਡਲ ਦਰਜਾ-ਬ-ਦਰਜੀ ਤੇ ਜਾਤ ਪਾਤੀ ਜ਼ਹਿਨੀਅਤ, ਹਉਮੈ ਤੇ ਮਾਇਆ ਦੇ ਮੋਹ ਆਦਿ ਵਲੋਂ ਸਿੱਖਾਂ ਨੂੰ ਪਾਕ ਕਰ ਕੇ ਸਭਸ ਨੂੰ ਸਰਬਤ ਦੀ ਆਜ਼ਾਦੀ ਦੇ ਪੈਂਤੜੇ 'ਤੇ ਜੋ ਲਿਆਂਦਾ ਸੀ—ਉਸ ਸਭ ਕੁਛ ਨੂੰ ਮੈਕਲੋਡ ਘੱਟੇ-ਕੌਡੀਆਂ ਰਲਾ ਗਿਆ ਹੈ ਅਤੇ ਗੁਰੂ ਹਰਿਗੁਬਿੰਦ ਸਾਹਿਬ ਦੇ

---

* "Class analysis is important weapon for revolution". Chuang Lan.

** ਇਸ ਕਿਤਾਬ ਦੇ ਨਾਲ ਹੀ ਇਹ ਕਿਤਾਬਾਂ ਵੀ ਵੇਖੀਆਂ ਜਾ ਸਕਦੀਆਂ ਹਨ :

Robber Noblemen (London 1975) By Joyce Pettigrew.

Sikh Studies : Comparative Perspectives on a Changing Tradition, Edited by Mark Juergensmeyer and M. Gerald Barrier, Berkley Religious Studies Series, U.S.A.

ਵੇਲੇ ਤੋਂ ਸਿੱਖ ਲਹਿਰ ਨੂੰ ਉਹ ਜਟਊਪੁਣੇ ਵਾਲੇ ਜੱਟਾਂ ਦੀ, ਜੱਟਾਂ ਦੇ ਕਲਚਰਲ ਪੈਟਰਨ ਵਾਲੀ ਲਹਿਰ ਦਰਸਾ ਗਿਆ ਹੈ। ਬਦੇਸ਼ੀ ਕੋਈ ਕੁਛ ਆਖੇ, ਉਸ ਨਾਲ ਵਾਸਤਾ ਨਹੀਂ। ਪਰ ਮੈਕਲੌਡ ਨੂੰ ਸਦ ਕੇ, ਉਸ ਕੋਲੋਂ ਲੈਕਚਰ ਕਰਵਾਏ ਗਏ ਹਨ, ਉਸ ਨੂੰ ਸੈਮੀਨਾਰਾਂ 'ਤੇ ਬੁਲਾਇਆ ਗਿਆ ਹੈ। ਉਸ ਨੂੰ ਪਲੈਟਫਾਰਮ ਦਿੱਤਾ ਗਿਆ ਹੈ। ਉਸ ਦੇ ਇਸ ਥੀਸਸ ਦੇ ਖਿਲਾਫ ਪੇਸ਼ਾਵਰ ਸਿੱਖ ਇਤਿਹਾਸਕਾਰਾਂ ਵਲੋਂ ਜਾਂ ਸਿੱਖੀ ਦੇ ਸਰਕਾਰੀ ਸਿਧਾਂਤਕਾਰਾਂ ਵਲੋਂ ਜਿਥੋਂ ਤਕ ਮੈਨੂੰ ਪਤਾ ਹੈ ਕੋਈ ਜਹਾਦ ਨਹੀਂ ਹੋਇਆ। ਲਗਦਾ ਹੈ ਇਹ ਅਣਗਹਿਲੀ ਨਿਰੀ ਸਬੱਬੀਂ ਨਹੀਂ। ਖੈਰ ਮੈਕਲੌਡ ਜਾਂ ਜੋਇਸ ਪੈਟੀਗਰੀਓ ਆਦਿ ਦਾ ਲਿਖਣਾ ਮਸਲੇ ਦਾ ਮੂਲ ਨਹੀਂ। ਬੁਨਿਆਦੀ ਗੱਲ ਹੈ ਜੱਟ ਬੁਰਜੁਆਜ਼ੀ ਦਾ ਇਸ ਮੁਹਾਜ਼ 'ਤੇ ਅਮਲ। ਤੇ ਉਸ ਦੇ ਵਿਰੁਧ ਜਮਾਤੀ ਜਦੋ-ਜਹਿਦ, ਵਿਚਾਰਧਾਰਕ ਜਮਾਤੀ ਜਦੋ-ਜਹਿਦ।

ਬਾਕੀ ਰਹਿ ਗਈ ਸ੍ਵੈ-ਵਿਰੋਧ ਦੀ ਗੱਲ। ਸਰਮਾਏਦਾਰੀ ਦੇ ਆਉਣ ਨਾਲ ਵਸੋਂ ਦਾ ਗੁਤਾਵਾ ਹੁੰਦਾ ਹੈ (mobility ਵਧਦੀ ਹੈ) ਤੇ ਉਸ ਦਾ ਅਸਰ ਹੈ ਕਿ ਸ਼ਹਿਰਾਂ ਆਦਿ ਵਿਚ ਜਾਤ ਪਾਤ ਦਾ ਜਕੜ 'ਅਗੇ ਨਾਲੋਂ ਕਦਰੇ ਢਿੱਲਾ ਹੋ ਰਿਹਾ ਹੈ।' ਕਿਤੇ ਕਿਤੇ ਵਖ ਵਖ ਜਾਤਾਂ ਦੇ ਆਪਸ ਵਿਚ ਰਿਸ਼ਤੇ ਨਾਤੇ ਵੀ ਹੁੰਦੇ ਹਨ। ਪਰ ਸਮਾਜ ਦੀ ਡਾਇਲੈਕਟਿਕ ਬਹੁਤ ਪੇਚੀਦਾ ਹੈ। ਇਸ ਨੂੰ ਮਕਾਨਕੀ ਫਾਰਮੂਲਿਆਂ ਨਾਲ ਪ੍ਰਗਟ ਨਹੀਂ ਕੀਤਾ ਜਾ ਸਕਦਾ। ਕਿਤੇ ਕਿਤੇ ਰਿਸ਼ਤੇ ਨਾਤੇ ਹੋਣੇ ਇਕ ਗੱਲ ਹੈ ਤੇ ਬੁਰਜੁਆਜ਼ੀ ਜਾਂ ਉਸ ਦੇ ਕਿਸੇ ਧੜੇ ਦਾ ਸਿਆਸੀ ਹਿੱਤ, ਬਿਲਕੁਲ ਦੂਸਰੀ। ਜਿਥੇ ਬੁਰਜੁਆ ਸਿਆਸੀ ਹਿੱਤ ਦਾ ਸਵਾਲ ਆਉਂਦਾ ਹੈ ਉਥੇ ਜਾਤ ਪਾਤੀ ਤਅਸਬ ਬਹੁਤ ਵਿਸ਼ਾਲ ਪੈਮਾਨੇ 'ਤੇ ਵਰਤਿਆ ਜਾਂਦਾ ਹੈ ਤੇ ਬਹੁਤ ਕਾਰਗਰ ਸਾਬਤ ਹੋ ਰਿਹਾ ਹੈ। ਇਸ ਨੁਕਤੇ ਦੇ ਵਿਸਤਾਰ ਵਿਚ ਜਾਣ ਦੀ ਬਹੁਤੀ ਲੋੜ ਨਹੀਂ। ਜਿਸ ਗਿਣਤੀ ਦੇ ਆਧਾਰ 'ਤੇ ਪੇਂਡੂ ਹਲਕਿਆਂ ਵਿਚ ਉਮੀਦਵਾਰ ਖੜੇ ਕੀਤੇ ਜਾਂਦੇ ਹਨ ਤੇ ਜਿਸ ਆਧਾਰ 'ਤੇ ਉਹ ਜਿਤਦੇ ਹਨ ਉਸ ਤੋਂ ਜਾਤ ਪਾਤੀ ਤਅੱਸਬ ਦੀ ਤਾਕਤ ਸਪੱਸ਼ਟ ਹੈ। ਪੇਂਡੂ ਹਲਕਿਆਂ ਤੋਂ ਜਿਸ ਤਰ੍ਹਾਂ ਅਕਾਲੀ ਪਾਰਟੀ ਵਲੋਂ ਜੱਟ ਹੀ ਖੜੇ ਕੀਤੇ ਜਾਂਦੇ ਹਨ—ਉਸ ਦਾ ਕੀ ਅਰਥ ਹੈ? ਹਲਵਾਰਵੀ ਹੁਰੀਂ ਤੇਲ ਵੇਖਣ, ਤੇਲ ਦੀ ਧਾਰ ਵੇਖਣ। ਜਟਊਪੁਣਾ ਖ਼ੂਬ ਗੁਲ ਖਿਲਾਏਗਾ।

—ਕਿਸ਼ਨ ਸਿੰਘ

* "ਆਪਣੇ ਹੱਕ ਦਾ ਰੈਸ਼ਨੇਲ ਬਣਾਉਣਾ ਤਾਂ ਕੋਈ ਔਖੀ ਗੱਲ ਨਹੀਂ ਹੁੰਦੀ, ਤੱਥਾਂ ਨੂੰ ਮਰੋੜਾ ਚਾੜ੍ਹਿਆ, ਸੱਚ ਨੂੰ ਨਿਚੋੜ ਕੇ ਬਾਹਰ ਮਾਰਿਆ ਤੇ ਤੱਥਾਂ ਨੂੰ ਜਿਸ ਪੰਜਾਲੀ ਮਰਜ਼ੀ ਹੈ ਜੋ ਲਿਆ —" ਪ੍ਰੋ: ਕਿਸ਼ਨ ਸਿੰਘ ਨੇ ਆਪਣੇ ਉਪਰੋਕਤ ਕਥਨ ਨੂੰ ਸੱਚ ਕਰ ਵਿਖਾਇਆ ਹੈ। ਸਮਕਾਲੀ ਜੱਟਵਾਦ ਦੀ ਅਸਲੀਅਤ ਨੂੰ ਸਮਝਣ ਲਈ ਉਪਰੋਕਤ ਫਾਰਮੂਲਾ ਲਾਇਆ ਹੈ ਤੇ ਜੱਟਵਾਦ ਨੂੰ ਹਊਆ ਬਣਾ ਕੇ ਪੇਸ਼ ਕੀਤਾ ਹੈ ਕਿ ਉਹ ਬੁਰਜੁਆ ਨਿਜ਼ਾਮ ਦਾ ਰਾਖਾ ਹੈ ਅਤੇ ਆਜ਼ਾਦੀ ਦੇ ਰਾਹ ਵਿਚ ਰੋੜਾ ਹੈ। ਪ੍ਰੋ: ਸਾਹਿਬ ਦੀ ਇਹ ਸੋਚ ਅੰਤਰ-ਮੁਖੀ ਅਤੇ ਸ਼ਾਵਿਨਵਾਦ ਦਾ ਸ਼ਿਕਾਰ ਹੈ ਅਤੇ ਬਹੁਤ ਹੱਦ ਤਕ ਵਾਰਸਸ਼ਾਹ ਦੀ ਫ਼ਿਲਾਸਫ਼ੀ ਨਾਲ ਮੇਲ ਖਾਂਦੀ ਹੈ। ਇਕ ਰਾਜਾ ਬਣਨ ਨਾਲ ਸਾਰੇ ਜੱਟ ਬਾਦਸ਼ਾਹ ਨਹੀਂ ਹੋ ਜਾਂਦੇ। ਜੇਕਰ ਪੰਜਾਬ ਦਾ ਮੁਖ ਮੰਤਰੀ ਜੱਟ ਹੈ ਤਾਂ ਪ੍ਰੋ: ਕਿਸ਼ਨ ਸਿੰਘ ਜ ਪਿੰਡਾਂ ਵਿਚ ਜਾ ਕੇ ਜੱਟਾਂ ਨੂੰ ਜੱਟ ਦੇ ਵਿਰੁੱਧ ਬਗ਼ਾਵਤ ਕਰਦਿਆਂ ਦੇਖ ਸਕਦੇ ਹਨ। ਅਫ਼ਸੋਸ ਦੀ ਗੱਲ ਇਹ ਹੈ ਕਿ ਪ੍ਰੋ: ਸਾਹਿਬ ਨੇ ਜੱਟ ਦੇਖਿਆ ਹੀ ਨਹੀਂ ਬਲਕਿ ਸੁਣਿਆ ਹੀ ਹੈ। ਰਜਵਾੜਾਸ਼ਾਹੀ ਲ ਅਮਲੀ ਪੱਖ ਤੋਂ ਸੱਚਾ ਸੁੱਚਾ ਰਿਹਾ ਹੈ। ਨਾਮ-ਜਪੇਣ ਤੇ ਮੁੱਟ-ਭੁਲੇਣ ਤੇ



ਲੁੱਟ ਕਰੇਣ ਵਾਲੇ ਸਿੱਖੀ ਦਾ ਧੁਰਾ ਨਹੀਂ ਬਣ ਸਕਦੇ। ਸਿੱਖੀ ਦਾ ਧੁਰਾ ਤਾਂ ਉਹੀ ਬਣ ਸਕਦੇ ਹਨ ਜਿਹਨਾਂ ਦਾ ਅਮਲ ਸੱਚਾ ਹੈ ਤੇ ਇਹ ਸਾਰੀ ਕਿਸਾਨੀ ਹੀ ਹੈ ਜਿਹੜੀ ਹਮੇਸ਼ਾਂ ਲੁੱਟ ਦਾ ਸ਼ਿਕਾਰ ਬਣਦੀ ਆਈ ਹੈ। ਪ੍ਰੋ: ਸਾਹਿਬ ਦੀ ਇਹ ਸੋਚ ਅਗਾਂਹ-ਵਧੂ ਲਹਿਰਾਂ ਲਈ ਬਹੁਤ ਘਾਤਕ ਹੈ।

**—ਭਗਵੰਤ ਸਿੰਘ**

* ਪ੍ਰੋ: ਕਿਸ਼ਨ ਸਿੰਘ ਦੀ ਜੱਟਾਂ ਨਾਲ ਖਾਸ ਤੌਰ 'ਤੇ ਚਿੜ੍ਹ ਹੈ। ਉਹਨਾਂ ਦਾ ਲੇਖ (**ਸੇਧ,** ਨਵੰਬਰ 1979) ਖਿਝ ਕੇ ਜਾਂ ਚੱਬ ਚੱਬ ਕੇ ਲਿਖਿਆ ਹੋਇਆ ਹੈ ਜਿਸ ਵਿਚੋਂ ਜੱਟਾਂ ਬਾਰੇ ਗੁੱਝੀ ਈਰਖਾ ਟਪਕਦੀ ਹੈ। ਮੈਂ ਪੁਰਾਣਾ ਸਿੰਘ ਸਭੀਆ ਹਾਂ। ਜੱਟ ਹੋਣ ਦੇ ਬਾਵਜੂਦ ਮੈਂ ਹਮੇਸ਼ਾਂ ਜਾਤ-ਪਾਤ ਦੇ ਵਿਰੁਧ ਪ੍ਰਚਾਰ ਕਰਦਾ ਰਿਹਾ ਹਾਂ। ਏਸੇ ਕਰਕੇ ਕਿਤਨੀਆਂ ਹੀ ਸ਼ਾਦੀਆਂ ਜਾਤ-ਪਾਤ ਤੋੜ ਕੇ ਕਰਵਾਈਆਂ ਹਨ, ਪਰ ਉਹਨਾਂ ਵਿਚੋਂ 75 ਫੀ ਸਦੀ ਸ਼ਾਦੀਆਂ ਸਫਲ ਸਾਬਤ ਨਹੀਂ ਹੋਈਆਂ। ਉਹ ਇਸ ਕਰਕੇ ਕਿ ਜੱਟ, ਖੱਤਰੀ, ਅਰੋੜੇ ਤੇ ਮਜ਼੍ਹਬੀ ਸਿੱਖ ਤਾਂ ਕਈ ਵਾਰ ਆਪਸ ਵਿਚ ਘੁਲ ਮਿਲ ਜਾਂਦੇ ਹਨ, ਪਰ ਨਾਈ, ਤਰਖਾਣ, ਬ੍ਰਾਹਮਣ, ਕਲਾਲ, ਕੰਬੋ, ਰਵਿਦਾਸੀਏ ਤੇ ਸੈਣੀ ਆਦਿ ਆਪਣੀਆਂ ਜਾਤਾਂ ਦੀਆਂ ਹੱਦਾਂ 'ਚੋਂ ਬਾਹਰ ਨਹੀਂ ਨਿਕਲਦੇ, ਜਿਸ ਕਰਕੇ ਉਹ ਸਾਰੀਆਂ ਹੀ ਜਾਤਾਂ ਨੂੰ ਵਧੇਰੇ ਧੋਖਾ ਦੇਂਦੇ ਰਹਿੰਦੇ ਹਨ। ਸਿੱਖ ਪੰਥ ਵਿਚ ਚੂੰਕਿ ਜੱਟ ਹੀ ਹੋਰ ਜਾਤਾਂ ਦੇ ਮੁਕਾਬਲੇ 'ਤੇ ਵਧੇਰੇ ਹਨ, ਇਸ ਲਈ 'ਜੱਟਵਾਦ' ਵਾਲਾ ਲੇਖ ਇਸੇ ਜਾਤੀ ਈਰਖਾ ਦਾ ਪ੍ਰਤੀਕ ਹੈ।

**—ਸ਼ਮਸ਼ੇਰ ਸਿੰਘ ਅਸ਼ੋਕ**

* **"ਪੰਜਾਬੀ ਲੇਖਕਾਂ ਦੇ ਨਾਂ ਖੁਲ੍ਹੀ ਚਿੱਠੀ"** ਦਸੰਬਰ 1979 ਅੰਕ : ਅਜੋਕੀ ਅਵਸਥਾ ਕੀ ਹੈ—ਇਸ ਨੂੰ ਸਮਝਣ ਤੋਂ ਪੰਜਾਬੀ ਲੇਖਕ ਜਾਂ ਭੱਜ ਰਹੇ ਹਨ ਜਾਂ ਇਸ ਬਾਰੇ ਟਪਲਾ ਖਾ ਰਹੇ ਹਨ। ਇਨ੍ਹਾਂ ਹਾਲਾਤਾਂ ਨੂੰ ਸਮਝ ਕੇ ਤੇ ਫਿਰ ਪਾਠਕਾਂ ਨੂੰ ਸਮਝਾਉਣ ਬਾਰੇ ਅੱਜ ਸਾਹਿਤਕਾਰ ਦੇ ਕੀ ਕਰੱਤਵ ਹਨ—ਇਸ ਸਾਰੇ ਅਮਲ ਨੂੰ ਆਪ ਜੀ ਨੇ ਸ਼ਿਦੱਤ ਨਾਲ ਮਹਿਸੂਸ ਕੇ ਪਾਠਕਾਂ ਤੇ ਵਿਸ਼ੇਸ਼ ਕਰਕੇ ਸਾਹਿਤਕਾਰਾਂ ਸਾਹਮਣੇ ਲਿਆਂਦਾ ਹੈ। ਸੁਹਿਰਦ ਸਾਹਿਤਕਾਰਾਂ ਲਈ ਇਹ ਇਕ ਵਧੀਆ ਹਲੂਣਾ ਹੈ।

ਤੁਸੀਂ ਇਸ ਸਾਰੀ ਚਿੱਠੀ ਵਿਚ ਪੰਜਾਬੀ ਸਭਿਆਚਾਰ ਨੂੰ ਮੂਲ ਸਰੋਤ ਬਣਾ ਕੇ ਸਾਹਿਤਕਾਰਾਂ ਨੂੰ ਲਿਖਣ ਦੀ ਬੇਨਤੀ ਕੀਤੀ ਹੈ। ਪੱਛਮੀ ਸਭਿਆਚਾਰ ਦੇ ਸਾਹਿਤਕ ਵਿਸ਼ਿਆਂ ਦੀ ਬੇਲੋੜੀ ਨਕਲ ਤੇ ਪੱਛਮੀ ਊਲ-ਜਲੂਲ ਸਾਹਿਤਕ ਧਾਰਾਵਾਂ ਤੇ ਸਾਹਿਤਕ ਰੂਪਾਂ ਦੀ ਅੰਨ੍ਹੀ ਰੀਸ ਸੁਭਾਵਿਕ ਹੀ ਪੰਜਾਬੀ ਸਾਹਿਤ ਨੂੰ ਆਪਣੇ ਗੌਰਵਮਈ ਵਿਰਸੇ ਅਤੇ ਮੌਲਿਕਤਾ ਦੀ ਲੀਹ ਤੋਂ ਪਰ੍ਹੇ ਹਟਾ ਗਈ ਹੈ। ਸ਼ਾਇਦ ਇਹ ਨਾਂਹ-ਪੱਖੀ ਅਮਲ 1971 ਦੇ ਸਮੇਂ ਬੜਾ ਹੀ ਤੇਜ਼ ਸੀ।

ਪਰ ਹੁਣ ਜਦੋਂ "ਪ੍ਰਯੋਗਸ਼ੀਲਤਾ" ਤੇ "ਤੱਤੇ ਲਹੂ' ਦੀ ਮਸਤੀ ਪੰਜਾਬੀ ਸਾਹਿਤਕਾਰਾਂ ਦੇ ਮਨਾਂ ਤੋਂ ਲੱਥ ਗਈ ਹੈ ਤੇ ਗਾਂਦੀਆਂ ਭੰਨਣ ਤੋਂ ਬਾਅਦ ਹਲਟ ਦੀਆਂ ਟਿੰਡਾਂ ਸਾਧਾਰਨ ਅਮਲ ਵਿਚ ਕੰਮ ਕਰਨ ਲੱਗ ਪਈਆਂ ਹਨ, ਫਿਰ ਵੀ ਅੱਜ ਦੀਆਂ ਹਾਲਾਤਾਂ ਵਿਚ ਵੀ ਪੰਜਾਬੀ ਸਾਹਿਤ ਦੀ ਸਥਿਤੀ ਨਿਰਾਸ਼ਾਜਨਕ ਹੀ ਕਹੀ ਜਾ ਸਕਦੀ ਹੈ। ਖਾਸ ਕਰਕੇ ਮੈਂ ਪੰਜਾਬੀ ਕਵਿਤਾ ਤੋਂ ਬੜਾ ਹੀ ਮਾਯੂਸ ਹਾਂ। ਅੱਜ ਦੀ ਪੰਜਾਬੀ ਕਵਿਤਾ ਦਾ ਰੂਪ ਜਨਸਮੂਹ ਵਿਚ ਤਾਂ ਕੀ ਪ੍ਰਵਾਨ ਹੋਣਾ ਹੈ, ਪੰਜਾਬੀ ਸਾਹਿਤ ਦਾ ਪੜ੍ਹਿਆ-ਲਿਖਿਆ ਪਾਠਕ-ਵਰਗ ਵੀ ਇਸ ਵਲੋਂ ਸਿਰ ਫੇਰੀ ਜਾਂਦਾ ਹੈ। ਮੇਰੇ

ਖਿਆਲ ਮੁਤਾਬਕ ਨਵੀਨ ਪੰਜਾਬੀ ਕਵਿਤਾ ਵਿਚ ਪ੍ਰੋ: ਮੋਹਨ ਸਿੰਘ—ਅੰਮ੍ਰਿਤਾ ਕਾਲ ਤੋਂ ਬਾਅਦ ਪਾਸ਼ ਤੇ ਸੰਤ ਰਾਮ ਉਦਾਸੀ ਹੀ ਪੰਜਾਬੀ ਕਵਿਤਾ ਵਿਚ ਪ੍ਰਵਾਨ ਹੋਏ ਹਨ। ਗੁਜ਼ਰ ਚੁੱਕੇ ਢੇਰ ਸਮੇਂ ਵਿਚ ਮਣਾਂ-ਮੂੰਹੀਂ ਪੰਜਾਬੀ ਕਾਵਿ ਰਚਿਆ ਗਿਆ, ਪਰ ਪੰਜਾਬੀ ਪਾਠਕਾਂ ਦੀ ਝੋਲੀ ਵਿਚ ਪਿਆ ਕੀ ? ਇਕ ਜਾਂ ਦੋ ਕਵੀ।

ਮੈਂ ਮੰਨਦਾ ਹਾਂ ਕਿ ਵਿਸ਼ੇ ਤੇ ਰੂਪ ਦੀ ਇਕਸੁਰਤਾ ਹੀ ਵਧੀਆ ਸਾਹਿਤ ਨੂੰ ਪੈਦਾ ਕਰ ਸਕਦੀ ਹੈ। ਪਰ ਅੱਜ ਦੀ ਪੰਜਾਬੀ ਕਵਿਤਾ ਕੋਈ ਅਜਿਹਾ ਵਧੀਆ ਪ੍ਰਮਾਣੀਕ ਰੂਪ ਪੈਦਾ ਨਹੀਂ ਕਰ ਸਕੀ, ਜਿਹੜਾ ਪੰਜਾਬੀ ਖ਼ਮੀਰ ਦਾ ਹੋਵੇ। ਹਾਂ, ਪੰਜਾਬੀ ਸਾਹਿਤ ਦੇ ਬਾਕੀ ਰੂਪ ਕਹਾਣੀ, ਨਾਵਲ ਤੇ ਨਾਟਕ ਭਾਵੇਂ ਕੁਝ ਸੁਧਾਰ ਕਰ ਗਏ ਹਨ। ਕਵਿਤਾ ਜਿਵੇਂ ਇਕ ਸ਼ਕਤੀਸਾਲੀ ਤੇ ਸੂਖਮ "ਮਾਸ ਮੀਡੀਆ" ਹੈ, ਇਸ ਮੁਤਾਬਕ ਅੱਜ ਦੇ ਕਵੀਆਂ ਨੂੰ ਕੋਈ ਰੂਪ ਲੱਭਣਾ ਚਾਹੀਦਾ ਹੈ। ਭਾਵੇਂ ਕਿ ਸਮੇਂ ਦੇ ਸੱਚ ਦੀਆਂ ਵਿਰੋਧਤਾਈਆਂ ਨੂੰ ਸ਼ਿਦੱਤ ਨਾਲ ਮਹਿਸੂਸ ਕੇ ਤੇ ਸਮਝ ਕੇ ਕਵੀ ਉੱਚ-ਪਾਏ ਦਾ ਵਿਸ਼ਾ ਚੁਣਦਾ ਹੈ ਤੇ ਫਿਰ ਉੱਚ-ਪਾਏ ਦਾ ਹੀ ਰੂਪ ਜਨਮਦਾ ਹੈ, ਪਰ ਫਿਰ ਵੀ ਪੰਜਾਬੀ ਕਵੀ ਅਜੇਹਾ ਨਹੀਂ ਕਰ ਸਕੇ। ਪਤਾ ਨਹੀਂ ਸ਼ਾਇਦ ਉਹ ਸਮੇਂ ਦੇ ਸੱਚ ਦੀ ਸਮਝ ਵਿਚ ਟਪਲਾ ਖਾ ਜਾਂਦੇ ਹਨ। ਤੁਹਾਨੂੰ ਪੰਜਾਬੀ ਕਾਵਿ ਵਲ ਵੀ ਵਿਸ਼ੇਸ਼ ਤੌਰ 'ਤੇ ਧਿਆਨ ਦੇਣਾ ਚਾਹੀਦਾ ਹੈ।

—**ਲਾਭ ਸਿੰਘ ਖੀਵਾ**

* ਦਸੰਬਰ ਦੀ **ਸੇਧ** ਵਿਚ ਪੰਜਾਬੀ ਲੇਖਕਾਂ ਦੇ ਨਾਂ ਖੁਲ੍ਹੀ ਚਿੱਠੀ ਲਿਖ ਕੇ ਤੁਸੀਂ ਸਚਮੁਚ ਹੀ ਪੰਜਾਬੀ ਦੇ ਸਾਹਿਤਕਾਰਾਂ, ਬੁਧੀਜੀਵੀਆਂ ਅਤੇ ਸਾਹਿਤ ਪ੍ਰੇਮੀਆਂ ਦੀ ਜ਼ਮੀਰ ਨੂੰ ਹਲੂਣਿਆ ਹੈ। ਅੱਜ ਪੰਜਾਬੀ ਲੇਖਕ, ਪੰਜਾਬੀ ਪੱਤਰਕਾਵਾਂ ਅਤੇ ਸਾਹਿਤ ਸਭਾਵਾਂ ਜਨ ਸਾਧਾਰਣ (ਖਾਸ ਕਰਕੇ ਮਿਹਨਤਕਸ਼ ਸ਼੍ਰੇਣੀ) ਨਾਲ ਸੰਚਾਰ ਸਥਾਪਤ ਕਰਨ ਦੀ ਬਜਾਏ ਆਪਣੇ ਹੀ ਨਿੱਜੀ ਅਤੇ ਵਿਅਕਤੀਗਤ ਦਾਇਰਿਆਂ ਦੀ ਵਲਗਣ ਵਿਚ ਭਟਕ ਕੇ ਰਹਿ ਗਏ ਹਨ। ਇਹ ਲੇਖਕ ਅਤੇ ਰਸਾਲੇ ਸਮੇਂ ਦੀ ਸਮੂਹਕ ਆਵਾਜ਼ ਬਣਨ ਦੀ ਬਜਾਏ ਸਵੈ-ਕੇਂਦਰਤ ਹੋ ਗਏ ਹਨ ਜਾਂ ਫਿਰ ਸਸਤੀ ਸ਼ੋਹਰਤ ਦਾ ਮਾਧਿਅਮ। ਹੋਰ ਕੁਝ ਨਹੀਂ। ਅਜੇਹੇ ਖਤਰਨਾਕ ਰੁਝਾਨ ਨੂੰ ਠੱਲ੍ਹ ਪਾਉਣ ਲਈ ਅਜ ਸਾਰੇ ਹੀ ਲੋਕ-ਪੱਖੀ ਕਲਾਕਾਰਾਂ ਅਤੇ ਲੇਖਕਾਂ ਨੂੰ ਬੜੀ ਹੀ ਸੰਜੀਦਗੀ ਨਾਲ ਸੋਚਣ ਦੀ ਹੀ ਨਹੀਂ, ਸਗੋਂ ਕਰਮਸ਼ੀਲ ਹੋਣ ਦੀ ਵੀ ਲੋੜ ਹੈ।

ਬਾਕੀ ਗੱਲ ਰਹੀ ਪੱਛਮੀ ਸਭਿਅਤਾ, ਸਿਧਾਂਤ ਅਤੇ ਸਾਹਿਤ ਦੀ। ਜਿਥੇ ਪੱਛਮੀ ਸਭਿਆਚਾਰ ਅਤੇ ਸਿਧਾਂਤ ਨੇ ਸਾਡੀ ਸਮੁੱਚੀ ਸਮਾਜਕ ਅਵੱਸਥਾ ਉਤੇ ਕੁਝ ਨਾਂਹ-ਪੱਖੀ ਪ੍ਰਭਾਵ ਛੱਡੇ ਹਨ ਉਥੇ ਇਸ ਦਾ ਸਾਡੇ ਸਾਹਿਤ ਅਤੇ ਰਾਜਨੀਤੀ ਨੂੰ ਯਥਾਰਥ ਨਾਲ ਜੋੜਨ ਵਿਚ ਵੀ ਬੜਾ ਹੱਥ ਹੈ। ਇਸ ਨੂੰ ਅਸੀਂ ਕਦੇ ਵੀ ਘਟਾ ਕੇ ਨਹੀਂ ਦੇਖ ਸਕਦੇ। ਪਲੈਟੋ ਤੋਂ ਲੈ ਕੇ ਮਾਰਕਸ ਤਕ ਸਾਰੇ ਹੀ ਸਿਧਾਂਤਕਾਰਾਂ ਦੀ ਵਿਚਾਰਧਾਰਾ ਤੋਂ ਸਾਡੀ ਸੋਚ ਅਤੇ ਸਾਹਿਤ ਬੁਨਿਆਦੀ ਤੌਰ 'ਤੇ ਪ੍ਰਭਾਵਤ ਹੀ ਨਹੀਂ ਹੋਏ ਸਗੋਂ ਕਾਫੀ ਹਦ ਤਕ ਧਾਰਮਕ ਆਦਰਸ਼ਵਾਦ ਨਾਲੋਂ ਨਿਖੜ ਕੇ ਇਤਿਹਾਸਕ ਯਥਾਰਥ ਨਾਲ ਵੀ ਜੁੜੇ ਹਨ। ਪੱਛਮੀ ਸਿਧਾਂਤ ਅਤੇ ਸਾਹਿਤ ਦੀ ਇਹ ਕੋਈ ਘਟ ਦੇਣ ਨਹੀਂ ਹੈ। ਪਰ ਨਾਲ ਹੀ ਇਹ ਵੀ ਇਕ ਕਠੋਰ ਸੱਚਾਈ ਹੈ ਕਿ ਜਿਥੇ ਅਸੀਂ ਪੱਛਮੀ ਸਭਿਆਚਾਰ ਅਤੇ ਸਾਹਿਤ ਦੇ ਸੁਹਜ ਨੂੰ ਅਪਣਾਇਆ ਹੈ ਉਥੇ ਅਸੀਂ ਇਸ ਬੁਰਜੁਆ ਸਭਿਆਚਾਰ ਦੇ ਆਪਣੇ ਅੰਤਰ-ਵਿਰੋਧਾਂ ਦੁਆਰਾ ਸਮਾਜਕ ਜੀਵਨ ਵਿਚ ਆਏ ਕੁਹਜ ਅਤੇ ਨਿਘਾਰ ਨੂੰ ਵੀ ਅਚਨਚੇਤ ਹੀ



ਅਪਣਾ ਲਿਆ ਹੈ। ਇਹ ਬੜਾ ਹੀ ਗੈਰ-ਸਿਹਤਮੰਦ ਰੁਝਾਨ ਹੈ।

ਇਹ ਵੀ ਠੀਕ ਹੈ ਕਿ ਪੰਜਾਬ ਵਿਚ ਸਥਾਪਤੀ ਨਾਲ ਬੱਝੀ ਹੋਈ ਧਨਾਢ ਕਿਸਾਨੀ ਅਤੇ ਵਪਾਰੀ ਸ਼੍ਰੇਣੀ ਸਬਸਿਡੀ ਅਤੇ ਗਰਾਂਟਾਂ ਵਰਗੀਆਂ ਸਰਕਾਰੀ ਸਹੂਲਤਾਂ ਦਾ ਲਾਭ ਉਠਾ ਕੇ ਜਿਥੇ ਹੋਰ ਵੀ ਖੁਸ਼ਹਾਲ ਅਤੇ ਸੌਖੀ ਹੋਈ ਹੈ, ਉਥੇ ਸਭਿਆਚਾਰਕ ਪੱਧਰ 'ਤੇ ਇਹ ਹੋਰ ਵੀ ਪਤਨ ਵਲ ਚਲੀ ਗਈ ਹੈ। ਜਦੋਂ ਅਸੀਂ ਕਿਸੇ ਖਾਂਦੇ ਪੀਂਦੇ ਘਰਾਣੇ ਵਾਲੇ ਪੰਜਾਬੀ ਨੂੰ ਟਰੈਕਟਰ 'ਤੇ ਚੜ੍ਹਿਆ ਕਿਸੇ ਠੇਕੇ ਵਿਚੋਂ ਦਾਰੂ ਪੀ ਕੇ, ਚਾਘਰਾਂ ਮਾਰਦਾ ਜਾਂ ਬੱਕਰੇ ਬੁਲਾਉਂਦਾ ਸੁਣਦੇ ਹਾਂ ਤਾਂ ਸਾਨੂੰ ਕੁਝ ਇਸ ਤਰ੍ਹਾਂ ਦਾ ਅਹਿਸਾਸ ਹੁੰਦਾ ਹੈ ਜਿਵੇਂ ਅਸੀਂ ਅਜ ਸਭਿਅਤਾ ਦੇ ਯੁਗ ਵਿਚ ਨਹੀਂ, ਜਹਾਲਤ ਦੇ ਦੌਰ ਵਿਚੋਂ ਗੁਜ਼ਰ ਰਹੇ ਹੋਈਏ। ਇਹ ਸਭ ਕੁਝ ਸਾਡੀ ਸਭਿਆਚਾਰਕ ਕੰਗਾਲੀ ਦਾ ਹੀ ਪ੍ਰਗਟਾਅ ਹੈ। ਇਥੋਂ ਇਹ ਵੀ ਪ੍ਰਗਟ ਹੁੰਦਾ ਹੈ ਕਿ ਭਾਰਤ ਦੇ ਪੂੰਜੀਵਾਦੀ ਪ੍ਰਬੰਧ ਵਿਚ ਜਗੀਰਦਾਰੀ ਦੀਆਂ ਜੜ੍ਹਾਂ ਅਜੇ ਬੜੀਆਂ ਡੂੰਘੀਆਂ ਹਨ।

ਜੇ ਅਸੀਂ ਸਮੱਸਿਆ ਦੀ ਜੜ੍ਹ ਤਕ ਜਾਈਏ ਤਾਂ ਅਸੀਂ ਇਸ ਸਿੱਟੇ 'ਤੇ ਪੁਜਾਂਗੇ ਕਿ ਤਾਲੀਮ ਅਤੇ ਸਭਿਆਚਾਰ ਵਿਚ ਆਏ ਇਸ ਨਿਘਾਰ ਦੇ ਜ਼ਿੰਮੇਵਾਰ ਲੋਕ-ਪੱਖੀ ਬੁਧੀਜੀਵੀ, ਕਲਾਕਾਰ ਅਤੇ ਸਾਹਿਤ-ਸਭਾਵਾਂ ਆਪ ਹਨ। ਅਸੀਂ ਆਪ ਹੀ ਆਪਣੀਆਂ ਸਾਹਿਤਕ ਰਚਨਾਵਾਂ ਅਤੇ ਪੱਤਰਕਾਵਾਂ ਨੂੰ ਇਤਨਾ ਅਸਪਸ਼ਟ ਅਤੇ ਪੇਚੀਦਾ ਬਣਾ ਲਿਆ ਹੈ ਕਿ ਜਿਨ੍ਹਾਂ ਲੋਕਾਂ ਦੀ ਚੇਤਨਾ ਦਾ ਵਿਕਾਸ ਕਰਨ ਲਈ ਅਸੀਂ ਇਹ ਸਭ ਕਰ ਰਹੇ ਹਾਂ ਉਨ੍ਹਾਂ ਨਾਲ ਤਾਂ ਇਹਦਾ ਕੋਈ ਸੰਚਾਰ ਹੀ ਨਹੀਂ। ਫਿਰ ਸਿਧਾਂਤ ਕਿਵੇਂ ਉਨ੍ਹਾਂ ਦੀ 'ਸੋਚ ਦਾ ਅੰਗ' ਬਣ ਸਕਦਾ ਹੈ ? ਇਥੇ ਮੈਨੂੰ ਇਹ ਕਹਿਣ ਵਿਚ ਵੀ ਕੋਈ ਸੰਕੋਚ ਨਹੀਂ ਹੈ ਕਿ **ਸੇਧ** ਵੀ ਇਸ ਦੋਸ਼ ਤੋਂ ਮੁਕਤ ਨਹੀਂ ਹੈ। ਕਿਤੇ ਇਕ ਅੱਧਾ ਅੰਕ ਛਡ ਕੇ **ਸੇਧ** ਨੇ ਹਮੇਸ਼ਾਂ ਹੀ ਸਿਧਾਂਤ ਨੂੰ ਪਾਠਕਾਂ ਅਤੇ ਲੇਖਕਾਂ ਲਈ ਕਠਨ ਰੂਪ ਵਿਚ ਹੀ ਪੇਸ਼ ਕੀਤਾ ਹੈ। ਉਹ ਕਲਾ ਅਤੇ ਸਿਧਾਂਤ ਛੇਤੀ ਹੀ ਆਪਣੇ ਅਰਥ ਗੁਆ ਬੈਠਦੇ ਹਨ ਜਿਨ੍ਹਾਂ ਦਾ ਲੋਕਾਂ ਦੇ ਸਮੂਹ ਨਾਲ ਕੋਈ ਸਿਧਾ ਸੰਚਾਰ ਨਹੀਂ ਹੁੰਦਾ। ਲੋੜ ਹੈ ਅਸੀਂ ਮਹਾਨ ਮਾਰਕਸਵਾਦੀ ਮਹਾਂ ਪੰਡਤ ਰਾਹੁਲ ਸੰਕਰ ਤਿਆਨ ਵਾਂਗ ਸਿਧਾਂਤ ਨੂੰ ਆਪਣੇ ਦੇਸ਼ ਦੀ ਮਿਟੀ, ਭੌਤਕ ਮਾਹੌਲ ਅਤੇ ਲੋਕਾਂ ਦੇ ਸੁਭਾਅ ਅਨੁਸਾਰ ਲੋਕ-ਬੋਲੀ ਵਿਚ ਸਰਲ ਤੋਂ ਸਰਲ ਢੰਗ ਰਾਹੀਂ ਪੇਸ਼ ਕਰੀਏ। ਜੇ ਅਸੀਂ ਆਪਣੇ ਲੋਕਾਂ ਵਿਚ ਸਾਹਿਤਕ ਸਭਿਆਚਾਰਕ ਚੇਤਨਾ ਦੀ ਜੜ੍ਹ ਨਹੀਂ ਲਾ ਸਕੇ ਤਾਂ ਇਸ ਦਾ ਇਕੋ ਇਕ ਸਮਝ ਆਉਣ ਵਾਲਾ ਸਭ ਤੋਂ ਠੋਸ ਕਾਰਨ ਇਹੀ ਹੈ ਕਿ ਅਸੀਂ ਅਜੇ ਤਕ ਲੋਕਾਂ ਦਾ ਸਿਆਸੀ ਜਾਂ ਬੌਧਿਕ ਆਧਾਰ ਹੀ ਕਾਇਮ ਨਹੀਂ ਕਰ ਸਕੇ। ਮੇਰੇ ਖਿਆਲ ਅਨੁਸਾਰ ਲੋਕਾਂ ਦਾ ਬੌਧਿਕ ਆਧਾਰ ਕਾਇਮ ਕਰਨ ਲਈ ਰੰਗ-ਮੰਚ ਤੇ ਲੋਕ-ਪੱਖੀ ਕ੍ਰਾਂਤੀਸ਼ੀਲ ਨਾਟਕ ਦਾ ਖੇਡੇ ਜਾਣਾ, ਜਲਸੇ ਕਰਨਾ ਅਤੇ ਸਟੱਡੀ ਸਰਕਲ ਲਾਉਣਾ ਜ਼ਰੂਰੀ ਹੈ। ਜਨ-ਸੰਚਾਰ ਦੇ ਬਾਕੀ ਸਾਧਨਾਂ ਰੇਡੀਓ, ਫਿਲਮਾਂ, ਟੈਲੀਵਿਜ਼ਨ ਅਤੇ ਅਖਬਾਰਾਂ ਉਤੇ ਤਾਂ ਸਮੇਂ ਦੀ ਰਾਜ-ਸੱਤਾ ਦਾ ਪੂਰਾ ਕਬਜ਼ਾ ਹੁੰਦਾ ਹੈ। ਲੋਕ-ਪੱਖੀ ਨਾਟਕਾਂ ਰਾਹੀਂ ਲੋਕਾਂ ਦੀ ਚੇਤਨਾ ਦਾ ਵਿਕਾਸ ਕਰਨ ਵਿਚ ਸ: ਗੁਰਸ਼ਰਨ ਸਿੰਘ ਹੁਰਾਂ ਦਾ ਬੜਾ ਅਹਿਮ ਰੋਲ ਹੈ। —**ਗੁਰਬਖਸ਼ ਜੱਸ**, ਗਰਲੋ ਬੇਟ

* **ਵਰਤਮਾਨ ਅਤੇ ਇਤਿਹਾਸ** : ਅਸਾਂ ਹਿੰਦੁਸਤਾਨੀ ਮਾਰਕਸਵਾਦੀਆਂ ਵਿਚ ਇਕ ਬਹੁਤ ਵੱਡੀ ਖਾਮੀ ਇਹ ਰਹੀ ਹੈ (ਅਤੇ ਜੋ ਹੁਣ ਤੱਕ ਵੀ ਮੌਜੂਦ ਹੈ) ਕਿ ਅਸੀਂ ਕਦੇ ਆਪਣੇ ਵਰਤਮਾਨ

ਨੂੰ ਸਹੀ-ਸਹੀ ਦ੍ਰਿਸ਼ਟੀਕੋਣ ਤੋਂ ਨਹੀਂ ਪਰਖਦੇ। ਜੋ ਸਾਡੇ ਮਾਰਕਸਵਾਦੀ ਅੱਜ ਤੱਕ ਨਜ਼ਰ-ਅੰਦਾਜ਼ ਕਰਦੇ ਆਏ ਹਨ, ਉਹ ਹੈ ਕਿਸੇ ਮੁਲਕ 'ਚ ਵਿਚਰ ਰਹੀਆਂ ਵਿਰੋਧਤਾਵਾਂ ਦਾ ਸਮੇਂ-ਸਮੇਂ ਸਿਰ ਅਧਿਐਨ। ਕਿਸੇ ਮੁਲਕ 'ਚ ਤਕੜੀ ਨਰੋਈ ਪਿੱਠ-ਭੂਮੀ ਵਾਲੀ ਪ੍ਰੋਲਤਾਰੀ ਲਹਿਰ ਖੜ੍ਹੀ ਕਰਨ ਲਈ ਵਿਰੋਧਤਾਵਾਂ ਦੀ ਸਮਝ ਹਰ ਦਮ ਆਗੂਆਂ ਦੇ ਪੱਲੇ ਰਹਿਣੀ ਚਾਹੀਦੀ ਹੈ। ਇਸ ਲਈ ਅੱਜ ਸਾਡੇ ਮਾਰਕਸਵਾਦੀਆਂ ਦਾ ਸਭ ਤੋਂ ਵੱਡਾ ਫਰਜ਼ ਹੈ ਕਿ ਅਸੀਂ ਆਪਣੇ ਸਮਾਜ ਵਿਚ ਵਿਚਰ ਰਹੀਆਂ ਵਿਰੋਧਤਾਵਾਂ ਨੂੰ ਸਮਝੀਏ, ਮੁਖ ਵਿਰੋਧਤਾਈ ਨੂੰ ਪਕੜੀਏ। ਮਾਓ ਵੀ ਵਾਰ-ਵਾਰ ਆਪਣੀ ਪਾਰਟੀ ਨੂੰ ਸਮੇਂ ਸਮੇਂ ਸਿਰ ਵਿਰੋਧਤਾਵਾਂ ਨੂੰ ਸਮਝਣ ਅਤੇ ਮੁਖ ਵਿਰੋਧਤਾਈ ਨੂੰ ਪਕੜਨ 'ਤੇ ਜ਼ੋਰ ਦਿੰਦਾ ਰਿਹਾ। ਏਸੇ ਹੀ ਸੂਝ ਬੂਝ ਨਾਲ ਉਹ ਇਨਕਲਾਬ ਨੂੰ ਨੇਪਰੇ ਚਾੜ੍ਹਨ ਵਿਚ ਕਾਮਯਾਬ ਹੋਇਆ।

ਜਦੋਂ ਹਿੰਦੁਸਤਾਨ 'ਚ ਕੌਮੀ ਆਜ਼ਾਦੀ ਦੀ ਲਹਿਰ ਚਲ ਰਹੀ ਸੀ ਉਦੋਂ ਪਦਾਰਥਕ ਹਾਲਾਤ ਬਹੁਤ ਹੀ ਇਨਕਲਾਬ ਦੇ ਅਨੁਕੂਲ ਸਨ। ਕੌਮੀ ਜਜ਼ਬਾ ਇਨਕਲਾਬ ਵਲ ਮੋੜਨਾ ਬਹੁਤ ਹੀ ਸੰਭਵ ਸੀ। ਮਜ਼ਦੂਰ ਅਤੇ ਕਿਸਾਨ ਏਕਤਾ ਗੰਢੀ ਜਾ ਸਕਦੀ ਸੀ। ਇਨਕਲਾਬ ਨੇਪਰੇ ਚਾੜ੍ਹਿਆ ਜਾ ਸਕਦਾ ਸੀ। ਪਰ ਅਜਿਹਾ ਕੁਝ ਨਾ ਹੋ ਸਕਿਆ। ਅਖੀਰ ਨੂੰ ਜਿੱਤ ਭਾਰਤੀ ਬੁਰਜਵਾਜ਼ੀ ਦੇ ਹੀ ਹੱਥ ਜਾ ਪਈ। ਇਹ ਸਭ ਇੰਝ ਕਿਉਂ ਹੋਇਆ? ਅੱਜ ਸਾਡਾ ਨਿਰਣਾ ਹੈ ਕਿ ਵੇਲੇ ਦੀ ਕਮਿਊਨਿਸਟ ਪਾਰਟੀ ਵਿਚਾਰਧਾਰਕ ਕਚਆਈਆਂ ਦਾ ਸ਼ਿਕਾਰ ਸੀ। ਐਵੇਂ ਭੰਬਲ ਭੂਸਿਆਂ 'ਚ ਪਈ ਰਹੀ। ਉਨ੍ਹਾਂ ਵੇਲੇ ਦੀ ਮੁਖ ਵਿਰੋਧਤਾਈ ਨੂੰ ਸਮਝਿਆ ਹੀ ਨਾ। ਉਹ ਬਰਤਾਨਵੀ ਸਾਮਰਾਜ ਅਤੇ ਹਿੰਦੁਸਤਾਨੀ ਕੌਮ ਵਿਚ ਮੁਖ ਵਿਰੋਧਤਾਈ ਭਾਲਣ ਦੀ ਬਜਾਏ ਗਾਂਧੀਵਾਦ ਅਤੇ ਕੌਮ ਨੂੰ ਹੀ ਮੁਖ ਵਿਰੋਧਤਾਈ ਦਾ ਮੁਜੱਸਮਾ ਦਸਦੇ ਰਹੇ ਅਤੇ ਉਨ੍ਹਾਂ ਗਾਂਧੀਵਾਦ ਦਾ ਡਟ ਕੇ ਵਿਰੋਧ ਕੀਤਾ। ਸਿੱਟਾ ਇਹ ਨਿਕਲਿਆ ਕਿ ਗਾਂਧੀ ਨੇ ਜੋ ਪਿੜ ਤਿਆਰ ਕੀਤਾ ਸੀ ਉਹ ਉਸ ਦਾ ਫਾਇਦਾ ਨਾ ਉਠਾ ਸਕੇ। ਅਗਰ ਉਹ ਇਹ ਗਲਤੀ ਨਾ ਕਰਦੇ ਤਾਂ ਪ੍ਰੋਲਤਾਰੀ ਲਹਿਰ ਜ਼ਰੂਰ ਸਫਲ ਹੋ ਜਾਂਦੀ।

ਪਰ ਵੇਖਣ ਵਾਲੀ ਗੱਲ ਇਹ ਹੈ ਕਿ ਕੀ ਅਸੀਂ ਅੱਜ ਦੇ ਮਾਰਕਸਵਾਦੀ ਇਸ ਭੁਲ ਤੋਂ ਸਬਕ ਲੈ ਕੇ ਅੱਜ ਠੀਕ ਰਾਹ 'ਤੇ ਚਲ ਪਏ ਹਾਂ? ਬਿਲਕੁਲ ਨਹੀਂ। ਅੱਜ ਵੀ ਕੋਈ ਸੂਰਮਾ ਨਹੀਂ ਜੋ ਸਾਡੀ ਅਜੋਕੀ ਰਾਜਨੀਤਕ ਅਤੇ ਸਮਾਜਕ ਵਿਵਸਥਾ ਨੂੰ ਵਿਸ਼ਾ ਬਣਾ ਕੇ ਵਿਰੋਧਤਾਵਾਂ ਨੂੰ ਸਮਝੇ ਅਤੇ ਜਨਤਾ ਦੇ ਵਿਚ ਖਲੋ ਕੇ ਲਹਿਰ ਖੜੀ ਕਰਨ 'ਚ ਰੁੱਝੇ।

ਵਿਰੋਧਤਾਵਾਂ ਦੀ ਸਹੀ ਸਮਝ ਵਾਸਤੇ ਪਹਿਲਾਂ ਸਮਾਜ ਦੀਆਂ ਜਮਾਤਾਂ ਦਾ ਜਾਇਜ਼ਾ ਲੈਣਾ ਪਵੇਗਾ। ਕਿਹੜੀ ਕਿਹੜੀ ਜਮਾਤ ਹੈ ਅਤੇ ਹਰ ਇਕ ਜਮਾਤ ਦੀ ਅੱਜ ਡਾਇਲੈਕਟੀਕਲ ਪੁਜ਼ੀਸ਼ਨ ਕੀ ਹੈ? ਕਿਹੜੀਆਂ ਕਿਹੜੀਆਂ ਭਾਰੂ ਜਮਾਤਾਂ ਹਨ ਅਤੇ ਉਨ੍ਹਾਂ ਦਾ ਆਪਸੀ ਰਿਸ਼ਤਾ ਕੀ ਹੈ? ਅੱਜ ਮੁਖ ਵਿਰੋਧਤਾਈ ਨੂੰ ਅਜੋਕੀ ਸਥਿਤੀ 'ਚੋਂ ਭਾਲਣ ਲੱਗਿਆਂ ਸਾਨੂੰ ਹਿੰਦੁਸਤਾਨੀ ਬੁਰਜੂਆ ਤੇ ਫਿਊਡਲ ਜਮਾਤਾਂ ਦੀ ਅੱਜ ਦੀ ਪੁਜ਼ੀਸ਼ਨ ਕੀ ਹੈ ਅਤੇ ਸਰਮਾਏਦਾਰੀ ਲੁੱਟ ਅਤੇ ਜਗੀਰਦਾਰੀ ਲੁੱਟ ਦਾ ਆਪਸੀ ਸਬੰਧ ਕੀ ਹੈ, ਬਾਰੇ ਸਹੀ ਗਿਆਨ ਪ੍ਰਾਪਤ ਕਰਨਾ ਪਵੇਗਾ। **ਸਧ** (ਇਹ ਸਾਡਾ ਇਲਜ਼ਾਮ ਹੈ) ਵਰਤਮਾਨ ਨੂੰ ਨਜ਼ਰ-ਅੰਦਾਜ਼ ਕਰ ਰਿਹਾ ਹੈ। ਇਹ ਇਕ ਅਧੂਰੀ ਪਹੁੰਚ ਹੈ।

ਦੂਜਾ ਇਲਜ਼ਾਮ ਸਾਡਾ ਇਹ ਹੈ ਕਿ **ਸੇਧ** ਦਾ ਬੌਧਿਕ ਮਿਆਰ ਬਹੁਤ ਉਚਾ ਹੈ। ਵਿਦਵਾਨਾਂ ਦੀ ਵਿਦਵਤਾ 'ਤੇ ਕੋਈ ਉਂਗਲ ਨਹੀਂ ਰੱਖ ਸਕਦਾ। ਪਰ **ਸੇਧ** ਨੂੰ ਨਾ ਕੋਈ ਖੇਤ-ਕਾਮਾ ਪੜ੍ਹਦਾ ਹੈ ਅਤੇ ਨਾ ਹੀ ਕੋਈ ਮਿੱਲ-ਮਜ਼ਦੂਰ। ਜੇ ਹਾਲਤ ਇਹ ਹੈ ਤਾਂ ਫੇਰ ਪੰਜਾਬੀਆਂ ਨੂੰ ਕਿਵੇਂ ਪਤਾ ਲੱਗੂ ਕਿ ਗੁਰਬਾਣੀ ਦੀ ਮੂਲ ਵਸਤੂ ਤਾਂ ਉਹ ਹੈ ਜੋ ਪ੍ਰੋ: ਕਿਸ਼ਨ ਸਿੰਘ ਨੇ ਆਪਣੀਆਂ ਵਡਮੁਲੀਆਂ



ਕਿਤਾਬਾਂ **ਗੁਰਬਾਣੀ ਦਾ ਸੱਚ** ਅਤੇ **ਸਿੱਖ ਲਹਿਰ** ਵਿਚ ਪੇਸ਼ ਕੀਤੀ ਹੈ। ਇਹ ਗੱਲ ਲੋਕਾਂ ਨੂੰ ਮੁਖਾਤਿਬ ਹੋਇਆਂ ਹੀ ਹੋ ਸਕਦੀ ਹੈ। ਨਹੀਂ ਤਾਂ ਗੁਰਬਾਣੀ ਨੂੰ ਸਿੱਖ ਬੁਰਜੁਆਜ਼ੀ ਹੀ ਆਪਣੀ ਕਿੱਲੀ ਜੋਤੀ ਰੱਖੇਗੀ। ਜਿੰਨੀ ਦੇਰ ਤੁਸੀਂ ਲੋਕਾਂ 'ਚ ਆਪਣੀਆਂ ਲਿਖਤਾਂ ਜਾਂ ਵਿਚਾਰਧਾਰਾ ਲੈ ਕੇ ਨਹੀਂ ਖੜ੍ਹਦੇ ਉਨੀ ਦੇਰ ਇਹ ਸਭ ਬੇਅਰਥ ਹਨ। ਲਿਖ ਦੇਣ ਨਾਲ ਤਾਂ ਓਦੋਂ ਹੀ ਤਸੱਲੀ ਕਰਕੇ ਬੈਠਿਆ ਜਾ ਸਕਦਾ ਏ ਜਦੋਂ ਤੁਸੀਂ ਬਹੁਤ ਹੀ ਮਾਣ ਨਾਲ ਕਹਿ ਸਕਦੇ ਹੋਵੋ ਕਿ ਤੁਸੀਂ ਪਿੰਡ ਅਤੇ ਸ਼ਹਿਰ ਦੇ ਸੀਨ 'ਤੇ ਆਪਣੀ ਵਿਚਾਰਧਾਰਾ ਨੂੰ ਫੈਲਾਉਣ ਲਈ ਬਹੁਤ ਹੀ ਵਫਾਦਾਰ ਕਾਡਰ ਤਿਆਰ ਕਰ ਲਿਆ ਹੈ।

**—ਸੁਰਿੰਦਰ ਸਿੰਘ ਕਗ, ਬੂਰਮਾਜਰਾ**

* "**ਅੰਗ੍ਰੇਜ਼ੀ-ਪੰਜਾਬੀ ਕੋਸ਼**" : 20 ਅਗਸਤ 1979 ਨੂੰ ਅੰਗਰੇਜ਼ੀ-ਪੰਜਾਬੀ ਕੋਸ਼ ਦੇ ਵਿਮੋਚਨ ਨਾਲ ਸਵਾਰਥ-ਭਰਪੂਰ ਅਤੇ ਤੱਥਹੀਣ ਵਿਵਾਦ ਆਰੰਭ ਹੋਇਆ ਹੈ ਜੋ ਕਿ ਅਕਾਦਮਿਕ ਮੰਤਵਾਂ ਦਾ ਢੰਡੋਰਾ ਪਿਟਣ ਵਾਲੇ ਕੁਝ ਉਨ੍ਹਾਂ ਲੋਕਾਂ ਵਲੋਂ ਕੀਤਾ ਗਿਆ ਹੈ ਜੋ ਆਪ ਮੂਲ ਤੌਰ 'ਤੇ ਅਕਾਦਮਕ ਹੀਣਤਾ ਕਾਰਨ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਭਿਆਚਾਰ ਲਈ ਚੁਣੌਤੀ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆ ਰਹੇ ਹਨ। ਨਵੰਬਰ 1979 ਦੇ **ਸੇਧ** ਵਿਚ ਛਪੀ ਰੀਪੋਰਟ ਵਿਚਲੇ ਗਲਤ ਨੁਕਤੇ ਅਤੇ ਇਸ ਪਿਛੇ ਕੰਮ ਕਰ ਰਹੀ ਭਾਵਨਾ ਸੰਬੰਧੀ ਪਾਠਕਾਂ ਨੂੰ ਸਹੀ ਸਥਿਤੀ ਤੋਂ ਜਾਣੂ ਕਰਵਾਣਾ ਆਵਸ਼ਕ ਹੈ।

1. ਅੰਗਰੇਜ਼ੀ-ਪੰਜਾਬੀ ਕੋਸ਼ ਮੂਲ ਤੌਰ 'ਤੇ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ ਦਾ ਹੈ। ਇਸ ਦੀ ਪ੍ਰਕਾਸ਼ਨਾ ਦਾ ਸੰਬੰਧ ਪੰਜਾਬ ਯੂਨੀਵਰਸਿਟੀ ਨਾਲ ਬਿਲਕੁਲ ਨਹੀਂ। ਇਸ ਦਾ ਪ੍ਰਮਾਣ ਇਸ 'ਤੇ ਛਪਿਆ ਨਾਂ, ਵਾਈਸ ਚਾਂਸਲਰ ਦਾ ਭਾਸ਼ਨ ਤੇ ਵਿਮੋਚਨ ਸਮੇਂ ਸੰਪਾਦਕਾਂ ਦੇ ਭਾਸ਼ਨ ਹੈ।

2. ਇਹ ਕੋਸ਼ ਪ੍ਰਿੰਸੀਪਲ ਤੇਜਾ ਸਿੰਘ ਵਲੋਂ ਆਰੰਭੇ ਗਏ ਅਧੂਰੇ ਕੋਸ਼ ਦਾ ਸੰਪੂਰਨ ਰੂਪ ਨਹੀਂ। ਸਗੋਂ ਆਪਣੇ ਆਪ ਵਿਚ ਭਾਰਤ ਸਰਕਾਰ ਦੀ ਯੋਜਨਾ ਅਧੀਨ ਆਰੰਭਿਆ ਗਿਆ ਸੁਤੰਤਰ ਕਾਰਜ ਹੈ ਜਿਸ ਦੀ ਤਿਆਰੀ ਲਈ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੂੰ ਕੰਮ ਸੌਂਪਿਆ ਗਿਆ ਸੀ।

3. ਆਰੰਭਿਕ ਪੰਨਿਆਂ ਨੂੰ ਮੁਖ ਸੰਪਾਦਕ ਦੀ ਮਰਜ਼ੀ ਤੋਂ ਬਿਨਾਂ ਨਹੀਂ ਪ੍ਰਕਾਸ਼ਤ ਕੀਤਾ ਗਿਆ ਕਿਉਂਕਿ ਕੋਸ਼ ਵਿਭਾਗ ਵਲੋਂ ਪ੍ਰਵਾਨਤ ਸੀਨੀਅਰ ਮੁਖ ਸੰਪਾਦਕ ਡਾ: ਅਤਰ ਸਿੰਘ ਹੈ।

4. ਬਲਬੀਰ ਸਿੰਘ ਸੰਧੂ ਦੀ ਕੋਸ਼ ਸੰਬੰਧੀ 'ਲਗਨ' 'ਮਿਹਨਤ' ਆਦਿ ਦਾ ਅਨੁਮਾਨ ਇਸ ਤੋਂ ਲਾਇਆ ਜਾ ਸਕਦਾ ਹੈ ਕਿ ਜਿਸ ਵੇਲੇ ਕੋਸ਼ ਪ੍ਰਕਾਸ਼ਨਾ ਦੇ ਅੰਤਿਮ ਪੜਾ 'ਤੇ ਸੀ, ਉਸ ਵੇਲੇ ਉਹ ਜ਼ਾਹਰਾ ਤੌਰ 'ਤੇ ਬਦੇਸ਼ਾਂ ਵਿਚ ਸੈਮੀਨਾਰ ਲਈ ਪਰ ਗੁਪਤ ਤੌਰ 'ਤੇ ਆਪਣੇ ਸੁਭਾ ਮੁਤਾਬਕ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਨ ਤੇ ਆ ਕੇ ਲੋਕਾਂ ਨੂੰ ਚਟਕਾਰੇ ਲਾ ਕੇ ਸੁਣਾਨ ਲਈ, ਸੈਰ ਕਰ ਰਹੇ ਸਨ।

5. ਇਹ ਪ੍ਰੋਜੈਕਟ ਮੂਲ ਤੌਰ 'ਤੇ ਦੋ ਸਾਲਾਂ ਦੀ ਸੀ। ਪਰ ਵਿਭਾਗ ਦੇ 'ਅਣਥਕ' ਸਟਾਫ ਨੇ ਸੱਤ ਸਾਲਾਂ ਵਿਚ ਕੇਵਲ ਅੱਧਾ ਕੋਸ਼ ਤਿਆਰ ਕੀਤਾ ਹੈ ਤੇ ਦੂਜਾ ਹਿੱਸਾ 'ਅਣਥਕ' ਸਟਾਫ਼ ਦਾ ਮੂੰਹ ਚਿੜ੍ਹਾ ਰਿਹਾ ਹੈ।

6. ਇਹ ਕਥਨ ਬਿਲਕੁਲ ਗਲਤ ਹੈ ਕਿ ਜਨਵਰੀ 1970 ਤੋਂ ਦਸੰਬਰ 1977 ਤਕ ਕੋਸ਼ ਕੇਵਲ **H** ਅਖਰ ਤਕ ਹੀ ਤਿਆਰ ਹੋਇਆ ਸੀ ਸਗੋਂ ਅਸਲੀਅਤ ਇਹ ਹੈ ਕਿ ਇਸ ਸਮੇਂ ਤਕ ਕੋਸ਼ ਲਗਭਗ ਪੂਰਨ ਤੌਰ 'ਤੇ ਤਿਆਰ ਹੋ ਚੁਕਾ ਸੀ ਜਿਸ ਦਾ ਪਤਾ ਦਫ਼ਤਰੀ ਰੀਕਾਰਡ ਤੋਂ ਵੀ ਲਗ ਸਕਦਾ

ਹੈ। ਬਾਅਦ ਵਿਚ ਪ੍ਰੈਸ ਕਾਪੀ ਹੀ ਤਿਆਰ ਕੀਤੀ ਗਈ ਤੇ ਜਾਂ ਗੈਰ ਅਸੂਲੀ ਢੰਗ ਨਾਲ ਹਿੰਦੀ ਸਾਮਰਥਨਵਾਦੀ ਸਟਾਫ ਦੇ ਇਕ ਵਰਕਰ ਦੀ ਪਿਛਾਂਹ-ਖਿਚੂ ਜ਼ਹਿਨੀਅਤ ਨੂੰ ਪੱਠੇ ਪਾਉਣ ਲਈ ਬੇਲੋੜੀ ਸੰਸਕ੍ਰਿਤਾਈ ਭਾਸ਼ਾ ਦੇ ਸ਼ਬਦਾਂ ਨੂੰ ਸ਼ਾਮਲ ਕੀਤਾ ਗਿਆ ਜੋ ਕਿ ਇਕ ਸੋਚੀ ਸਮਝੀ ਸਾਜ਼ਸ਼ ਦਾ ਹਿੱਸਾ ਸੀ ਕਿ ਪੰਜਾਬੀ ਭਾਸ਼ਾ ਦਾ ਮੁਹਾਂਦਰਾ ਕਿਵੇਂ ਵਿਗਾੜਿਆ ਜਾਵੇ।

7. ਕੋਸ਼ ਦੇ ਪਹਿਲੇ ਹਿੱਸੇ ਦੀਆਂ ਪਰੂਫ਼ ਦੀਆਂ ਗਲਤੀਆਂ ਅਣਗਹਿਲੀ ਦੀਆਂ ਸੂਚਕ ਤਾਂ ਹਨ ਪਰ ਕੋਸ਼ ਦੇ ਅਸਲੀ ਹਿੱਸੇ ਵਿਚ ਗਰੈਮਰ ਨੂੰ ਸਮਝੇ ਬਗੈਰ, ਭਾਸ਼ਾ ਵਿਗਿਆਨ ਦੇ ਨੁਕਤੇ ਤੋਂ ਗਲਤ ਅਰਥ,ਸ਼ਬਦ-ਜੋੜਾਂ ਦੀ ਭਿੰਨਤਾ, ਸੰਸਕ੍ਰਿਤਾਈ ਮੁਹਾਂਦਰਾ ਤੇ ਗਲਤ ਸ਼ਬਦ-ਜੋੜਾਂ ਸੰਬੰਧੀ ਜੇ ਚਰਚਾ ਛੇੜੀ ਜਾਵੇ ਤਾਂ ਚੰਗਾ ਹੋਵੇਗਾ ਕਿਉਂਕਿ ਉਸ ਨੂੰ ਗਲਤ ਕਰਨ ਵਿਚ ਮੁਖ ਸੰਪਾਦਕ ਨੰਬਰ ਦੋ ਡਾ: ਬਲਬੀਰ ਸਿੰਘ ਸੰਧੂ ਤੇ ਉਸ ਦੇ ਸਹਾਇਕ ਤੇ ਰੀਪੋਰਟ ਲਿਖਣ ਵਾਲੇ (ਕਰਤਾਰ ਸਿੰਘ) ਦੇ ਪੁਤਰ ਦਾ ਹੱਥ ਹੈ।

8. ਸਭ ਤੋਂ ਵਡੀ ਬਦਕਿਸਮਤੀ ਇਹ ਹੈ ਕਿ ਹੁਣ ਦੋ ਸਾਲਾਂ ਬਾਅਦ ਹੀ ਮੁਖ ਸੰਪਾਦਕ ਨੰਬਰ ਦੋ, ਦੂਜੀ ਸੈਂਚੀ ਪ੍ਰਕਾਸ਼ਤ ਕਰਵਾਉਣ ਤੋਂ ਬਿਨ੍ਹਾਂ ਹੀ ਕੋਸ਼ ਵਿਭਾਗ ਛਡ ਕੇ ਜਾ ਰਿਹਾ ਹੈ। ਇਸ ਸੰਬੰਧੀ ਪੰਜਾਬ ਸਰਕਾਰ ਤੇ ਪੰਜਾਬ ਯੂਨੀਵਰਸਿਟੀ ਨੂੰ ਯਤਨ ਕਰਨਾ ਚਾਹੀਦਾ ਹੈ ਕਿ ਡਾ: ਬਲਬੀਰ ਸਿੰਘ ਸੰਧੂ 'ਤੇ ਇਹ ਸ਼ਰਤ ਲਾਈ ਜਾਵੇ ਕਿ ਉਹ ਕੋਸ਼ ਸੰਪੂਰਨ ਕਰਨ ਤੋਂ ਬਿਨ੍ਹਾਂ ਵਿਭਾਗ ਨਹੀਂ ਛਡ ਸਕਦੇ, ਤਾਂ ਹੀ ਅਸੀਂ ਡਾ: ਅਤਰ ਸਿੰਘ ਦੇ ਵਿਭਾਗ ਨੂੰ ਛਡਣ ਦੇ ਕਾਰਜ ਨੂੰ ਨਿੰਦ ਸਕਦੇ ਹਾਂ।

ਅੰਤ ਵਿਚ ਮੈਂ ਇਸ ਵਿਵਾਦ ਨੂੰ ਵਿਭਾਗੀ ਲੜਾਈਆਂ ਤੇ ਸਵਾਰਥ-ਭਰਪੂਰ ਗਲਤ ਬਿਆਨੀ ਤਕ ਸੀਮਤ ਰਖਣ ਦੀ ਥਾਂ 'ਤੇ ਅਕਾਦਮਿਕ ਵਿਵਾਦ ਵਿਚ ਬਦਲਣ ਲਈ ਚੇਸ਼ਟਾ ਕਰਦਾ ਹਾਂ ਤੇ ਆਸ਼ਾ ਕਰਦਾ ਹਾਂ ਕਿ ਇਸ ਅੰਗਰੇਜ਼ੀ-ਪੰਜਾਬੀ ਕੋਸ਼ ਦੇ ਰੀਵੀਊ ਉਪਰੰਤ ਹੀ ਇਹ ਨਿਰਧਾਰਤ ਕੀਤਾ ਜਾਵੇ ਕਿ ਕੋਈ ਕਿਤਨੀ ਅਕਲ ਤੇ ਲਿਆਕਤ ਦਾ ਮਾਲਕ ਹੈ :

—ਲਖਬੀਰ ਸਿੰਘ, ਚੰਡੀਗੜ੍ਹ

---

Bhagwan Josh

COMMUNIST MOVEMENT IN PUNJAB
(1926-47)

The only book of its kind on the subject...factual, analytical...at places showing brilliant insight into what-has-been and what-could-have-been the communist movement in the Punjab and for that matter, in India. Hardbound, pages 220, Price : Rs. 60

Order for your copy to Anupma Publications, 80 Banarsi Dass Bldg, Gandhi Nagar, Delhi-31. or or to SEDH, A-42, Defence Colony, New Delhi-24